ISSN:2231-6930

92

# ਪ੍ਰਵਚਨ



ਜੁਲਾਈ-ਸਤੰਬਰ 2023

ਮੁੱਲ 75 ਰੁਪਏ

# ਰਜਨੀਸ਼ ਬਹਾਦਰ ਸਿੰਘ ਦਾ ਆਲੋਚਨਾ ਸੰਸਾਰ




ਰਜਨੀਸ਼ ਬਹਾਦਰ ਸਿੰਘ ਕੁਝ ਵਰ੍ਹਿਆ 'ਚ ਈ ਆਪਣੀ ਵਿਦਵਤਾ ਤੇ ਪ੍ਰਤਿਭਾ ਸਦਕੇ ਪੁਸਤਕ ਸਮੀਖਿਅਕ ਤੇ ਆਲੋਚਕ ਵਜੋਂ ਤੇਜ਼ੀ ਨਾਲ ਉੱਭਰ ਕੇ ਸਥਾਪਤ ਹੋਇਆ ਏ। ਉਹ ਪ੍ਰਤਿਬਧ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ 'ਤੇ ਚਲਦਾ ਹੋਇਆ ਕਿਸੇ ਵੀ ਵਾਦ ਦੇ ਸਮੇਂ ਨਾਲ ਬਦਲਦੇ ਚਿੰਤਨ ਨੂੰ ਵਾਚਦਾ ਹੈ।

ਏਸ ਤੋਂ ਪਹਿਲਾਂ ਦੇ ਮਾਰਕਸਵਾਦੀ ਆਲੋਚਕ ਪਹਿਲਾਂ ਵਿਸ਼ੇ ਬਾਰੇ ਸੋਚਦੇ ਸੀ ਤੇ ਫਿਰ ਨਿਭਾਵ ਬਾਰੇ। ਓਸ ਰਚਨਾ ਦੇ ਚੰਗਾ ਮਾੜਾ ਸਾਹਿਤ ਹੋਣ ਜਾਂ ਨਾ ਹੋਣ ਦਾ ਦਾਰੋਮਦਾਰ ਲੇਖਕ ਦੀ ਨੀਅਤ ਨੂੰ ਮੰਨਿਆ ਜਾਂਦਾ ਸੀ। ... ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਉਣ ਤੇ ਨਿਭਾਉਣ ਦੀ ਸਮਰਥਾ ਹੈ। ਆਪਣੀ ਕਮਾਲ ਦੀ ਯਾਦ ਸ਼ਕਤੀ, ਤੀਬਰ ਬੁੱਧੀ-ਵਿਵੇਕ ਕਰ ਕੇ ਉਹਦੇ ਚਿੰਤਨ 'ਚ ਗਹਿਰਾਈ ਪੈਦਾ ਹੁੰਦੀ ਗਈ ਏ।  -ਪ੍ਰੇਮ ਪ੍ਰਕਾਸ਼

# ਜਸ ਮੰਡ ਦਾ ਰਚਨਾ ਸੰਸਾਰ







ਮਾਸਕੋ ਤੋਂ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐਚ. ਡੀ. ਪ੍ਰਾਪਤ ਜਸ ਮੰਡ ਦੀ ਪੁਸਤਕ *'ਮਸ਼ਕੂਲੇ'* ਅਸਲ ਵਿਚ ਸੋਵੀਅਤ ਯੂਨੀਅਨ ਤੇ ਪੰਜਾਬੀ ਸਮਾਜ ਦਾ ਮਜ਼ਾਕਾਂ ਰਾਹੀਂ ਕੀਤਾ ਡੂੰਘਾ ਵਿਸ਼ਲੇਸ਼ਣ ਹੈ। ਉਸਦੀ ਅੰਗਰੇਜ਼ੀ ਵਿੱਚ ਲਿਖੀ ਤੇ ਹਿੰਦੀ ਤਰਜਮੇ ਵਿੱਚ ਵੀ ਛਪੀ ਪੁਸਤਕ *'The Secret Of Happiness'* ਖੁਸ਼ੀ ਦੇ ਸੰਕਲਪ ਬਾਰੇ ਗੰਭੀਰ ਖੋਜ ਵੀ ਹੈ, ਤੇ ਸ਼ਖ਼ਸੀਅਤ ਉਸਾਰੀ ਦੀ ਰਾਹ-ਦਸੇਰਾ ਵੀ। ਉਸਦੇ ਸਫ਼ਰਨਾਮੇ *'ਕਾਲੇ ਸਾਗਰ ਚਿੱਟੇ ਪਰਬਤ'* ਤੇ *'ਰੇਤੀਲੇ ਤੇ ਬਰਫ਼ੀਲੇ ਮਾਰੂਥਲ'* ਪੰਜਾਬੀ ਯਾਤਰੂਆਂ ਤੇ ਟ੍ਰੈਕਰਾਂ ਨੂੰ ਘਰ ਬੈਠੇ ਸੈਰ ਕਰਵਾਣ ਦੇ ਨਾਲ-ਨਾਲ ਉਨ੍ਹਾਂ ਨੂੰ ਸੈਰ ਕਰਨ ਲਈ ਉਕਸਾਂਦੇ ਵੀ ਹਨ, ਤੇ ਸੈਰ-ਸਪਾਟੇ ਦੀ ਗਾਈਡ ਦਾ ਕੰਮ ਵੀ ਕਰਦੇ ਹਨ। ਪੰਜ ਦਰਜਨਾਂ ਤੋਂ ਵੱਧ ਦੇਸ਼ਾਂ ਦੀ ਸੈਰ ਕਰ ਚੁੱਕੇ ਇਸ ਘੁਮੱਕੜ ਚਿੰਤਕ ਦੀਆਂ ਕਿਰਤਾਂ ਹਰ ਪੰਜਾਬੀ ਨੂੰ ਕੇਵਲ ਪੜ੍ਹਨੀਆਂ ਹੀ ਨਹੀਂ, ਸਗੋਂ ਚਿੱਥਣੀਆਂ ਚਾਹੀਦੀਆਂ ਹਨ।

- ਡਾ. ਰਜਨੀਸ਼ ਬਹਾਦਰ ਸਿੰਘ

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ.
ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 23 ਪੁਸਤਕ ਲੜੀ : 92 ਜੁਲਾਈ-ਸਤੰਬਰ 2023

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**
**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
**ਸੰਪਾਦਕ: ਡਾ. ਰਮਿੰਦਰ ਕੌਰ**
Mob: 94172-75147

**ਸਲਾਹਕਾਰ ਬੋਰਡ**
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ
ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ (ਕੁਰੂਕਸ਼ੇਤਰ ਯੂਨੀਵਰਸਿਟੀ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ


- **ਅਜੋਕੀ ਸਾਹਿਤਕਾਰੀ/ਡਾ. ਰਮਿੰਦਰ ਕੌਰ**/2
- **ਗ਼ਜ਼ਲਾਂ ਤੇ ਕਵਿਤਾਵਾਂ:** ਮਹਿੰਦਰ ਦੀਵਾਨਾ, ਮਦਨ ਵੀਰਾ, ਡਾ. ਲਕਸ਼ਮੀ ਨਰਾਇਣ ਭੀਖੀ, ਗੁਰਜੰਟ ਰਾਜਿਆਣਾ/5
- **ਹਿੰਦੀ ਕਹਾਣੀ: ਸਿੱਕਾ ਬਦਲ ਗਿਆ**/ਕ੍ਰਿਸ਼ਨਾ ਸੋਬਤੀ/ ਪੰਜਾਬੀ ਅਨੁਵਾਦ: ਸੁਕੀਰਤ/23

**ਕਹਾਣੀਆਂ:**
- **ਗਲੇਸ਼ੀਅਰ ਪਿਘਲ ਗਿਆ** -ਕਰਮਜੀਤ ਸਿੰਘ ਨਡਾਲਾ/30
- **ਜੁਆਬ ਤਾਂ ਦੇਣਾ ਈ ਪੈਣਾ?** -ਤਰਸੇਮ ਸਿੰਘ 'ਭੰਗੂ'/45
- **ਚੰਡੀਗੜ੍ਹ ਇਕ ਉਦਾਸ ਸ਼ਹਿਰ ਹੈ**/ਡਾ. ਜਨਮੀਤ /50
- **ਭਾਰਤ ਵਿੱਚ ਕ੍ਰਾਂਤੀਕਾਰੀ ਅੰਦੋਲਨਾਂ ਦੀ ਪਰੰਪਰਾ ਅਤੇ ਖੱਬੇ ਪੱਖੀ ਲਹਿਰ**/ਜਗਜੀਤ ਸਿੰਘ/50
- **ਪੰਜਾਬੀ ਰੰਗਮੰਚ: ਪ੍ਰਚਲਿਤ ਰੁਝਾਨ ਤੇ ਪ੍ਰਵਿਰਤੀਆਂ**/ਵੀਨਾ ਅਰੋੜਾ/68
- **ਗਲਪ ਦਾ ਨਾਟਕੀ ਰੂਪਾਂਤਰਣ : ਨੁਕਤੇ ਅਤੇ ਚੁਣੌਤੀਆਂ**/ਕਪਿਲ ਦੇਵ ਸ਼ਰਮਾ/78
- **ਡਾ.ਧਨਵੰਤ ਕੌਰ ਦੀ ਪੁਸਤਕ "ਨਾਰੀਵਾਦ : ਸਿਧਾਂਤ ਚਿੰਤਨ: ਬੁਨਿਆਦੀ ਮਸਲੇ** -ਡਾ.ਪਵਨ ਕੁਮਾਰ /84
- **ਕਹਾਣੀ ਪੜ੍ਹਤ** (*ਪ੍ਰਵਚਨ* ਪੁਸਤਕ ਲੜੀ 91 ਵਿਚ ਪ੍ਰਕਾਸ਼ਿਤ ਪੰਜਾਬੀ ਕਹਾਣੀਆਂ ਦੇ ਆਧਾਰ 'ਤੇ)/*ਡਾ. ਮੇਘਾ ਸਲਵਾਨ*/91
- ਸਮਕਾਲੀ ਸਾਹਿਤ ਨੂੰ ਵਾਚਦਿਆਂ -ਕੁਲਵੰਤ ਸਿੰਘ ਸੰਧੂ/97


**ਟਾਈਟਲ: ਜਸ ਮੰਡ**


- ☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ KULWANT SINGH ਦੇ ਨਾਂ ਭੇਜੇ ਜਾਣ।
- ☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਅਜੋਕੀ ਸਾਹਿਤਕਾਰੀ

ਸਾਡੀ ਸਾਹਿਤਕਾਰੀ ਦਾ ਵਿਰਸਾ ਅਮੀਰ ਹੈ। ਇਸ ਦਾ ਰੁਖ਼ ਸਦਾ ਮਾਨਵੀ ਸਮੱਸਿਆਵਾਂ, ਲੋੜਾਂ/ਅਕਾਂਖਿਆਵਾਂ ਮੁਖੀ ਰਿਹਾ ਹੈ। ਇਹ ਸਾਡੇ ਲਈ ਅਮੀਰ ਤੇ ਸਿਰਜਣਾਤਮਿਕ ਕਿਸਮ ਦੀ ਕਲਾਤਮਕ ਵਿਰਾਸਤ ਵਜੋਂ ਹੈ। ਪੰਜਾਬੀ ਸਾਹਿਤ ਹਮੇਸ਼ਾ ਹੀ ਆਪਣੇ ਸਮਕਾਲ ਸੰਬੰਧੀ ਆਪਣੇ ਸਮੇਂ ਦੀ ਪ੍ਰਸੰਗਿਕ ਤੇ ਰਚਨਾਤਮਕ ਸੰਵੇਦਨਾ ਨਾਲ ਜੁੜਿਆ ਰਿਹਾ ਹੈ। ਇਸ ਕਰਕੇ ਇਹ ਅੱਜ ਵੀ ਸਾਡੇ ਲਈ ਮਿਸਾਲੀ ਵੀ ਹੈ ਤੇ ਪ੍ਰੇਰਣਾ-ਸ੍ਰੋਤ ਵੀ। ਪਰ ਅੱਜ ਜਿਉਂ ਹੀ ਅਸੀਂ ਆਪਣੇ ਮੌਜੂਦਾ ਸਾਹਿਤਕ ਰੁਝਾਨ ਵੱਲ ਝਾਤ ਮਾਰਦੇ ਹਾਂ ਤਾਂ ਬਹੁਤ ਕੁਝ ਸਵਾਲਾਂ ਦੇ ਰੂਪ ਵਿੱਚ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹਾ ਹੈ। ਇੱਕੀਵੀਂ ਸਦੀ ਜਾਂ ਅਜੋਕੇ ਸਮਿਆਂ ਵਿਚ ਸਾਡੇ ਲਈ ਕਲਾਕਾਰੀ ਦੇ ਪੱਖ ਤੋਂ ਕਿਹੜੀਆਂ ਰਚਨਾਵਾਂ ਯਾਦਗਾਰੀ ਹਨ, ਕਿਹੜੇ ਪਾਤਰ, ਘਟਨਾਵਾਂ ਤੇ ਰਚਨਾ-ਦ੍ਰਿਸ਼ਟੀ ਸਾਡੇ ਮਨੋ-ਮਸਤਕ ਨੂੰ ਵਧੇਰੇ ਟੁੰਬ ਰਹੀ ਹੈ? ਇਸ ਜ਼ਿਕਰ ਦਾ ਫ਼ਿਕਰ ਰੂਪੀ ਸੁਆਲ ਸਾਡੇ ਆਲੋਚਕਾਂ, ਪਾਠਕਾਂ ਤੇ ਸਾਹਿਤਕਾਰਾਂ ਲਈ ਵਿਚਾਰਨ ਯੋਗ ਹਨ।

ਸਾਡੇ ਆਧੁਨਿਕ ਸਾਹਿਤ ਵਿਚ ਪਹਿਲਾ ਵੀ ਵਾਦ ਪ੍ਰਚੱਲਿਤ ਰਹੇ ਹਨ, ਜਿਵੇਂ ਰੁਮਾਂਸਵਾਦ, ਪ੍ਰਗਤੀਵਾਦ, ਯਥਾਰਥਵਾਦ, ਸੁਹਜਵਾਦ ਤੇ ਪ੍ਰਯੋਗਵਾਦ ਵਗੈਰਾ। ਅੱਜ ਵੇਖਣਾ ਬਣਦਾ ਹੈ ਕਿ ਅਜੇਹੇ ਵਾਦਾਂ ਦੇ ਦਾਇਰੇ ਵਿਚ ਲਿਖੀਆਂ ਰਚਨਾਵਾਂ ਕਿੰਨੀਆਂ ਕੁ ਤੇ ਕਿਵੇਂ ਜ਼ਿੰਦਾ ਜਾਂ ਜੀਵਤ ਹਨ? ਅਰਥਾਤ ਇਨ੍ਹਾਂ ਦੀ ਕਲਾਕਾਰੀ ਨੂੰ ਕਿਵੇਂ ਪਾਠਕ ਯਾਦ ਕਰਦੇ ਹਨ? ਅੱਜ ਵੀ ਜ਼ਰਾ ਵੱਖਰੇ ਤੌਰ 'ਤੇ ਅਜੇਹੇ ਵਾਦਾਂ ਦਾ ਬਦਲਵਾਂ ਰੁਝਾਨ ਪ੍ਰਚੱਲਿਤ ਹੈ। ਅੱਜ ਦੇ ਸਾਹਿਤ ਵਿਚ ਘਟਨਾਵਾਦ ਪ੍ਰਭਾਵੀ ਹੋ ਗਿਆ ਹੈ। ਇਸ ਦੇ ਸਿੱਟੇ ਵਜੋਂ ਸਾਹਿਤ ਦਾ ਰਮਜ਼ ਰੂਪੀ ਰਹੱਸ ਵੀ ਕਮਜ਼ੋਰ ਪੈ ਰਿਹਾ ਹੈ ਤੇ ਕਲਾਤਮਕ ਰਸ ਵੀ। ਅਜੋਕੇ ਸਾਹਿਤ ਵਿਚ ਖੁਸ਼ਕ ਰੁਝਾਨ ਵੱਧ ਰਿਹਾ ਹੈ। ਸਾਹਿਤ ਵਿਚ ਘਟਨਾਵਾਂ/ਤੱਥਾਂ/ਵੇਰਵਿਆਂ ਦੀ ਮਨਾਹੀ ਨਹੀਂ ਹੈ। ਇਹ ਤਾਂ ਹੋਣਗੇ ਹੀ। ਪਰ ਵੱਡਾ ਮਸਲਾ ਘਟਨਾਵਾਂ ਵਿਚ ਪਏ ਹੋਏ ਪਾਤਰਾਂ ਦੀ ਮਨੁੱਖੀ ਖ਼ਸਲਤ ਨੂੰ ਪਕੜਨ ਤੇ ਯਾਦਗਾਰੀ ਰੂਪ ਵਿਚ ਚਿੱਤਰਣ ਦਾ ਹੈ। ਮਨੁੱਖੀ ਖ਼ਸਲਤ ਹਰ ਕਰਮ-ਪ੍ਰਤੀਕਰਮ ਵਿਚ ਵਕਤੀ ਹੁਲਾਰਾ ਤਾਂ ਮਾਰਦੀ ਹੀ ਹੈ, ਪਰ ਕਿਸੇ ਖਿੱਤੇ ਦੇ ਲੋਕਾਂ/ਪਾਤਰਾਂ ਦੀ ਅਸਲ ਬਣਤਰ ਲੰਮੇ ਅੰਤਰਾਲ ਵਿਚ ਬਣਦੀ, ਉੱਭਰਦੀ ਤੇ ਬਦਲਦੀ ਹੈ। ਕਈ ਵਾਰ ਘਟਨਾਵਾਂ ਦੀ ਗਰਦ ਬੈਠ ਜਾਣ ਨਾਲ ਘਟਨਾਵਾਂ ਪ੍ਰਤੀ ਕਈ ਕੁਝ ਹੋਰ ਸਾਹਮਣੇ ਆਉਣ ਲੱਗਦਾ ਹੈ। ਇਸ ਕਰਕੇ ਸਾਹਿਤਕਾਰਾਂ ਨੇ ਇਕ ਕਾਲ-ਵਿੱਥ ਤੇ ਵੇਰਵਿਆਂ ਦੀ ਸਿੱਧ-ਪੁੱਠ ਵਿਚ ਵੀ ਘਟਨਾਵਾਂ ਨੂੰ ਡੂੰਘੀ ਨਜ਼ਰ ਵਾਲੀ ਛਾਣਨੀ ਮਾਰਨੀ ਹੁੰਦੀ ਹੈ। ਜੀਣ-ਥੀਣ ਦੀ ਚਿਰਜੀਵੀ ਖ਼ਸਲਤ ਦੇ ਫਲਸਫ਼ੇ ਨੂੰ ਮੁਖ਼ਾਤਬ ਹੋਣ ਨਾਲ ਸਾਹਿਤਕ ਪਰਪੱਕਤਾ ਬਣਦੀ ਹੈ। ਅਜੇਹੀ ਕਲਾਤਮਕ ਪਰਪੱਕਤਾ ਬਿਨਾਂ ਉੱਤਮ ਕਲਾਕਾਰੀ ਦੀ ਆਸ ਕਰਨੀ ਮੁਸ਼ਕਲ ਹੀ ਨਹੀਂ, ਅਸੰਭਵ ਵੀ ਹੈ। ਅਜੇਹੀ ਘਾਟ ਵਜੋਂ ਹੀ ਬਹੁਤ ਸਾਰਾ ਸਾਹਿਤ ਹੁਣ ਲਹਿਰਾਂ ਜਾਂ ਵਾਦਾਂ ਦੀ ਥਾਂ ਘਟਨਾਵਾਂ/ਤੱਥਾਂ ਦਾ ਢੇਰ ਬਣੀ ਜਾ ਰਿਹਾ ਹੈ। ਇਨ੍ਹਾਂ ਵਿਚ ਰਚਨਾਤਮਕ ਸਿਰਜਣਕਾਰੀ ਘੱਟ ਤੇ ਵੇਰਵੇ ਜਾਂ ਸੂਚਨਾਵਾਂ ਵਧੇਰੇ ਹਨ। ਅਜੇਹੇ ਸਾਹਿਤ

ਦੀ ਵੀ ਵੁੱਕਤ ਹੋਵੇਗੀ, ਪਰ ਇਹ ਵੁੱਕਤ ਕਦੀ ਸਮਾਂ ਬੀਤਣ ’ਤੇ ਆਪਣੇ ਸਮੇਂ ਦੇ ਦਸਤਾਵੇਜ਼ ਵਜੋਂ ਤਾਂ ਮੰਨੀ ਜਾਵੇਗੀ, ਉੱਤਮ ਕਲਾਕਾਰੀ ਵਜੋਂ ਨਹੀਂ।

ਕੀ ਪ੍ਰਗਤੀਵਾਦੀ ਜਾਂ ਪ੍ਰਯੋਗਵਾਦੀ ਲਹਿਰ ਨਾਲ ਸਿੱਧੇ ਰੂਪ ਵਿਚ ਪ੍ਰਣਾਈ ਕੋਈ ਰਚਨਾ ਅੱਜ ਜ਼ਿੰਦਾ ਹੈ? ਇਸ ਸੰਬੰਧੀ ਵੱਡਾ ਸੱਚ ਰੂਪੀ ਜਵਾਬ ਨਾਂਹ ਵਿਚ ਹੈ। ਸਗੋਂ ਪ੍ਰਗਤੀਵਾਦੀ ਜਾਂ ਪ੍ਰਯੋਗਵਾਦੀ/ਸੁਹਜਵਾਦੀ ਲੇਖਕਾਂ ਦੀਆਂ ਉਹੋ ਰਚਨਾਵਾਂ ਅੱਜ ਜ਼ਿੰਦਾ ਹਨ, ਜੋ ਅਜੇਹੇ ਦਾਇਰਿਆਂ ਦੀ ਜਕੜ ਤੋਂ ਉਪਰ ਉੱਠ ਕੇ ਲਿਖੀਆਂ ਗਈਆਂ ਸਨ। ਸਾਹਿਤ ਵਿਚ ਵਿਚਾਰਧਾਰਾ ਕੋਈ ਨਾਂਹ-ਵਾਚੀ ਚੀਜ਼ ਨਹੀਂ ਹੈ। ਸਗੋਂ ਇਸ ਦਾ ਸਿਰਜਣਕਾਰੀ ਦੀ ਅੰਤਰ-ਆਤਮਾ ਵਿਚ ਸਹਿਜ ਰੂਪ ਵਿਚ ਸਮਾਏ ਹੋਣਾ ਅਤਿ ਜ਼ਰੂਰੀ ਹੈ। ਭਾਵ ਇਹ ਸਾਹਿਤ ਵਿਚ ਤੈਰਦਾ ਨਹੀਂ, ਜਜ਼ਬ ਹੋਇਆ ਰੂਪ ਹੋਵੇ। ਸਾਹਿਤ ਕੇਵਲ ਘਟਨਾਵਾਂ ਤੇ ਵਿਚਾਰਧਾਰਾਵਾਂ ਦੇ ਇੱਕਤਰੀਕਰਣ ਕਾਰਣ ਜੀਵੰਤ ਨਹੀਂ ਰਹਿ ਸਕਦਾ। ਇਸ ਨੇ ਆਪਣੀ ਰਚਨਾਤਮਕ ਕਲਾਕਾਰੀ ਆਸਰੇ ਜ਼ਿੰਦਾ ਰਹਿਣਾ ਹੁੰਦਾ ਹੈ। ਸਾਹਿਤ ਨੇ ਘਟਨਾਵਾਂ ਵਿਚ ਉਲਝਦੇ/ਵਿਚਰਦੇ ਪਾਤਰਾਂ ਦੀ ਰਚਨਾਤਮਕ ਕਲਾਕਾਰੀ ਆਸਰੇ ਜ਼ਿੰਦਾ ਰਹਿਣਾ ਹੁੰਦਾ ਹੈ। ਪਰ ਸਾਡੇ ਅਜੋਕੇ ਸਾਹਿਤਕਾਰ ਘਟਨਾਵਾਂ ਦੇ ਤੇਜ਼-ਤਰਾਰ ਵਹਿਣ ਵਿੱਚ ਰੁੜ੍ਹਦੇ ਨਜ਼ਰ ਆ ਰਹੇ ਹਨ। ਸਮਾਂ ਤੇ ਸਥਿਤੀਆਂ ਵੀ ਤੇਜ਼ੀ ਨਾਲ ਬਦਲ ਰਹੀਆਂ ਹਨ। ਇਸ ਕਰਕੇ ਝੱਟ-ਪੱਟ ਰੂਪ ਦੀ ਸਿਰਜਣ ਪ੍ਰਕਿਰਿਆ ਵਿਚ ਸਾਹਿਤਕ ਗਹਿਰਾਈ ਆਉਣੀ ਸੰਭਵ ਨਹੀਂ। ਅਜੋਕੇ ਸਾਹਿਤ ਵਿਚ ਸਾਹਿਤਕ ਕਿਸਮ ਦੇ ਸੰਜਮੀ ਠਹਿਰਾਅ ਬਹੁਤ ਘੱਟ ਨਜ਼ਰ ਆ ਰਹੇ ਹਨ। ਸਮਾਂ ਤੇ ਸਥਿਤੀਆਂ ਵੀ ਤੇਜ਼ੀ ਨਾਲ ਬਦਲ ਰਹੀਆਂ ਹਨ। ਹਰ ਨਵੀਂ ਘਟਨਾ ਪਿਛਲੇ ਨੂੰ ਰੋੜ੍ਹ ਕੇ ਲੈ ਜਾਂਦੀ ਹੈ। ਅੱਜ ਦੇ ਯੁੱਗ ਵਿਚ ਜਿਵੇਂ ਘਟਨਾਵਾਂ/ਸੂਚਨਾਵਾਂ ਦੀ ਬਹੁਤਾਤ ਹੈ, ਤਿਵੇਂ ਹੀ ਸਾਹਿਤਕਾਰੀ ਦੀ ਛਪਣ-ਛਪਾਈ ਦੀ ਬਹੁਤਾਤ ਹੈ। ਨਿੱਤ ਦਿਨ ਪੁਸਤਕਾਂ ਰਿਲੀਜ਼ ਹੋ ਰਹੀਆਂ ਹਨ। ਹਰ ਸਾਹਿਤਕ ਸੱਥ ਪੁਸਤਕਾਂ ਦੀ ਘੁੰਡ ਚੁਕਾਈ ਦੇ ਰੁਝੇਵੇਂ ਵਿਚ ਹੈ। ਮੈਗਜ਼ੀਨ ਰਚਨਾਵਾਂ ਦੇ ਨਾਵਾਂ ਨਾਲ ਭਰੇ ਪਏ ਹਨ। ਪਰ ਕਿਸ ਪੁਸਤਕ ਜਾਂ ਰਚਨਾ ਦੀ ਕੋਈ ਵੱਡੀ ਚਰਚਾ ਹੋ ਰਹੀ ਹੈ ਤੇ ਜੇ ਨਹੀਂ ਹੋ ਰਹੀ ਤਾਂ ਕਿਉਂ ਨਹੀਂ? ਇਹ ਪੱਖ ਵੀ ਸਾਹਿਤ ਦੇ ਮਹੱਤਵ ਵਾਂਗ ਪੂਰਾ ਵਜ਼ਨਦਾਰ ਹੈ। ਢੇਰਾਂ ਦੇ ਢੇਰ ਸਾਹਿਤ ਲਿਖਿਆ ਜਾ ਰਿਹਾ ਹੈ। ਇਸ ਪਿੜ ਵਿਚ ਬਾਹਰਲੇ (ਵਿਦੇਸ਼ ਬੈਠੇ) ਲੇਖਕਾਂ ਦੀ ਵੀ ਪੂਰੀ ਭੀੜ ਹੈ। ਪਰ ਪਿਛਲੇ ਇਕ-ਦੋ ਦਹਾਕਿਆਂ ਤੋਂ ਕਿਹੜੀ ਰਚਨਾ ਪਾਠਕਾਂ ਦੇ ਮਨੋ-ਮਸਤਕ ਵਿਚ ਵਾਰ-ਵਾਰ ਖ਼ਲਲ ਪਾ ਰਹੀ ਹੈ? ਇਸ ਪੱਖ ਤੋਂ ਅਜੋਕੇ ਪਾਠਕ ਦੀ ਇਹ ਮਜ਼ਬੂਰੀ ਹੈ ਕਿ ਉਹ ਕਿਸ ਦਾ ਨਾਂ ਲਵੇ ਜਾਂ ਉਸ ਦੇ ਸਾਹਮਣੇ ਕੋਈ ਅਜੇਹੀ ਕਿਹੜੀ ਉਮਦਾ ਉਦਾਹਰਣ ਹੈ? ਜਵਾਬ ਦੁਬਿਧਾ ਵਾਲਾ ਵੀ ਹੈ ਤੇ ਦੁਚਿੱਤੀ ਵਾਲਾ ਵੀ। ਕਈ ਕਾਰਜ ਅਖ਼ਬਾਰਾਂ ਜਾਂ ਨਿਊਜ਼ ਚੈਨਲਾਂ ਨੇ ਕਰਨੇ ਹੁੰਦੇ ਹਨ। ਕੀ ਅਜੇਹੇ ਰਾਹ ਸਾਹਿਤਕਾਰੀ ਤਾਂ ਨਹੀਂ ਪੈ ਗਈ ਹੈ? ਇਹ ਰੁਝਾਨ ਹੁਣ ਸਾਹਿਤਕਾਰੀ ਲਈ ਇਕ ਵੰਗਾਰ ਰੂਪੀ ਸਮੱਸਿਆ ਬਣ ਗਿਆ ਹੈ।

ਹੁਣ ਦਾ ਸਾਹਿਤ ਨਾ ਸਾਡੇ ਸਮਾਜਚਾਰੇ ਦੀ ਸਮੁੱਚ ਦਾ ਪ੍ਰਤੀਨਿੱਧ ਰੂਪ ਹੈ ਤੇ ਨਾ ਪਰਪੱਕ ਕਲਾਕਾਰੀ ਦਾ। ਇਹ ਕਚਿਆਈ ਸਾਹਿਤ ਵਿਚ ਹੀ ਨਹੀਂ, ਅਜੋਕੇ ਬਹੁਤੇ ਸਾਹਿਤਕ ਮੈਗਜ਼ੀਨਾਂ ਤੇ ਰਸਾਲਿਆਂ ਵਿਚ ਵੀ ਬਲ ਫੜ੍ਹੀ ਚੁੱਕੀ ਹੈ। ਸਾਡੇ ਬਹੁਤੇ ਰਸਾਲੇ ਹਰ ਕੱਚੇ-

ਪੱਕੇ ਨੂੰ ਭੁਗਤਾਉਣ ਦੇ ਰਾਹ ’ਤੇ ਹਨ। ਇਹ ਵੇਖਣ ਨੂੰ ਸਾਹਿਤਕ ਹਨ ਪਰ ਅੰਦਰੋਂ ਅਖ਼ਬਾਰੀ ਹਨ ਤੇ ਸਨਸਨੀ ਭਰਪੂਰ ਵੀ। ਕਈ ਰਸਾਲੇ ਅਲੋਕਾਰੀ ਤੇ ਕਰਤਾਰੀ ਘਟਨਾ ਵਾਂਗ ਪ੍ਰਗਟ ਹੁੰਦੇ ਹਨ ਪਰ ਝੱਟ ਬਾਅਦ ਹੀ ਡਿੱਗੇ ਨਜ਼ਰ ਆਉਂਦੇ ਹਨ। ਸਾਡੀ ਬਹੁਤੀ ਰਸਾਲਾਕਾਰੀ ਵੀ ਅਚੰਭੇ ਤੇ ਜਾਸੂਸੀਅਤ ਵਾਲੀ ਹੈ। ਇਨ੍ਹਾਂ ਵਿਚ ਸਾਹਿਤਕ ਜਗਤ ਦੀਆਂ ਸਨਸਨੀਖੇਜ਼ ਤੇ ਨਿੰਦਕੀ ਸੁਰਖ਼ੀਆਂ ਨੂੰ ਛਾਪਣ ਦਾ ਰੁਝਾਨ ਵੱਧ ਰਿਹਾ ਹੈ। ਜਿਵੇਂ ਹੀ ਅਜੇਹਾ ਪਾਪੂਲਰ ਕਿਸਮ ਦਾ ਦਿਲਚਸਪ ਮਸਾਲਾ ਮੁੱਕਦਾ ਹੈ ਤਾਂ ਅਜੇਹੀ ਰਸਾਲਾਕਾਰੀ ਦੇ ਹੱਢ-ਪੈਰ ਟੁੱਟਣ ਲੱਗਦੇ ਹਨ। ਸਮੁੱਚਾ ਰੁਝਾਨ ਅਲੋਕਾਰ ਬਣਨ ਦਾ ਹੈ, ਨਾ ਕਿ ਪਾਇਦਾਰ ਬਣਨ ਦਾ। ਇਹ ਵੀ ਸਾਡੇ ਸਾਹਿਤਕੀ ਮਿਆਰ ਲਈ ਇਕ ਖ਼ਤਰਾ ਹੈ। ਸਾਹਿਤਕਾਰਾਂ ਦੀ ਆਲੋਚਨਾ ਹੋਵੇ, ਪਰ ਇਹ ਨਿੰਦਣੀ ਸੁਰ ਵਾਲੀ ਨਹੀਂ, ਬੁੱਧ-ਬਿਬੇਕ ਵਾਲੀ ਹੋਵੇ।

ਅਜੋਕੇ ਸੰਚਾਰ-ਮਾਧਿਅਮਾਂ ਦੇ ਦੌਰ ਵਿਚ ਘਟਨਾਵਾਂ ਵਾਪਰਨ, ਪੇਸ਼ ਤੇ ਤਬਦੀਲ ਹੋਣ ਦੀ ਗਤੀ ਬਹੁਤ ਤੇਜ਼ ਹੈ। ਘਟਨਾ-ਮੁਖੀ ਅਜੋਕਾ ਬੰਦਾ ਕਾਹਲ ਵਿਚ ਹੈ। ਕਾਹਲ ਜਾਂ ਤੇਜ਼ੀ ਵਿਚ ਵੀ ਕਈ ਕੰਮ ਕਰਨੇ ਹੁੰਦੇ ਹਨ। ਪਰ ਇਸ ਖੇਤਰ ਵਿਚ ਸਾਹਿਤ ਸ਼ਾਮਿਲ ਨਹੀਂ ਹੈ। ਸਾਹਿਤ ਲਈ ਚਾਰ-ਚੁਫ਼ੇਰੇ ਦੀਆਂ ਸੂਚਨਾਵਾਂ ਤੇ ਘਟਨਾਵਾਂ ਕੇਵਲ ਕੱਚਾ ਮਸਾਲਾ ਹੁੰਦੀਆਂ ਹਨ। ਇਸ ਦੀ ਫੋਲਾ-ਫਾਲੀ ਤੇ ਚੀਰ-ਫਾੜ ਵਿਚੋਂ ਅਰਥ-ਭਰਪੂਰ ਨਜ਼ਰੀਏ ਵਾਲੀ ਕਲਾਕਾਰੀ ਉਭਰਨੀ ਚਾਹੀਦੀ ਹੈ। ਪਰ ਅਜੇਹੀ ਕਲਾਕਾਰੀ ਦੀ ਵਿਰਲ ਮਹਿਸੂਸ ਹੋ ਰਹੀ ਹੈ। ਚੰਗਾ ਜਾਂ ਮਿਆਰੀ ਸਾਹਿਤ ਵੀ ਲਿਖਿਆ ਜਾ ਰਿਹਾ ਹੈ। ਪਰ ਇਹ ਸਾਹਿਤਕ ਪਿੜ ਵਿਚ ਪਈ ਭੀੜ ਵਿਚ ਗੁੰਮ-ਗਵਾਚ ਰਿਹਾ ਹੈ। ਮਿਆਰੀ ਰਚਨਾਵਾਂ ਨੂੰ ਵੱਡੇ ਢੇਰਾਂ ਵਿਚੋਂ ਉਚੇਚ ਨਾਲ ਲੱਭਣਾ ਤੇ ਖੋਜਣਾ ਪੈ ਰਿਹਾ ਹੈ। ਮਿਆਰੀ ਪੱਖ ਤੋਂ ਜ਼ਿਆਦਾਤਰ ਸਥਿਤੀ ਸ਼ੰਕੇ ਵਾਲੀ ਹੈ। ਬਹੁਤਾ ਸਾਹਿਤ ਨਾ ਪਛਾਣ ਵਿਚ ਆ ਰਿਹਾ ਹੈ ਤੇ ਨਾ ਸਾਹਿਤ ਇਤਿਹਾਸਕਾਰੀ ਵਿਚ ਕੋਈ ਸਥਾਨ ਬਣਾ ਰਿਹਾ ਹੈ। ਇਸ ਪੱਖ ਨੂੰ ਵਿਚਾਰਨਾ ਬਣਦਾ ਹੈ। ਸਾਨੂੰ ਗਿਣਤੀ ਦੀ ਥਾਂ ਗੁਣਵੰਤਾ ਵੱਲ ਵੱਧਣਾ ਚਾਹੀਦਾ ਹੈ।

ਅਦਾਰਾ ਪ੍ਰਵਚਨ ਦੀ ਉਪਰੋਕਤ ਰਾਇ ਹੈ, ਪਰ ਫੈਸਲਾ ਜਿਗਿਆਸੂ ਪਾਠਕਾਂ ਦਾ ਹੈ। ਇਸ ਸੰਬੰਧੀ ਸੰਵਾਦ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ। ਇਸ ਸੰਬੰਧੀ ਅਦਾਰਾ ‘ਪ੍ਰਵਚਨ’ ਵੱਲੋਂ ਪਾਠਕਾਂ ਦੀ ਰਾਏ ਦਾ ਖੁੱਲ੍ਹਾ ਸਵਾਗਤ ਹੈ। ਪਾਠਕਾਂ ਨੂੰ ਬੇਨਤੀ ਹੈ ਕਿ ਪਿਛਲੇ ਘੱਟੋ-ਘੱਟ ਪੰਜ ਜਾਂ ਦਸ ਸਾਲਾਂ ਤੋਂ ਪਹਿਲਾਂ ਛਪੀਆਂ ਰਚਨਾਵਾਂ ਵਿਚੋਂ ਕਿਹੜੀ ਉਨ੍ਹਾਂ ਦੇ ਚੇਤਿਆਂ ਵਿਚ ਯਾਦਗਾਰੀ ਹੈ? ਉਹ ਰਚਨਾ ਕਿਸ ਪੱਖ (ਪਾਤਰਾਵਲੀ, ਥੀਮ, ਘਟਨਾ, ਸ਼ੈਲੀ, ਦ੍ਰਿਸ਼ਟੀ, ਕਾਵਿਕਤਾ ਜਾਂ ਬਿਰਤਾਂਤ ਵਗੈਰਾ) ਤੋਂ ਉਨ੍ਹਾਂ ਲਈ ਯਾਦਗਾਰੀ ਹੈ, ਇਸ ਸੰਬੰਧੀ ਉਹ ਆਪਣੀ ਕੀਮਤੀ ਰਾਇ ਮੈਗਜ਼ੀਨ ਨੂੰ ਚਿੱਠੀ-ਪੱਤਰ ਰਾਹੀਂ ਜ਼ਰੂਰ ਭੇਜਣ ਤਾਂ ਜੋ ਸਾਹਿਤ ਦੇ ਮਿਆਰੀਕਰਣ ਸੰਬੰਧੀ ਸੰਵਾਦ ਅੱਗੇ ਤੁਰ ਸਕੇ।

**- ਡਾ. ਰਮਿੰਦਰ ਕੌਰ**

# ਗ਼ਜ਼ਲਾਂ/ਮਹਿੰਦਰ ਦੀਵਾਨਾ

ਤੁਹਾਡੀ ਤਰਕ ਦੀ ਗੱਲ ਹੈ ਮੇਰੀ ਜਜ਼ਬਾਤ ਦੀ ਗੱਲ ਹੈ।
ਮਿਲੀ ਜੋ ਦੋਸਤਾਂ ਕੋਲੋਂ ਇਹ ਉਸ ਸੌਗ਼ਾਤ ਦੀ ਗੱਲ ਹੈ।

ਅਜੇਹੇ ਹਾਦਸੇ ਤਾਂ ਜ਼ਿੰਦਗੀ ਭਰ ਵੀ ਨਹੀਂ ਭੁੱਲਦੇ,
ਤੁਸੀਂ ਕਿਉਂ ਭੁੱਲ ਗਏ ਹੋ ਅਜੇ ਕੱਲ੍ਹ ਰਾਤ ਦੀ ਗੱਲ ਹੈ।
ਨਾ ਤੂੰ ਅਨਜਾਣ ਹੈਂ ਮੈਥੋਂ ਨਾ ਮੈਂ ਤੇਰੇ ਤੋਂ ਨਾਵਾਕਿਫ਼,
ਚੁਰਾਈਏ ਫੇਰ ਵੀ ਨਜ਼ਰਾਂ ਅਜਬ ਹਾਲਾਤ ਦੀ ਗੱਲ ਹੈ।

ਜਦੋਂ ਈਮਾਨ ਮੋਇਆ ਸੀ ਜਦੋਂ ਭਗਵਾਨ ਰੋਇਆ ਸੀ,
ਫ਼ਿਜ਼ਾ ’ਚੋਂ ਖ਼ੂਨ ਚੋਇਆ ਸੀ, ਇਹ ਉਸ ਬਰਸਾਤ ਦੀ ਗੱਲ ਹੈ।

ਸਮੁੰਦਰ ਵੀ ਹੈ ਤਿਰਹਾਇਆ ਤੇ ਰੇਗਿਸਤਾਨ ਵੀ ਪਿਆਸਾ,
ਕਹੋਗੇ ਇਸ ਨੂੰ ਕਿਸਮਤ ਦੀ ਕਿ ਇਹ ਔਕਾਤ ਦੀ ਗੱਲ ਹੈ।

ਇਹ ਦਿਲ ਖੁਸ਼ੀਆਂ ਤੋਂ ਭਰ ਜਾਏ ਕਦੇ ਗ਼ਮ ਨੂੰ ਤਰਸਦਾ ਹੈ,
ਖ਼ੁਸ਼ੀ ਦੀ ਹੈ ਨਾ ਗ਼ਮ ਦੀ ਹੈ ਇਹ ਸਭ ਹਾਲਾਤ ਦੀ ਗੱਲ ਹੈ।

# ਗ਼ਜ਼ਲ

ਕਿਸਮਤ ਦੇ ਮਾਰੇ ਦੁਖਿਆਰੇ, ਬੇਚਾਰੇ ਡਰ ਮਾਰੇ ਲੋਕ।
ਜਦ ਵੀ ਉੱਠਣ ਤਾਂ ਫਿਰ ਉੱਠਣ ਇਹ ਸਾਰੇ ਦੇ ਸਾਰੇ ਲੋਕ।

ਤੂਫ਼ਾਨਾਂ ਤੋਂ ਬਚ ਨਿਕਲਣ ਦੀ ਹਰ ਥਾਂ ਮਿਲਦੀ ਹੈ ਸ਼ਾਬਾਸ਼,
ਡੁੱਬਣ ਵਾਲੇ ’ਤੇ ਹਸਦੇ ਨੇ ਬਹਿ ਕੇ ਦੂਰ ਕਿਨਾਰੇ ਲੋਕ।

ਰੰਗ ਬਿਰੰਗੇ ਫੁਲ ਟਹਿਕੇ ਨੇ, ਬਾਗ਼ਾਂ ਵਿਚ ਗੁਲਜ਼ਾਰ ਖਿੜੀ,
ਇਸ ਮੌਸਮ ਵਿਚ ਵੀ ਮਿਲਦੇ ਨੇ ਥੱਕੇ, ਟੁੱਟੇ, ਹਾਰੇ ਲੋਕ।

ਨਾ ਛੇੜੋ ਤਾਂ ਇਹ ਲੋਕੀਂ ਨੇ ਸਾਂਝ ਸਰੋਵਰ ਦਾ ਹੀ ਗੀਤ,
ਛੇੜੋ ਤਾਂ ਫਿਰ ਬਣ ਜਾਂਦੇ ਨੇ ਇਹ ਖੰਡੇ ਦੋ-ਧਾਰੇ ਲੋਕ।

ਕੌਣ ਸੁਣੇਗਾ ਦਰਦ ਇਨ੍ਹਾਂ ਦਾ, ਕੌਣ ਇਨ੍ਹਾਂ ਦੀ ਬਾਤ ਕਰੇ,
ਚੰਗਾ ਹੋਵੇ ਇਹ ਨਾ ਸਮਝਣ ਖ਼ੁਦ ਨੂੰ ਹੁਣ ਬੇਚਾਰੇ ਲੋਕ।

ਦੀਵਾਨੇ ਇਸ ਜਗ ਦਾ ਮੇਲਾ ਫਿਰ ਵੀ ਭਰਿਆ ਭਰਿਆ ਹੈ,
ਭਾਵੇਂ ਜਗ ਤੋਂ ਜਾ ਚੁੱਕੇ ਨੇ ਕਿੰਨੇ ਪਿਆਰੇ ਪਿਆਰੇ ਲੋਕ।

## .ਗ਼ਜ਼ਲ

ਮੇਰਿਆਂ ਪੈਰਾਂ ’ਚ ਛਾਲੇ ਤੇਰਿਆਂ ਹੱਥਾਂ ’ਚ ਜਾਮ।
ਹੁਸਨ ਦਾ ਹੈ ਇਹ ਮੁਕੱਦਰ ਇਸ਼ਕ ਦਾ ਹੈ ਇਹ ਇਨਾਮ।

ਦੋਸਤਾਂ ਦੀ ਦੋਸਤੀ ਛੱਡੋ ਤਾਂ ਛੱਡੋ ਇਸ ਤਰ੍ਹਾਂ,
ਜੇ ਕਦੇ ਮਿਲੀਏ ਤਾਂ ਫਿਰ ਵੀ ਹੋ ਸਕੇ ਸਾਹਬ ਸਲਾਮ।

ਮਾਂਗਵੇਂ ਖੰਭਾਂ ਸਹਾਰੇ ਜੀ ਰਹੇ ਹਾਂ ਜ਼ਿੰਦਗੀ,
ਸੋਚ ਹੈ ਆਜ਼ਾਦ ਲੇਕਿਨ ਕੰਮ ਸਾਡੇ ਹਨ ਗ਼ੁਲਾਮ।

ਮੈਂ ਮੁਸਾਫ਼ਿਰ ਹਾਂ ਤੇ ਸਭ ਰਸਤੇ ਨੇ ਮੇਰੇ ਹਮਸਫ਼ਰ,
ਜ਼ਿੰਦਗੀ ਮੁੱਕ ਜਾਣ ਤਾਂ ਦੇ ਕਰ ਲਵਾਂਗੇ ਫਿਰ ਅਰਾਮ।

ਮੈਂ ਪਲਾਂ ਦਾ ਹਾਂ ਪ੍ਰਾਹੁਣਾ ਆਪੇ ਤੁਰ ਜਾਵਾਂਗਾ ਮੈਂ,
ਆਣ ਵੇਲੇ ਜਾਣ ਦਾ ਮੈਂ ਕਰਕੇ ਆਇਆਂ ਇੰਤਜ਼ਾਮ।

ਜ਼ਿੰਦਗੀ ਮੈਂ ਤਾਂ ਬਿਤਾਈ ਕੜਕਦੀ ਦੋਪਹਿਰ ਵਾਂਗ,
ਜ਼ਿੰਦਗੀ ਵਿੱਚ ਨਾ ਸਵੇਰ ਆਈ ਕਦੇ ਨਾ ਆਈ ਸ਼ਾਮ।

## .ਗ਼ਜ਼ਲ

ਜ਼ਿੰਦਗੀ ਨੂੰ ਮੌਤ ਦਾ ਬਸ ਆਸਰਾ ਰਹਿ ਜਾਏਗਾ।
ਤੂੰ ਗਇਆ ਤਾਂ ਜ਼ਿੰਦਗੀ ਵਿਚ ਕੀ ਭਲਾ ਰਹਿ ਜਾਏਗਾ।

ਬੇਵਫ਼ਾਈ, ਹਿਜਰ, ਪੀੜਾਂ, ਹੰਝੂ, ਹਾਵੇ ਰੰਜ–ਓ–ਗ਼ਮ,
ਜ਼ਿੰਦਗੀ ਤੋਂ ਮੌਤ ਤਕ ਇਹ ਸਿਲਸਿਲਾ ਰਹਿ ਜਾਏਗਾ।

ਉਸ ਦੀ ਖ਼ੁਸ਼ਬੂ ਭੋਰ ਦੀ ਵਾਯੂ ਉੜਾ ਲੈ ਜਾਏਗੀ,
ਤੜਪਦਾ, ਵੀਰਾਨ ਖ਼ਾਲੀ ਬਿਸਤਰਾ ਰਹਿ ਜਾਵੇਗਾ।

ਰੇਤ ਵਾਂਗੂੰ ਕਿਰਦੀ ਕਿਰਦੀ ਜ਼ਿੰਦਗੀ ਕਿਰ ਜਾਏਗੀ,
ਆਦਮੀ ਤਾਂ ਹੈ ਖਿਡਾਉਣਾ ਦੇਖਦਾ ਰਹਿ ਜਾਏਗਾ।

ਆ ਰਿਹੈ ਉਹ ਵੀ ਜ਼ਮਾਨਾ ਜਦ ਤੇਰਾ ਬੰਦਾ ਖ਼ੁਦਾ,
ਰੌਸ਼ਨੀ ਹੱਥਾਂ 'ਚ ਫੜ ਕੇ ਭਟਕਦਾ ਰਹਿ ਜਾਏਗਾ।

ਹੌਲੀ ਹੌਲੀ ਧੁੰਦਲਕਾ ਹੋ ਜਾਏਗਾ ਉਸ ਦਾ ਵਜੂਦ,
ਸ਼ਾਮ ਜਦ ਢਲ ਜਾਏਗੀ ਇਕ ਧੁੰਦਲਕਾ ਰਹਿ ਜਾਏਗਾ।

ਆਣ ਵਾਲੇ ਵਕਤ ਦੇ ਆਸਾਰ ਬਿਲਕੁਲ ਸਾਫ਼ ਹਨ,
ਆਦਮੀ ਚਾਨਣ 'ਚ ਮੰਜ਼ਿਲ ਭਾਲਦਾ ਰਹਿ ਜਾਏਗਾ।

## ਗ਼ਜ਼ਲ

ਆਪਣਾ ਤੇ ਇਸ ਸ਼ਹਿਰ ਦਾ ਵਾਸਤਾ ਕੋਈ ਨਹੀਂ।
ਭੀੜ ਬਾਜ਼ਾਰਾਂ 'ਚ ਹੈ ਪਰ ਆਪਣਾ ਕੋਈ ਨਹੀਂ।

ਆਸ਼ਨਾ ਦੁਨੀਆਂ ਦੇ ਅੰਦਰ ਆਸ਼ਨਾ ਕੋਈ ਨਹੀਂ,
ਜ਼ਿੰਦਗੀ ਨੂੰ ਜ਼ਿੰਦਗੀ ਦਾ ਆਸਰਾ ਕੋਈ ਨਹੀਂ।

ਕਿਸ ਤਰ੍ਹਾਂ ਦੇ ਯਾਰ ਮੇਰੇ ਕਿਸ ਤਰ੍ਹਾਂ ਦੀ ਦੋਸਤੀ,
ਲੋੜ ਵੇਲੇ ਦੇਖਿਆ ਮੈਂ ਆਪਣਾ ਕੋਈ ਨਹੀਂ।

ਜ਼ਿੰਦਗੀ ਭਰ ਮੇਰੀ ਮੇਰੀ ਦਾ ਰਿਹਾ ਝਗੜਾ ਹਮੇਸ਼,
ਮਰਨ ਵੇਲੇ ਨਾਲ ਕੁਝ ਵੀ ਲੈ ਗਿਆ ਕੋਈ ਨਹੀਂ।

ਜੋ ਵੀ ਹਾਂ ਮੈਂ ਏਸ ਦਾ ਕਾਰਨ ਮੈਂ ਆਪਣਾ ਆਪ ਹਾਂ,
ਮੇਰੀ ਇਸ ਹਾਲਤ ਦਾ ਕਾਰਨ ਦੂਸਰਾ ਕੋਈ ਨਹੀਂ।

ਆਦਮੀ ਜੀਂਦਾ ਹੈ ਤਦ ਤਕ ਹਾਦਸੇ ਵੀ ਹੋਣਗੇ,
ਮਰ ਗਏ ਦੇ ਵਾਸਤੇ ਤਾਂ ਹਾਦਸਾ ਕੋਈ ਨਹੀਂ।

ਹੋਣਗੇ ਉਂਜ ਤਾਂ ਖ਼ਲਾਅ ਹਰ ਆਦਮੀ ਦੇ ਮਨ 'ਚ ਪਰ,
ਆਪਣੇ ਮਨ ਦੇ ਖ਼ਲਾਅ ਵਰਗਾ ਖ਼ਲਾਅ ਕੋਈ ਨਹੀਂ।

# ਸੱਤ ਕਵਿਤਾਵਾਂ/ਮਦਨ ਵੀਰਾ

## ਸੁੱਤੇ ਬਾਪ ਦੀ ਬੁੜਬੁੜ

ਟਿਕੀ ਰਾਤੇ ਸੁੱਤ-ਉਣੀਂਦਾ
ਇੱਕ ਬਾਪ ਬੁੜਬੁੜਾ ਰਿਹਾ ਹੈ
ਥਾਲੀ ਦੇ ਪਾਣੀ ਵਾਂਗ
ਸਿਰ 'ਤੇ ਛੱਤ ਡੋਲੇ
ਬੁਝੀਆਂ ਅੱਖਾਂ 'ਚ ਪੀਲੀ ਰੌਸ਼ਨੀ ਕੰਬੇ
ਤੇ ਸਾਰਾ ਘਰ ਡਗਮਗਾ ਰਿਹਾ ਹੈ।
ਹਿੱਕ 'ਤੇ ਗੀਟਾ ਗੀਟਾ
ਰੋੜਾ ਰੋੜਾ
ਚਿਣਿਆ ਜਾ ਰਿਹਾ
ਫ਼ਿਕਰਾਂ ਦਾ ਪਹਾੜ
ਪਸਰ ਰਹੀ ਹੈ - ਮਸਾਣਾਂ ਜਿਹੀ ਚੁੱਪ
ਸੁੰਨ ਤੇ ਉਜਾੜ
ਕਾਣਾ ਦੈਂਤ
ਛਾਤੀ 'ਤੇ ਰਿਹਾ ਹੈ ਦਹਾੜ...।
ਛੋਟੂ ਮੰਗ ਰਿਹਾ ਹੈ ਫੀਸ
ਨਿੱਕੀ ਦੇ ਟੁੱਟੇ ਨੇ ਬੂਟ
ਬਿਮਾਰ ਪਤਨੀ ਲਈ ਲੋੜੀਂਦਾ
ਦਵਾ ਦਾਰੂ ਦੇ ਨਾਲ , ਮੌਸਮੀ ਸਬਜ਼ੀ
ਤੇ ਕੋਈ ਫਲ-ਫਰੂਟ
ਪਰ ਬੰਦ ਪਏ ਨੇ ਸਭ ਰੂਟ।
ਸਿਰ 'ਤੇ ਆਸ ਤੇ ਬੇਉਮੀਦੀ ਦੀ
ਹੰਭ ਰਹੀ ਅੰਨ੍ਹੀ ਰਾਤ ਹੈ
ਉਮਰ ਦਾ ਟੋਹ-ਹੀਣ
ਟੇਢਾ - ਮੇਢਾ ਸਫ਼ਰ ਹੈ
ਬਿਨ-ਹੁੰਗਾਰਾਂ ਬਾਤ ਹੈ ।
ਕੋਈ ਆਪਣੇ ਆਪ ਨੂੰ
ਆਪੇ ਸੁਣ ਤੇ ਆਪੇ ਸੁਣਾ ਰਿਹਾ ਹੈ
ਇੱਕ ਹਿੱਕ ਸਿਸਕਦੀ ਹੈ
ਇੱਕ ਅੱਖ ਸਿੰਮਦੀ ਹੈ
ਕਾਲ ਸਿਰ 'ਤੇ ਕੂਕਦਾ ਹੈ

ਭੂਚਾਲ ਆ ਰਿਹਾ ਹੈ
ਇੱਕ ਛੱਤ ਤਿੜਕਦੀ ਹੈ ਡੋਲਦੀ ਹੈ
ਘਰ ਡਗਮਗਾ ਰਿਹਾ ਹੈ
ਟਿਕੀ ਰਾਤੇ ਸੁੱਤ-ਉਣੀਂਦਾ
ਇੱਕ ਬਾਪ ਬੁੜਬੁੜਾ ਰਿਹਾ ਹੈ ।

## ਆਰ-ਪਾਰ

ਉਦੋਂ ਆਪਾਂ ਦੋਵੇ ਆੜੀ ਸੀ
ਬਚਪਨ ਦੇ ਲੰਗੋਟੀਏ
ਨਿੱਕੀਆਂ ਨਿੱਕੀਆਂ ਖੁਸ਼ੀਆਂ ਦੇ
ਮਹਿਲ ਉਸਾਰਦੇ
ਵੱਡੇ ਵੱਡੇ ਦੁੱਖਾਂ ਨੂੰ ਤਲੀ ਤੇ
ਰਗੜਦੇ ਵਿਸਾਰਦੇ
ਕਿਸੇ ਨੂੰ ਸਤਾਉਂਦੇ - ਤਪਾਉਂਦੇ
ਕਿਸੇ ਨੂੰ ਠਾਰਦੇ
ਹਰ ਮੁਹਿੰਮ ਨੂੰ
ਜ਼ਿਦ ਜ਼ਿਦ ਕੇ ਜਿੱਤਦੇ
ਮੋਹ ਦੇ ਪਰਚਮ ਲਹਿਰਾਉਂਦੇ
ਦੋਸਤੀ ਦੇ ਗੀਤ ਗਾਉਂਦੇ ।
ਫਿਰ ਮੈਂ ਰੋਜ਼ੀ ਦੀ ਰਮਾਇਣ
ਪੜ੍ਹਦਾ - ਸੁਣਦਾ
ਕੱਚੇ ਘਰ ਨੂੰ ਪੱਕਾ ਕਰਨ ਦਾ
ਖ਼ਾਬ ਬੁਣਦਾ
ਟਾਪੂ ਟਾਪੂ ਜੰਗਲ ਜੰਗਲ
ਬਨਵਾਸ 'ਚ ਭਟਕਦਾ ਰਿਹਾ
ਪਰ ਸੋਨ ਮਿਰਗ ਦਾ ਬਿੰਬ
ਖੱਟੀ ਕਮਾਈ ਦੇ ਬਾਰਾਂ ਸਾਲ ਨਹੀਂ
ਪੂਰੀ ਜਵਾਨੀ ਹਜ਼ਮ ਕਰਕੇ ਵੀ
ਕਿਤੇ ਅੱਧ ਵਿਚਾਲੇ ਲਟਕਦਾ ਰਿਹਾ ।
ਤੂੰ ਵੀ ਆਪਣੀ ਹੋਂਦ ਤੇ ਹੋਣੀ ਦੀ
ਮਹਾਭਾਰਤ 'ਚ ਸ਼ਰੀਕ ਹੋਇਆ
ਕਦੇ ਕੌਰਵਾਂ ਕਦੇ ਪਾਂਡਵਾਂ ਦੇ
ਨਜ਼ਦੀਕ ਹੋਇਆ
ਤੇ ਆਪਣੇ ਸਫਰ ਦਰ ਸਫਰ 'ਚ

ਤਾਜ ਦੇ ਪਿਆਦਿਆਂ ਦੀ ਪਾਲ਼ 'ਚ
ਘੁੰਮਦਾ ਘਮਾਉਂਦਾ ਸ਼ਰੀਕ ਹੋਇਆ
ਹੁਣ ਹਸਥਨਾਪੁਰ
ਤੇਰੀ ਸੋਚ ਦੇ ਬਿਲਕੁਲ ਹਾਣ ਦਾ ਸੀ
ਸੋ ਆਪਣੇ ਪਿੰਡ ਦੇ ਕੱਚੇ ਪਹੇ
ਤੇ ਮਾਸੂਮ ਦੋਸਤੀ ਨੂੰ
ਕੌਣ ਜਾਣਦਾ ਸੀ?
ਤੇਰੇ ਤੇ ਮੇਰੇ ਵਿਚਕਾਰ
ਸ਼ਾਹੀ ਸਰਦਾਰੀ ਤੇ ਬੱਤੀ ਵਾਲੀ ਕਾਰ ਸੀ
ਮੈਂ ਲੀਕ ਦੇ ਆਰ ਸੀ
ਤੂੰ ਪਾਰ ਸੀ।

## ਕਵਿਤਾ ਅਤੇ ਮੈਂ

ਜੇ ਹਰ ਸਾਹ ਹਉਕਾ ਨਾ ਹੁੰਦਾ
ਹਿਚਕੀ ਨਾ ਹੁੰਦਾ
ਹਾਸੇ 'ਚ ਹੰਝੂਆਂ ਦੀ ਸਿੱਲ੍ਹ ਨਾ ਹੁੰਦੀ
ਸੱਲ ਦੀ ਕਿੱਲ ਨਾ ਹੁੰਦੀ
ਵਿਹੜੇ ਦੇ ਹਰ ਫੁੱਲ 'ਚ
ਬਸ ਮਹਿਕ ਹੀ ਹੁੰਦੀ
ਬਹਾਰ ਜਿਹੀ ਟਹਿਕ ਹੀ ਹੁੰਦੀ
ਅੱਗ ਜਿਹਾ ਸੇਕ ਨਾ ਹੁੰਦਾ
ਤਾਂ ਮੈਂ ਸ਼ਬਦਾਂ ਦਾ ਜਾਲ ਨਾ ਬੁਣਦਾ
ਜੇ ਅੱਖਾਂ ਦੇ ਕੋਇਆਂ 'ਚ
ਨਿਰੰਤਰ ਸਿੰਮਦੇ
ਲਗਾਤਾਰ ਖੁਸ਼ਕ ਹੁੰਦੇ ਅੱਥਰੂ
ਕੋਈ ਇਬਾਰਤ ਉਲੀਕਦੇ
ਕੋਈ ਕਥਾ ਕਹਿੰਦੇ
ਕੋਈ ਸਵਾਲ ਛੇੜਦੇ
ਕੋਈ ਜਵਾਬ ਬਣਦੇ
ਤਾਂ ਮੈਂ ਚੁੱਪ ਹੀ ਰਹਿੰਦਾ
ਹਰਫਾਂ ਦੀ ਸ਼ਰਣ ਨਾ ਲੈਂਦਾ
ਜੇ ਬੇਬਸੀ 'ਚ ਬੁੜਬੁੜਾ ਰਹੇ ਆਦਮੀ ਨੂੰ
ਲਾਰੇ ਦੀ ਥਾਂ ਹੁੰਗਾਰਾਂ ਮਿਲਦਾ
ਫੋਕੀ ਉਡੀਕ ਦੀ ਥਾਂ ਆਸਰਾ ਮਿਲਦਾ

ਟੇਕ ਮਿਲਦੀ ਓਟ ਮਿਲਦੀ
ਮਿੱਧੇ ਲਤਾੜੇ ਬੋਲ ਨੂੰ
ਆਵਾਜ਼ ਮਿਲਦੀ
ਉਮਰ ਲਈ ਉਮਰ ਜਿੱਡਾ ਗੀਤ ਬਣਦਾ
ਮਿੱਧਿਆ ਮਨ ਮੌਲਦਾ
ਪਰਿੰਦਾ ਪਰ ਤੋਲਦਾ
ਤਾਂ ਮੈਂ ਕਾਗਜ਼ ਕਾਲੇ ਨਾ ਕਰਦਾ
ਸ਼ਬਦਾਂ ਦਾ ਜਾਲ ਨਾ ਬੁਣਦਾ
ਮੈਂ ਕਵਿਤਾ ਨਾ ਲਿਖਦਾ
ਮੈਂ ਚੁੱਪ ਹੀ ਰਹਿੰਦਾ ।

## ਗੁੱਸਾ-ਗਿਲਾ

ਇੱਕ ਡੰਗ ਆਟੇ ਦੇ ਮੁੱਲ ਦੇ
ਫੂਕ ਦਿੱਤੇ ਇਸ ਕਮੂਤ ਨੇ
ਦਸ ਦਸ ਦੇ ਤਿੰਨ ਨੋਟ
ਹਿੱਲ ਗਿਆ ਹੈ
ਇਸ ਬੰਦੇ ਦਾ ਡਮਾਕ
ਧੱਕੇ ਖਾਣੇ ਦੀ ਨੀਤ ਦੇ ਵਿੱਚ
ਆ ਗਿਆ ਹੈ ਫੇਰ ਖੋਟ
ਮੁੜ ਕੁਆਰੇ ਇਸ਼ਕ ਮੁਸ਼ਕ ਦੀ
ਜਾਗ ਪਈ ਹੈ ਹਿਰਸ ਫੇਰ
ਟੁੱਟ – ਪੈਣੇ ਦਾ ਚਿਹਨ ਚੱਕਰ
ਬਦਲਿਆ ਹੈ।
ਚੱਕ ਹੋਏ ਨੇ ਪੈਰ ਇਸਦੇ
ਬੁੱਢ ਵਰੇਸੇ – ਟੁੱਟ ਪੈਣਾ
ਧੌਲ–ਦਾੜ੍ਹਾ ਬਹਿ ਸਵੇਰੇ ਰੰਗਦਾ ਹੈ
ਮੂੰਹ ਕਾਲਾ ਕਰਕੇ ਇਹ ਚੌਰਾ
ਨਾ ਰੀਣ ਭੋਰਾ ਸੰਗਦਾ ਹੈ
ਟਿਟਕਦੀ ਹਾਂ
ਵਿਲਕਦੀ ਹਾਂ
ਰੋਜ਼ ਕਰਦੀ ਹਾਂ ਸਿਆਪਾ
ਪਰ ਨੱਥੇ ਮਜ਼੍ਹਬੀ ਦਾ ਤੁਖ਼ਮ
ਸਮਝੇ ਆਪਣੇ ਆਪ ਨੂੰ
ਸੰਧੂ ਲੰਬੜਾਂ ਦਾ ਕਾਕਾ

ਘਰ ਦੇ ਵਿੱਚ ਭੰਗ ਭੁੱਜੇ
ਕਈ ਦਿਨਾਂ ਤੋਂ ਸਾਰਾ ਟੱਬਰ
ਕੱਟ ਰਿਹਾ ਫਾਕੇ 'ਤੇ ਫਾਕਾ
ਪਰ ਬੇਸ਼ਰਮ ਨੂੰ ਨਾ ਸ਼ਰਮ ਝਾਕਾ
ਫੇਟੀ ਪੈਣਾ ਆਖਦਾ ਹੈ
"ਵੇਖਕੇ ਮੇਰੀ ਬੱਗੀ ਦਾੜ੍ਹੀ
ਹਰ ਕੋਈ ਜਾਵੇ ਪਛਾੜੀ
ਕਿਸੇ ਨੂੰ ਨਾ ਮੂਲ ਭਾਵਾਂ
ਪਿੰਡ ਨਾ ਹੀ ਸ਼ਹਿਰ ਵਿੱਚ ਮਿਲਦੀ ਦਿਹਾੜੀ...
ਤੇ ਉੱਤੋਂ ਕਾਲੇ ਪੀਲੇ ਮੁੱਛ ਫੁੱਟ ਪੂਰਬੀਏ
ਸਾਡਿਆਂ ਢਿਡਾਂ 'ਤੇ ਲੱਤਾਂ ਮਾਰਦੇ ਨੇ
'ਆਪਣੇ ਬੰਦੇ' ਵੀ ਉਨ੍ਹਾਂ ਨੂੰ ਸਿਰ 'ਤੇ ਚੱਕਣ
ਤੇ ਮਾਤੜ੍ਹਾਂ ਨੂੰ ਸਮਝ ਹੀਣੇ ਦੁਰਕਾਰਦੇ ਨੇ।"
ਜੀਤ ਕੌਰ ਆਪਣੀ ਕੱਢ ਕੇ ਭੜਾਸ
ਹੈ ਭਾਵੇਂ ਅਜੇ ਵੀ ਉਹ ਬੇ-ਆਸ
ਭਾਵੇਂ ਹੈ ਅਜੇ ਵੀ
ਉਸਦਾ ਮੂੰਹ ਕੁਸੈਲਾ
ਪਰ ਠੱਲ੍ਹ ਗਿਆ ਹੈ ਵੇਗ ਉਸਦਾ
ਹੋ ਗਿਆ ਗੁੱਸਾ ਵੀ ਢੈਲਾ ।

## ਮੇਰੇ ਮਨ ਦੀ ਬਾਤ

ਉਸ ਨਗਰ ਵਿੱਚ ਰਹਿ ਕੇ ਯਾਰੋ
ਕੀ ਲੈਣਾ ਹੈ?
ਕੀ ਕਰਨਾ ਹੈ?
ਜਿੱਥੇ ਉਮਰ ਦਾ ਸਿਖ਼ਰ ਦੁਪਹਿਰਾ
ਬੁਰਕੀ ਬੁਰਕੀ ਖਿੰਡ ਗਿਆ ਹੈ
ਟੋਟਾ - ਟੋਟਾ ਤੜਫ ਰਿਹਾ ਹੈ
ਸਹਿਕ ਰਿਹਾ ਹੈ।
'ਵਤਨ' ਤੇ 'ਮਿੱਟੀ' ਸ਼ਬਦਕੋਸ਼ ਦੇ
ਕੈਦੀ ਹੋ ਜਿੱਥੇ ਜੂਨ ਗੁਜ਼ਾਰਨ
ਹੋਣ - ਥੀਣ ਦਾ ਜਜ਼ੀਆ ਟੈਕਸ
ਲਹੂ ਵੀਟਕੇ ਰੋਜ਼ ਉਤਾਰਨ
ਹੱਕ - ਹਕੂਕ ਦੇ ਸਾਰੇ ਦਾਅਵੇ
ਡਾਢੇ ਦੀ ਜੁੱਤੀ ਦੇ ਜਿੱਥੇ

ਹੋਣ ਪਤਾਵੇ
ਧੀ ਦੇ ਬਾਪ ਨੂੰ ਨੀਂਦ ਨਾ ਆਵੇ
ਰਾਜਧਾਨੀ ਤੋਂ ਘਰ ਦੀ ਵੀਹੀ ਤੱਕ
ਇੱਕ ਭੇੜੀਆ ਦੰਦ ਲਿਸ਼ਕਾਵੇ।
ਜਗਦੇ ਸਿਰ ਦਾ
ਮਘਦੇ ਸਿਰ ਦਾ
ਕਾਲੀ ਬੋਲ਼ੀ ਰਾਤ ਕੁਲਹਿਣੀ
ਤੂੰਬਾ ਤੂੰਬਾ ਕਰਕੇ ਸੁੱਟੇ
ਜੋ ਅੱਖ ਪੁੱਟੇ
ਲੀਕ ਨੂੰ ਟੱਪੇ
ਬੁੱਢੀ ਸਰਦਲ ਘੂਰੀ ਵੱਟੇ
ਅੜਾ ਅਰਦਲੀ ਖਾਣ ਨੂੰ ਆਵੇ
ਜਿੰਦ ਨਿਮਾਣੀ ਕਿੱਧਰ ਜਾਵੇ।

## ਅਣਹੋਏ

ਕਿਸੇ ਨੇ ਬੁਰਜ ਬਣਵਾਇਆ
ਮੋਏ ਦੀ ਕਬਰ ਜਾਂ ਕਿਲ੍ਹੇ 'ਤੇ
ਕੁਤਬਾ ਲਿਖਵਾਇਆ
ਜਾਂ ਸ਼ਿਲਾਲੇਖ ਖੁਣਵਾਇਆ
ਤਾਂ ਉਸਦਾ ਨਾਮ ਹੋਇਆ।
ਜੇ ਕਿਸੇ ਧਾੜ੍ਹਵੀ ਨੇ ਗੜ੍ਹ ਕੋਈ ਢਾਇਆ
ਆਪਣੀ ਚੜ੍ਹਤ ਦਾ
ਆਪਣੀ ਫਤਹਿ ਦਾ
ਪਰਚਮ ਲਹਿਰਾਇਆ
ਤਾਂ ਉਸਦਾ ਵੀ ਨਾਮ ਹੋਇਆ।
ਉਸਾਰੀ ਤੇ ਤਬਾਹੀ ਦੇ
ਸੂਲੀ ਦੇ ਤੇ ਫਾਹੀ ਦੇ
ਦਾਅਵੇਦਾਰ ਹਾਜ਼ਰ ਨੇ
ਹਾਜ਼ਰ ਨੇ ਗਵਾਹੀਆਂ ਸਿੱਕਿਆ ਸੰਮਤਾਂ ਸਮੇਤ
ਪਰ ਗੈਰਹਾਜ਼ਰ ਹੁਨਰਮੰਦਾਂ ਦਾ
ਮਿਲੇ ਨਾ ਕੋਈ ਭੇਦ
ਕਿਰ ਰਹੀ ਅੱਖਾਂ 'ਚ ਰੇਤ।

## ਲ਼ੋਹੇ-ਲਾਖੇ

ਨਾ ਕੋਲ ਔਜ਼ਾਰ ਸੀ
ਨਾ ਹਥਿਆਰ ਸੀ
ਪਰ ਅੱਖਾਂ 'ਚ ਸੀ
ਅੱਗ ਦੀ ਲਾਟ
ਚਿਹਰਿਆਂ 'ਤੇ ਵੱਟ
ਮੱਥੇ ਵਿੱਚ ਤਰਾਟ
ਹੁਣ ਬਸਤੀ ਬਸਤੀ
ਜੰਗਲ ਜੰਗਲ
ਅੱਗ ਦੀ ਲਪੇਟ 'ਚ ਹੈ
ਲੋਹੇ ਲਾਖੇ ਹੋਏ
ਅੱਜ ਧਰਤੀ ਦੇ ਪੁੱਤ ਪੁੱਛਦੇ ਨੇ
ਮਾਂ ਕੁਦਰਤ ਦੀਆਂ ਸਾਰੀਆਂ ਨਿਆਮਤਾਂ
ਧਰਤੀ ਦੇ ਸਾਰੇ ਖਜ਼ਾਨੇ
ਕਿਸਦੀ ਮੁੱਠੀ 'ਚ ਨੇ
ਸਾਡੇ ਹਿੱਸੇ ਦੀ ਖੰਨੀ ਚੱਪਾ
ਕਿਸਦੇ ਪੇਟ 'ਚ ਹੈ

## ਕਸਕ/ਡਾ. ਲਕਸ਼ਮੀ ਨਰਾਇਣ ਭੀਖੀ

ਪਹਿਲਾਂ ਪਿਓ ਪ੍ਰਦੇਸੀ ਸੀ
ਹੁਣ ਪੁੱਤ ਪਰਵਾਸੀ ਹੋਇਆ
ਜ਼ਖ਼ਮੀ ਰੂਹ ਨੂੰ ਪੁੱਛੋ ਜੀ
ਦਿਲ ਜਾਰੋ ਜਾਰੀ ਰੋਇਆ
ਪਹਿਲਾਂ ਬਾਪੂ ਮੇਰਾ ਸੀ
ਘਰ–ਬਾਰ ਛੱਡ ਕੇ ਆਇਆ
ਹੁਣ ਪੁੱਤਰ ਮੇਰੇ ਨੇ
ਵਿਚ ਬਦੇਸਾਂ ਡੇਰਾ ਲਾਇਆ
ਪਰਾਏ ਮੁਲਕਾਂ 'ਚ ਬੰਦਾ
ਨਾ ਜਿਊਂਦਾ ਨਾ ਮੋਇਆ
ਪਿੰਡਾਂ ਤੇ ਸ਼ਹਿਰਾਂ 'ਚੋਂ
ਲੋਕੀਂ ਘੱਤ ਵਹੀਰਾਂ ਜਾਂਦੇ
ਛੱਡ ਕੇ ਯਾਰਾਂ ਮਿੱਤਰਾਂ ਨੂੰ
ਵਿਚ ਬਦੇਸਾਂ ਧੱਕੇ ਖਾਂਦੇ

ਉਹਨਾਂ ਦੇ ਹਿੱਸੇ ਦਾ
ਕੰਮਕਾਜ ਕੀਹਨੇ ਖੋਹਿਆ
ਦਿਲ ਰੋਵੇ ਮਾਵਾਂ ਦਾ
ਲਾਡਲੇ ਕਿਵੇਂ ਘਰਾਂ ਤੋਂ ਤੋਰੇ
ਕਿਵੇਂ ਰਹੂ ਪ੍ਰਦੇਸਾਂ 'ਚ
ਪਿਓ ਨੂੰ ਵੱਢ-ਵੱਢ ਖਾਂਦੇ ਝੋਰੇ
ਥਾਂ ਥਾਂ ਨਸਲੀ ਗੋਰਿਆਂ ਨੇ
ਕਾਲੇ ਗੰਦੇ ਕਹਿ ਕੇ ਕੋਹਿਆ
ਹੱਲ ਲੱਭੋ ਨੇਤਾ ਜੀ
ਖ਼ਤਮ ਹੋਵੇ ਇਹ ਵਰਤਾਰਾ
ਇੱਥੇ ਪੜ੍ਹਿਆਂ ਲਿਖਿਆਂ ਦਾ
ਹੋਵੇ ਨਾ ਜੂਨ ਗੁਜ਼ਾਰਾ
ਰੋਟੀ ਦੇ ਮਸਲੇ ਦਾ
ਨਾ ਹੱਲ ਕਿਸੇ ਨੇ ਛੋਹਿਆ
ਰੋਟੀ ਦੀ ਭਟਕਣ 'ਚ
ਇੱਥੋਂ ਕਈ ਜਾਂਦੇ ਕਈ ਆਉਂਦੇ
ਸਭ ਦੋਸ਼ ਸਰਕਾਰਾਂ ਦੇ
ਨਾ ਰੋਟੀ ਦੀ ਵਿਉਂਤ ਬਣਾਉਂਦੇ
ਹਰ ਪਰਵਾਸੀ ਬੰਦੇ ਦਾ
ਦੁੱਖੜਾ ਯਾਰੋ ਦਰਦ ਪਰੋਇਆ
ਜਵਾਨੀ ਦੇ ਹੱਥਾਂ 'ਚ
ਕੀਹਨੇ ਗੰਨ ਤੇ ਨਸ਼ੇ ਫੜਾਏ
ਕ੍ਰਾਂਤੀਕਾਰੀ ਸ਼ਕਤੀ ਨੂੰ
ਦੱਸੋ ਕੌਣ ਕੁਰਾਹੇ ਪਾਏ
ਰੋਂਦੇ ਪੁੱਤ ਦਰਿਆਵਾਂ ਦੇ
ਸੋਨ ਚਿੜੀ ਨੂੰ ਕੋਹਿਆ
ਨਾਕਸ ਵਿਦਿਅਕ ਢਾਂਚੇ ਨੇ
ਹਜ਼ਾਰਾਂ ਕੋਹ ਤੇ ਚੋਗ ਖਿਲਾਰੇ
ਉਡੀਕੇ ਭੈਣ ਰੱਖੜੀ ਤੇ
ਉਸਨੂੰ ਭੇਜੂ ਕੌਣ ਸੰਧਾਰੇ
ਘਰੇ ਮਾਂ ਤੇ ਬਾਪੂ ਨੇ
ਸੀਨੇ 'ਚ ਦਰਦ ਲਕੋਇਆ
ਪਹਿਲਾਂ ਪਿਓ ਪ੍ਰਦੇਸੀ ਸੀ
ਹੁਣ ਪੁੱਤ ਪਰਵਾਸੀ ਹੋਇਆ

ਜ਼ਖ਼ਮੀ ਰੂਹ ਨੂੰ ਪੁੱਛੋ ਜੀ
ਦਿਲ ਜਾਰੋ ਜਾਰੀ ਰੋਇਆ।

## ਚੱਕਰਵਿਊ

ਆਖਿਆ ਦੇਸ ਨੇ
ਨਾਗਰਿਕ ਹਾਂ ਮੈਂ ਉਸਦਾ
ਸਿਰਫ਼ ਤੇ ਸਿਰਫ਼ ਦੇਸ ਬਾਰੇ ਹੀ ਸੋਚਾਂ
ਧਰਤੀ ਬਾਰੇ ਨਾ ਸੋਚਾਂ
ਦੁਨੀਆਂ ਮਰਦੀ ਐ ਮਰੀ ਜਾਵੇ
ਕਿਸੇ ਵਲ ਨਾ ਦੇਖਾਂ
ਧਰਮ ਬੋਲਿਆ ਮੈਂ ਕੱਟੜ ਸ਼ਰਧਾਲੂ ਬਣਾਂ
ਦੂਜੇ ਧਰਮਾਂ ਨੂੰ, ਪੜ੍ਹਨਾ ਤੇ ਸੁਣਨਾ ਛੱਡ ਦਿਆਂ
ਆਪਣੇ ਧਰਮ ਦੀ ਜੈ ਜੈ ਕਾਰ ਕਰਾਂ
ਵੰਸ਼ ਕਹੇ ਮੈਂ ਵੰਸ਼ਪ੍ਰਸਤ ਹੋ ਜਾਵਾਂ
ਉਸ ਲਈ ਮਰਾਂ ਤੇ ਜੀਵਾਂ
ਹੋਰ ਵੰਸ਼ ਦੀ ਸਿਫ਼ਤ ਨਾ ਕਰਾਂ
ਪਰਵਾਰ ਕਹੇ ਮੈਂ ਸਭਨੂੰ ਛੱਡ ਕੇ
ਘਰ-ਬਾਰ ਦਾ ਹੋ ਜਾਵਾਂ
ਬਾਕੀਂ ਸਭ ਕੁੱਝ ਭੁਲਾਵਾਂ
ਵੰਡੀਆਂ ਵਾਲੇ ਚੱਕਰਵਿਊ 'ਚੋਂ
ਵਾਪਸ ਨਿਕਲ ਆਵਾਂ
ਅੰਤਮ ਸਾਹਾਂ ਤੱਕ ਸਮਰਪਤ ਹੋ ਕੇ
ਸੰਪੂਰਨ ਮਨੁੱਖ ਕਹਾਵਾਂ।

## ਜੜ੍ਹਾਂ

*(ਪੁੱਤਰ ਲਈ)*

ਮੋਹ ਮਾਇਆ ਵਿਚ ਰੁਲ਼ ਨਾ ਜਾਈਂ
ਪਿਛੋਕੜ ਕਿਤੇ ਭੁੱਲ ਨਾ ਜਾਈਂ
ਜਵਾਨੀ ਰੁੱਤੇ ਗੀਤ ਗਾਏ ਤੂੰ
ਹਜ਼ਾਰਾਂ ਹੀ ਮੀਤ ਬਣਾਏ ਤੂੰ
ਇਕ ਗੱਲ ਧਿਆਨ 'ਚ ਰੱਖੀਂ
ਗ਼ੈਰਾਂ ਕੋਲੇ ਖੁੱਲ੍ਹ ਨਾ ਜਾਈਂ

ਪਿਛੋਕੜ ਕਿਤੇ ਭੁੱਲ ਨਾ ਜਾਈਂ
ਨਵੇਂ ਗੀਤਾਂ ਦਾ ਰਿਆਜ਼ ਕਰੀਂ ਤੂੰ
ਬੰਦਸ਼ਾਂ ਧੁਨੀਆਂ ਈਜਾਦ ਕਰੀਂ ਤੂੰ
ਗੀਤ ਸੰਗੀਤ ਨੇ ਰੱਬ ਦੇ ਨੇੜੇ
ਪੌਪ ਗਾਇਕੀ ਤੇ ਡੁੱਲ੍ਹ ਨਾ ਜਾਈਂ
ਪਿਛੋਕੜ ਕਿਤੇ ਭੁੱਲ ਨਾ ਜਾਈਂ
ਸਿਰਜਣ ਕਲਾ ਬਚਾ ਕੇ ਰੱਖੀਂ
ਲਿਵ ਸੱਚ ਨਾਲ ਲਾ ਕੇ ਰੱਖੀਂ
ਪੱਕੇ ਪ੍ਰੇਮੀ ਪਛਾਣ ਲਵੀ ਤੂੰ
ਕੱਚਿਆਂ ਸੰਗ ਕਿਤੇ ਘੁਲ਼ ਨਾ ਜਾਈਂ
ਪਿਛੋਕੜ ਕਿਤੇ ਭੁੱਲ ਨਾ ਜਾਈਂ
ਹੁੰਮਸ ਵੇਲੇ ਹਵਾ ਬਣ ਆਈਂ
ਔੜ ਰੁੱਤੇ ਘਟਾ ਬਣ ਜਾਈਂ
ਫ਼ਸਲਾਂ ਵਾਂਗੂੰ ਝੂੰਮੀਂ ਹਰ ਪਲ
ਝੱਖੜ ਵਾਂਗੂੰ ਝੁੱਲ ਨਾ ਜਾਈਂ
ਪਿਛੋਕੜ ਕਿਤੇ ਭੁੱਲ ਨਾ ਜਾਈਂ
ਮਿਹਨਤ ਕਰਲੈ ਨਾਮ ਕਮਾ ਲੈ
ਸਬਰ ਸੰਤੋਖ ਤੇ ਸਿਦਕ ਵਧਾ ਲੈ
ਖਪਤ ਦੀ ਇਸ ਦੁਨੀਆਂ ਅੰਦਰ
ਝੂਠ ਦੀ ਤੱਕੜੀ ਤੁੱਲ ਨਾ ਜਾਈਂ
ਪਿਛੋਕੜ ਕਿਤੇ ਭੁੱਲ ਨਾ ਜਾਈਂ
ਮੰਜ਼ਲਾਂ ਵਲ ਕਦਮ ਵਧਾ ਲੈ
ਦਿਲ 'ਚ ਸੁਪਨੇ ਕੁੱਲ ਸਜਾ ਲੈ
ਮੂਲ ਅਤੇ ਮੌਲਿਕ ਤੋਂ ਟੁੱਟ ਕੇ
ਹੋ ਕਿਤੇ ਬੇਮੁੱਲ ਨਾ ਜਾਈਂ
ਧਰਤ ਤੀਕਰ ਜੜ੍ਹਾਂ ਵਧਾ ਲੈ
ਅੰਬਰ ਵਰਗੀ ਸੋਚ ਬਣਾ ਲੈ
ਗ਼ਮਲੇ ਵਾਲ਼ਾ ਰੁੱਖ ਬਣੀ ਨਾ
ਫ਼ੋਕੀ ਸਿਫ਼ਤ 'ਚ ਫੁੱਲ ਨਾ ਜਾਈਂ
ਪਿਛੋਕੜ ਕਿਤੇ ਭੁੱਲ ਨਾ ਜਾਈਂ
ਮੋਹ ਮਾਇਆ 'ਚ ਰੁਲ਼ ਨਾ ਜਾਈਂ।

## ਨੀਲੇ ਅੰਗੂਠੇ ਅਤੇ ਡਿਗਰੀਆਂ/ਗੁਰਜੰਟ ਰਾਜਿਆਣਾ

ਮੇਰੀ
ਕਿਸੇ ਆਹਰੇ ਲੱਗਣ ਦੀ
ਉਮਰ ਲੰਘਦੀ ਵੇਖ!
ਠਿੱਬੇ ਛਿੱਤਰਾਂ ਨੂੰ
ਪੈਰੀਂ ਪੈਣ ਜੋਗੇ ਕਰਦਿਆਂ!
ਬਾਪੂ ਆਪਣੇ-ਆਪ ਨੂੰ ਇਕੱਠਾ ਕਰਕੇ
ਜਦੋਂ ਹੁੱਬ ਕੇ ਕਹਿੰਦੈ!
ਮੈਂ ਪੈਂਤੀ ਸਾਲ
ਇੱਕੋ ਘਰ ਨਾਲ਼
ਸੀਰੀ ਰਿਹੈਂ!

ਤਾਂ ਮੈਨੂੰ!
ਬਾਪੂ ਦੇ ਸਾਰੇ ਸਰੀਰ ਤੇ
ਨੀਲੇ ਅੰਗੂਠੇ ਹੀ ਅੰਗੂਠੇ
ਉੱਭਰੇ ਨਜ਼ਰ ਆਉਂਦੇ ਨੇ

ਅੱਜਕੱਲ੍ਹ!
ਮੇਰੇ ਹੱਥ 'ਚ ਫੜੀ ਕਿਤਾਬ
ਉਸਨੂੰ ਰੱਦੀ ਤੋਂ ਵੱਧ ਕੁਝ ਨਹੀਂ ਲੱਗਦੀ
ਇਸ ਵਾਰ ਸਿਰ ਪਲੋਸਦਿਆਂ
ਮੇਰੇ ਤੋਂ ਮੂੰਹ ਭੁਆ ਲਿਆ ਹੈ ਬਾਪੂ ਨੇ
ਤੇ ਕਹਿੰਦੈ!
ਕਾਗਤਾਂ ਨਾਲ਼ ਮੱਥਾ ਮਾਰਦਾ ਕਾਗਤ ਹੋਇਐ ਪਿਐ!
ਮੇਰੇ ਸਰੀਰ 'ਚੋਂ ਕਾ.ਗਜ਼ ਉੱਡਣ ਲੱਗਦੇ ਹਨ

## .ਫਰਕ

ਬੱਸ ਏਨਾ ਏ
ਬਾਪੂ ਦੀ ਹੋਣੀ!
ਨੀਲੇ ਅੰਗੂਠੇ ਅੰਗੂਠੇ ਨੇ।
ਤੇ ਮੇਰੀ ਹੋਣੀ!
ਕਾ.ਗਜ਼ਾਂ ਉੱਪਰ ਛਪੇ
ਨਾਂ ਤੇ ਨੰਬਰ!

## ਸੱਤੂ ਮਜ਼ਦੂਰ

ਸਾਰੇ ਵਿਹੜੇ 'ਚੋਂ
ਬੜੀ ਉੱਚੀ ਸੋਚ ਵਾਲ਼ਾ
ਗਿਣਿਆਂ ਜਾਂਦਾ ਹੈ 'ਸੱਤੂ'
ਕਿਉਂ ਜੁ
ਧੀਅ ਜੰਮਣ ਤੇ
ਵਿਹੜੇ 'ਚ
ਕਿਸੇ ਨੇ ਪਹਿਲੀ ਵਾਰ
ਲੱਡੂ ਵੰਡੇ ਸਨ,
ਪਹਿਲੀ ਵਾਰ
ਮਨਾਈ ਸੀ ਲੋਹੜੀ

ਧੀਅ ਵੱਡੀ ਹੁੰਦੀ ਗਈ
ਸੱਤੂ ਦੇ ਫ਼ਾਕੇ ਵਧਦੇ ਗਏ
ਪਰ!
ਧੀਅ ਰੱਜੀ-ਪੁੱਜੀ
ਸੁੱਖ ਨਾਲ਼ ਹੁਣ
ਕਾਲਜ ਜਾਣ ਲੱਗੀ ਹੈ
ਮਜ਼ਦੂਰੀ ਕਰਕੇ ਘਰ ਮੁੜਦਿਆਂ
ਸਿਰ ਪਲੋਸਦਾ
ਸੱਤੂ ਹੁੱਬ ਕੇ ਧੀਅ ਨੂੰ
ਮੇਰਾ ਜੱਜ ਪੁੱਤ!
ਕਹਿ ਪਿਆਰਦਾ ਹੈ

ਕਾਲਜ ਗਈ ਧੀਅ
ਤਿੰਨ ਦਿਨ ਤੋਂ
ਘਰ ਨਹੀਂ ਪਰਤੀ
ਜੱਜ ਦੁਆਰਾ ਭੇਜਿਆ
ਸੰਮਨ ਪਰਤਿਆ ਹੈ
ਜਿਸ ਵਿਚ ਧੀਅ ਨੇ
ਖ਼ਦਸ਼ਾ ਜ਼ਾਹਿਰ ਕੀਤੈ
ਮੈਨੂੰ ਅਤੇ ਮੇਰੇ ਪਤੀ ਨੂੰ
ਮੇਰੇ ਪਿਤਾ 'ਸੱਤੂ' ਤੋਂ

ਜਾਨੀ ਖ਼ਤਰਾ ਹੈ!
ਬੇਸ਼ਕ !
ਸੱਤੂ ਨੇ ਕਦੇ
ਕੁੱਤੇ ਦे ਸੋਟੀ ਵੀ ਨਹੀਂ ਮਾਰੀ।

ਇੱਕ ਦਿਨ
ਹੋਰ ਗੁਜ਼ਰਿਆ ਹੈ
ਸੱਤੂ ਅੱਜ
ਦੇਰ ਨਾਲ਼ ਉੱਠਿਆ ਹੈ
ਤੇ ਉਹ ਕੰਮ ਤੇ ਨਹੀਂ ਗਿਆ।

## ਗਹਿਣਾ

ਮੇਰੀ
ਸ਼ਹਿਰੀ, ਤਰਕਸ਼ੀਲ ਪਤਨੀ
ਮੇਰੀ ਮਾਂ ਦੇ ਤੁਰ ਜਾਣ ਤੋਂ ਬਾਅਦ
ਆਸਤਕ ਹੋ ਗਈ ਏ
ਲੋਕਾਂ ਦੇ ਕਹਿਣ ਤਰ੍ਹਾਂ
ਵਹਿਮ-ਭਰਮ
ਕਰਨ ਲੱਗੀ ਏ।

ਉਹ ਘਰ 'ਤੇ ਬਣੀ
ਹਰ ਮੁਸੀਬਤ ਤੋਂ
ਘਰ ਨੂੰ ਮਹਿਫ਼ੂਜ਼ ਕਰਦੀ
ਮਾਂ ਵਾਂਗ ਹੀ
ਪੀਰਾਂ-ਫ਼ਕੀਰਾਂ ਅੱਗੇ ਹੱਥ-ਪੱਲਾ ਬੰਨ੍ਹਦੀ
ਕਦੇ ਇਕੋਤਰ ਸੌ
ਕਦੇ ਇਕਵੰਜਾ
ਕਦੇ ਇੱਕੀ ਰੁਪਏ ਦਾ
ਗਹਿਣਾ ਚੱਕਦੀ ਏ।
ਮੁਸੀਬਤ ਟਲਦੀ ਜਾਂ ਨਾ
ਸ਼ੁਕਰਾਨਾ ਕਰਦੀ
ਸੁੱਖਣਾ ਪੂਰਦੀ ਏ

ਅੱਜ ਫਿਰ ਉਸਨੇ
ਮੇਰੇ ਅੰਤਲੇ ਆਪ੍ਰੇਸ਼ਨ
ਸਮੇਂ
ਗਿਆਰਾਂ ਰੁਪਏ
ਮੇਰੇ ਸਿਰ ਤੋਂ ਵਾਰਦਿਆਂ
ਮੇਰੇ ਹੱਥ ਛੁਹਾ
ਸੁੱਖਣਾ ਸੁੱਖਦੀ ਨੇ
ਕਿਸੇ ਪੀਰ-ਫ਼ਕੀਰ ਦਾ ਧਿਆਨ ਧਰ
'ਗਹਿਣਾ ਚੱਕਿਆ ਹੈ'
ਪਰ
ਉਸਦੀ ਉਂਗਲ 'ਚ ਬਚਿਆ
ਅੰਤਲਾ 'ਗਹਿਣਾ' ਦਿਸ ਨਹੀਂ ਰਿਹਾ!

## ਮਾਂ ਦਾ ਸੁਫ਼ਨਾ

ਮਾਂ ਜਦ ਵੀ
ਸੁਫ਼ਨੇ ਵਿੱਚ ਆਉਂਦੀ ਏ
ਹੋਰ ਕੁੱਬੀ ਹੋਈ
ਕਿਸੇ ਨਾ ਕਿਸੇ ਘਰ ਦਾ
ਗੋਹਾ-ਕੂੜਾ ਕਰਦੀ
ਮੇਰੇ ਸਕੂਲੋਂ ਆਉਂਦੇ ਵੱਲ
ਬਾਹਾਂ ਉਲਾਰ
ਗੋਹੇ ਲਿੱਬੜੇ ਹੱਥ
ਅੱਗੇ ਵਧਾਉਂਦੀ ਏ
ਮੈਂ ਵੇਖ ਕੇ ਤ੍ਰਭਕ ਜਾਂਦਾ ਹਾਂ!
ਪੈਰਾਂ ਵਾਂਗ ਹੱਥਾਂ ਦੀਆਂ ਬਿਆਈਆਂ
ਹੋਰ ਡੂੰਘੀਆਂ ਹੋ ਗਈਆਂ ਨੇ
ਮਾਂ ਦਿਨ ਢਲ਼ੇ
ਮੋਮਬੱਤੀ ਦੇ ਟੋਟੇ ਤੇ ਤੇਲ
ਦੀਵੇ ਵਿੱਚ ਗਾਲਦੀ
ਬਿਆਈਆਂ ਭਰਦੀ
ਫਿਰ ਚੁੱਲ੍ਹੇ-ਚੌਂਕੇ ਦਾ ਆਹਰ ਕਰਦੀ
ਮੈਲ਼ੀ ਚੁੰਨੀ ਦੇ ਲੜ ਬੰਨ੍ਹੇ
ਛਿੱਲੜ ਜਾਂਚਦੀ

ਪਰ ਇਹ ਸਦਾ
ਗੁਜ਼ਾਰੇ ਦੇ ਰਾਸ਼ਨ ਤੋਂ ਘੱਟ ਹੀ ਹੁੰਦੇ
ਫਿਰ ਵੀ
ਰੱਬ ਦਾ ਸ਼ੁਕਰਾਨਾ ਕਰਦੀ।
ਕੜਛੇ 'ਚ ਗੁੱਗਲ ਪਾ
ਨੇਮ ਨਾਲ਼
ਬਿਨ ਤਖ਼ਤੇ ਥੰਮਾਂ 'ਤੇ ਧੁਖਾਉਂਦੀ
ਘਰ ਨੂੰ
ਹਰ ਬਲਾ ਤੋਂ ਬਚਾਉਂਦੀ
ਅਚਾਨਕ ਠੇਡਾ ਖਾ ਧੜਾਕ..
ਡਿੱਗ ਪੈਂਦੀ ਏ
ਮੇਰੀ ਪਟੱਕ..
ਅੱਖ ਖੁੱਲ੍ਹ ਜਾਂਦੀ ਏ
ਤੇ ਮੈਂ !
ਮਾਂ ਦੀ ਫੋਟੋ ਤੇ ਲਿਖਿਆ
'ਸਵਰਗ-ਵਾਸੀ' ਵਿਸ਼ੇਸ਼ਣ
ਖੁਰਚ ਦਿੰਦਾ ਹਾਂ।

## ਛੇਤੀ ਪਰਤਿਆ ਕਰ

ਕਈ ਮਹੀਨਿਆਂ ਪਿੱਛੋਂ
ਪਿੰਡ ਪਰਤਿਆ ਹਾਂ
ਸਰਦਲਾਂ, ਕੰਧਾਂ-ਕੌਲ਼ਿਆਂ
ਮੇਰੀ ਦਾਦੀ ਵਾਂਗ ਪਿਆਰਦੀ ਛੱਤ ਨੇ
ਡਾਹਢਾ ਗਿਲਾ ਕੀਤੈ!

ਕਿ ਛੇਤੀ
ਪਰਤਿਆ ਕਰ
ਤੈਨੂੰ ਪਤੈ!
ਜਦ ਤੂੰ ਪਰਤਦੈਂ
ਤਾਂ ਅਸੀਂ ਘਰ ਹੋ ਜਾਂਦੇ ਹਾਂ

# ਸਿੱਕਾ ਬਦਲ ਗਿਆ

**-ਕ੍ਰਿਸ਼ਨਾ ਸੋਬਤੀ**

(ਹਿੰਦੀ ਵਿਚ ਲਿਖਣ ਵਾਲੀ ਠੇਠ ਪੰਜਾਬਣ ਕ੍ਰਿਸ਼ਨਾ ਸੋਬਤੀ (1925– 2019) ਦਾ ਜਨਮ ਲਹਿੰਦੇ ਪੰਜਾਬ ਦੇ ਸ਼ਹਿਰ ਗੁਜਰਾਤ ਵਿਚ ਹੋਇਆ ਸੀ। 94 ਸਾਲ ਦੀ ਵਡੇਰੀ ਉਮਰ ਭੋਗ ਕੇ ਜਾਣ ਵਾਲੀ ਇਹ ਲੇਖਕ ਸਾਰੀ ਉਮਰ ਜੁਝਾਰੂ ਖਾਸੇ ਵਾਲੀ ਰਹੀ। ਉਸਦੇ ਸਮਿਆਂ ਵਿਚ ਹਿੰਦੀ ਸਾਹਿਤ ਦੇ ਅਸਮਾਨ ਉਤੇ ਇਨ੍ਹਾਂ ਨਾਂਵਾਂ ਦੇ ਵੱਡੇ ਵੱਡੇ ਸੂਰਜ ਚਮਕ ਰਹੇ ਸਨਃ ਧਰਮਵੀਰ ਭਾਰਤੀ, ਕਮਲੇਸ਼ਵਰ, ਨਿਰਮਲ ਵਰਮਾ, ਰਾਜੇਂਦਰ ਯਾਦਵ ਤੇ ਕਈ ਹੋਰ..। ਪਰ ਹਿੰਦੀ ਗਲਪ ਵਿਚ ਪੰਜਾਬੀ ਮੁਹਾਵਰੇ ਨੂੰ ਗਜ ਵਜ ਕੇ ਪ੍ਰਵੇਸ਼ ਕਰਾਉਣ ਵਾਲੀ ਕ੍ਰਿਸ਼ਨਾ ਸੋਬਤੀ ਇਨ੍ਹਾਂ ਸਾਰਿਆਂ ਨਾਲੋਂ ਵਖਰੀ ਪਛਾਣ ਰਖਦੀ ਸੀ। ਜਿਸ ਰਚਨਾ 'ਜ਼ਿੰਦਗੀਨਾਮਾ' ਉਤੇ ਕ੍ਰਿਸ਼ਨਾ ਸੋਬਤੀ ਨੂੰ1980 ਵਿਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਉਹ ਦੋ ਪੱਖਾਂ ਤੋਂ ਬੜੀ ਨਿਵੇਕਲੀ ਹੈ; ਇਕ ਤਾਂ ਉਸ ਵਿਚ ਨਾਇਕ ਕੋਈ ਇਕ ਜਣਾ ਨਹੀਂ, ਵੰਡ ਤੋਂ ਪਹਿਲਾਂ ਦੇ ਪੰਜਾਬ ਦਾ ਸਮੁੱਚਾ ਭਾਈਚਾਰਾ ਹੈ, ਤੇ ਦੂਜੀ ਗਲ ਇਹ ਉਸ ਵਿਚ ਪੰਜਾਬੀ ਮੁਹਾਵਰੇ ਦੀ ਬੇਝਿਜਕ ਵਰਤੋਂ ਹੈ। ਕ੍ਰਿਸ਼ਨਾ ਸੋਬਤੀ ਨੂੰ ਹਿੰਦੀ ਸਾਹਿਤ ਵਿਚ ਖ਼ਾਸ ਸਥਾਨ ਹਾਸਲ ਹੈ, ਸਿਰਫ਼ ਏਸ ਲਈ ਨਹੀਂ ਕਿ 'ਮਿਤ੍ਰੋ ਮਰਜਾਨੀ' ਜਾਂ 'ਡਾਰ ਸੇ ਬਿਛੁੜੀ' ਦੀ ਲੇਖਕ ਦਾ ਭਾਸ਼ਾਈ ਅੰਦਾਜ਼ ਵੱਖਰਾ ਸੀ, ਸਗੋਂ ਇਸਲਈ ਵੀ ਕਿਉਂਕਿ ਉਸਨੇ ਸੱਠਵਿਆਂ ਵਿਚ ਹੀ ਔਰਤ ਦੀਆਂ ਕਾਮ ਭਾਵਨਾਵਾਂ ਨੂੰ ਖੁਲ੍ਹ ਕੇ ਪੇਸ਼ ਕੀਤਾ ਜਦੋਂ 'ਨਾਰੀਵਾਦ' ਅਜੇ ਪੱਛਮ ਵਿਚ ਵੀ ਸੰਕਲਪ ਦੇ ਤੌਰ ਤੇ ਉਭਰ ਹੀ ਰਿਹਾ ਸੀ।

ਮੇਰੀ ਪੀੜ੍ਹੀ ਦੇ ਹਿੰਦੀ ਸਾਹਿਤ ਪੜ੍ਹਨ ਵਾਲੇ ਪਾਠਕ ਉਸਦੀ ਹਰ ਨਵੀਂ ਕਿਤਾਬ ਨੂੰ ਬਹੁਤ ਉਤਸੁਕਤਾ ਨਾਲ ਉਡੀਕਦੇ ਸਨ। ਹੁਣ ਤਾਂ ਉਸਦੀਆਂ ਕਿਤਾਬਾਂ ਦੇ ਅੰਗਰੇਜ਼ੀ ਅਤੇ ਉਰਦੂ ਅਨੁਵਾਦ ਵੀ ਬਹੁਤ ਮਕਬੂਲ ਹਨ।

ਕ੍ਰਿਸ਼ਨਾ ਸੋਬਤੀ ਦਾ ਸਿਰਫ਼ ਲਿਖਣ ਢੰਗ ਹੀ ਨਹੀਂ, ਪਹਿਰਾਵਾ ਵੀ ਬੜਾ ਅਨੋਖਾ ਸੀ। ਹਮੇਸ਼ਾ ਉਸ ਨੂੰ ਗਰਾਰਾ-ਕਮੀਜ਼ ਅਤੇ ਕੱਜੇ ਸਿਰ ਨਾਲ ਦੇਖਿਆ; ਜਿਵੇਂ ਮੁਸਲਮਾਨ ਔਰਤਾਂ ਦਾ ਰਵਾਇਤੀ ਪਹਿਨਣ ਹੁੰਦਾ ਹੈ। ਇਸ ਵੱਖਰੇ ਅੰਦਾਜ਼ ਪਿਛੇ ਕੀ ਕਾਰਨ ਸੀ, ਕਹਿ ਨਹੀਂ ਸਕਦਾ, ਪਰ ਆਖਰੀ ਦਿਨਾਂ ਤਕ ਉਸਨੇ ਆਪਣਾ 'ਸਟਾਈਲ' ਕਾਇਮ ਰਖਿਆਃ ਬੇਬਾਕ ਲੇਖਣੀ ਵਾਲਾ ਵੀ, ਤੇ ਨਿਡਰ ਬੋਲਣੀ ਦਾ ਵੀ। ਆਖਰੀ ਵਾਰ ਉਸ ਨੂੰ ਦਿਲੀ ਵਿਚ 'ਪ੍ਰਤੀਰੋਧ' ਦੇ ਨਾਂਅ ਹੇਠ ਅਜੋਕੀ ਸਰਕਾਰ ਦੀਆਂ ਨੰਗੀਆਂ ਫਿਰਕੂ ਨੀਤੀਆਂ ਦੇ ਵਿਰੋਧ ਵਿਚ ਹੋਏ ਜਲਸੇ ਵਿਚ ਦੇਖਿਆ ਸੀ। ਉਹ ਪਹੀਆ-ਕੁਰਸੀ ਤੇ ਸੀ, ਪਰ ਸਟੇਜ ਤੇ ਆਈ ਅਤੇ ਬੈਠੇ ਬੈਠੇ ਹੀ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਆਪਣਾ ਖੁਲ੍ਹਾ ਖਤ ਪੜ੍ਹ ਕੇ ਸੁਣਾਇਆ। ਨਾ ਬੋਲਾਂ ਵਿਚ ਕੋਈ ਕਮਜ਼ੋਰੀ ਸੀ, ਨਾ ਸ਼ਬਦਾਂ ਵਿਚ ਕਿਸੇ ਕਿਸਮ ਦਾ ਨਰਮ ਰੁਖ਼। ਪੂਰੇ ਜਬ੍ਹੇ ਨਾਲ ਆਪਣੇ ਤੌਖ਼ਲੇ ਜ਼ਾਹਰ ਕੀਤੇ ਅਤੇ ਅਜੋਕੀ ਸਰਕਾਰ ਨੂੰ ਕੌੜੀ ਫਿਟਕਾਰ ਪਾਈ।

ਵੰਡ ਦੇ ਕਹਿਰੀ ਸਮਿਆਂ ਦੇ ਇਕ ਦਿਨ ਨੂੰ ਉਨ੍ਹਾਂ ਦੇ ਮਖ਼ਸੂਸ ਅੰਦਾਜ਼ ਵਿਚ ਬਿਆਨ ਕਰਦੀ ਉਨ੍ਹਾਂ ਦੀ ਮਸ਼ਹੂਰ ਕਹਾਣੀ 'ਸਿੱਕਾ ਬਦਲ ਗਿਆ' ਦਾ ਤਾਜ਼ਾ ਪੰਜਾਬੀ ਤਰਜਮਾ

'ਪ੍ਰਵਚਨ' ਦੇ ਪਾਠਕਾਂ ਦੀ ਨਜ਼ਰ ਹੈ । –ਸੁਕੀਰਤ)

ਖੱਦਰ ਦੀ ਚਾਦਰ ਦੀ ਬੁੱਕਲ ਮਾਰੀ, ਹੱਥ ਵਿਚ ਮਾਲਾ ਫੜੀ ਸ਼ਾਹਣੀ ਜਦੋਂ ਦਰਿਆ ਕੰਢੇ ਪਹੁੰਚੀ ਤਾਂ ਪਹੁ ਫੁਟ ਰਹੀ ਸੀ। ਅਸਮਾਨ ਦੇ ਪਰਦੇ ਤੇ ਲਾਲੀ ਪਸਰਦੀ ਜਾ ਰਹੀ ਸੀ। ਸ਼ਾਹਣੀ ਨੇ ਕਪੜੇ ਲਾਹ ਕੇ ਇਕ ਪਾਸੇ ਰੱਖੇ ਤੇ ' ਸ੍ਰੀ ਰਾਮ, ਸ੍ਰੀ ਰਾਮ ' ਕਰਦੀ ਪਾਣੀ ਵਿਚ ਲਹਿ ਗਈ। ਚੂਲੀ ਵਿਚ ਪਾਣੀ ਲੈ ਕੇ ਸੂਰਜ ਦੇਵਤੇ ਨੂੰ ਨਮਸਕਾਰ ਕੀਤਾ, ਆਪਣੀਆਂ ਉਨੀਂਦੀਆਂ ਅੱਖਾਂ ਤੇ ਛਿੱਟੇ ਮਾਰੇ ਤੇ ਪਾਣੀ ਨਾਲ ਪਿੰਡਾ ਮਲਣ ਲਗ ਪਈ।

ਝਨਾਅ ਦਾ ਪਾਣੀ ਅੱਜ ਵੀ ਪਹਿਲਾਂ ਵਾਂਗ ਸਰਦ ਸੀ, ਲਹਿਰਾਂ ਲਹਿਰਾਂ ਨੂੰ ਚੁੰਮ ਰਹੀਆਂ ਸਨ। ਸਾਹਮਣੇ ਕਸ਼ਮੀਰ ਦੀਆਂ ਪਹਾੜੀਆਂ ਤੇ ਬਰਫ਼ ਪਿਘਲ ਰਹੀ ਸੀ। ਉੱਛਲ ਉੱਛਲ ਆਂਦੇ ਪਾਣੀ ਦੇ ਭੰਵਰਾਂ ਨਾਲ ਟਕਰਾਂਦੇ ਕਿੰਗਰੇ ਢਹਿ ਰਹੇ ਸਨ, ਪਰ ਦੂਰ ਦੂਰ ਤਕ ਵਿਛੀ ਰੇਤ ਅੱਜ ਪਤਾ ਨਹੀਂ ਕਿਉਂ ਖ਼ਾਮੋਸ਼ ਜਿਹੀ ਜਾਪਦੀ ਸੀ। ਸ਼ਾਹਣੀ ਨੇ ਕਪੜੇ ਪਾਏ, ਏਧਰ ਓਧਰ ਤਕਿਆ, ਕਿਤੇ ਕਿਸੇ ਦਾ ਪਰਛਾਵਾਂ ਵੀ ਨਹੀਂ ਸੀ। ਪਰ ਰੇਤ ਉੱਤੇ ਅਣਗਿਣਤ ਪੈੜਾਂ ਦੇ ਨਿਸ਼ਾਨ ਸਨ। ਉਹ ਕੁਝ ਸਹਿਮ ਜਿਹੀ ਗਈ। ਅੱਜ ਏਸ ਪ੍ਰਭਾਤ ਦੀ ਮਿੱਠੀ ਸੁੰਞ ਵਿਚ ਪਤਾ ਨਹੀਂ ਕਿਉਂ ਕੁਝ ਭਿਆਨਕ ਜਿਹਾ ਲਭਦਾ ਹੈ। ਪਿਛਲੇ ਪੰਜਾਹ ਵਰ੍ਹਿਆਂ ਤੋਂ ਉਹ ਏਥੇ ਨਹਾਉਣ ਆਂਦੀ ਰਹੀ ਹੈ। ਕਿੰਨਾ ਲੰਮਾ ਅਰਸਾ ਹੈ! ਸ਼ਾਹਣੀ ਸੋਚਦੀ ਹੈ, ਇਕ ਦਿਨ ਏਸੇ ਦਰਿਆ ਦੇ ਕੰਢੇ ਉਹ ਵਹੁਟੀ ਦੇ ਰੂਪ ਵਿਚ ਲੱਥੀ ਸੀ, ਤੇ ਅੱਜ...

ਅੱਜ ਸ਼ਾਹ ਜੀ ਨਹੀਂ, ਉਸਦਾ ਉਹ ਪੜ੍ਹਿਆ ਲਿਖਿਆ ਪੁੱਤਰ ਨਹੀਂ, ਅੱਜ ਉਹ ਇਕੱਲੀ ਹੈ, ਸ਼ਾਹ ਜੀ ਦੀ ਲੰਮੀ ਚੌੜੀ ਹਵੇਲੀ ਵਿਚ ਇਕੱਲੀ ਹੈ। ਪਰ ਨਹੀਂ..ਇਹ ਕੀ ਸੋਚਣ ਲਗ ਪਈ ਹੈ ਉਹ ਸਵੇਰੇ ਸਵੇਰੇ। ਅਜੇ ਵੀ ਦੁਨਿਆਦਾਰੀ ਤੋਂ ਮਨ ਨਹੀਂ ਫਿਰਿਆ ਉਸਦਾ। ਸ਼ਾਹਣੀ ਨੇ ਲੰਮਾ ਸਾਹ ਲਿਆ ਤੇ 'ਸ੍ਰੀ ਰਾਮ, ਸ੍ਰੀ ਰਾਮ' ਕਰਦੀ ਨੇ ਬਾਜਰੇ ਦੇ ਖੇਤਾਂ ਰਾਹੀਂ ਘਰ ਦਾ ਰਾਹ ਫੜਿਆ। ਕਿਤੇ ਕਿਤੇ ਲਿੱਪੇ – ਸੁੰਬਰੇ ਵਿਹੜਿਆਂ ਵਿੱਚੋਂ ਧੂੰਆਂ ਉੱਠ ਰਿਹਾ ਸੀ। ਟਨ ਟਨ ਬੌਲਦਾਂ ਦੀਆਂ ਟੱਲੀਆਂ ਵਜਦੀਆਂ ਸੁਣਦੀਆਂ ਹਨ। ਫੇਰ ਵੀ .... ਫੇਰ ਵੀ, ਸਾਰਾ ਕੁਝ ਬੱਧਾ – ਰੁੱਧਾ ਜਿਹਾ ਜਾਪ ਰਿਹਾ ਹੈ। ਸ਼ਾਹਣੀ ਨੇ ਅੱਖ ਚੁੱਕ ਕੇ ਦੇਖਿਆ। ਇਹ ਮੀਲੋਂ ਮੀਲ ਫੈਲੇ ਖੇਤ ਆਪਣੇ ਹੀ ਹਨ। ਭਰੀ ਭਰਾਈ ਨਵੀਂ ਫ਼ਸਲ ਨੂੰ ਦੇਖਕੇ ਸ਼ਾਹਣੀ ਕਿਸੇ ਮੋਹ ਵਿਚ ਭਿੱਜ ਗਈ। ਇਹ ਸਭ ਸ਼ਾਹਣੀ ਦੀਆਂ ਬਰਕਤਾਂ ਨੇ । ਦੂਰ ਦੂਰ ਦੇ ਪਿੰਡਾਂ ਤੋੜ ਫੈਲੀਆਂ ਹੋਈਆਂ ਜ਼ਮੀਨਾਂ, ਜ਼ਮੀਨਾਂ ਵਿਚਲੇ ਖੂਹ –– ਸਭ ਆਪਣੇ ਹਨ। ਸਾਲ ਵਿਚ ਤਿੰਨ ਫ਼ਸਲਾਂ, ਜ਼ਮੀਨ ਤਾਂ ਸੋਨਾ ਉਗਲਦੀ ਹੈ।

ਸ਼ਾਹਣੀ ਖੂਹ ਵਲ ਵਧੀ , ਆਵਾਜ਼ ਮਾਰੀ , "ਸ਼ੇਰੇ, ਸ਼ੇਰੇ, ਹਸੈਨਾ, ਹਸੈਨਾ ..."

ਸ਼ੇਰਾ ਸ਼ਾਹਣੀ ਦਾ ਬੋਲ ਪਛਾਣਦਾ ਹੈ। ਭਲਾ ਉਹ ਨਾ ਪਛਾਣੇਗਾ! ਆਪਣੀ ਮਾਂ ਜ਼ੈਨਾ ਦੇ ਮਰਨ ਪਿੱਛੋਂ ਉਹ ਸ਼ਾਹਣੀ ਕੋਲ ਹੀ ਪਲ ਕੇ ਵੱਡਾ ਹੋਇਆ ਹੈ। ਉਸਨੇ ਕੋਲ ਪਿਆ ਗੰਡਾਸਾ ਸ਼ਟਾਲੇ ਦੇ ਢੇਰ ਹੇਠ ਖਿਸਕਾ ਦਿੱਤਾ। ਹੱਥ ਵਿਚ ਹੁੱਕਾ ਲੈ ਕੇ ਬੋਲਿਆ, "ਨੀ.. ਹਸੈਨਾ... ਸੈਨਾ...।" ਸ਼ਾਹਣੀ ਦੀ ਆਵਾਜ਼ ਉਸਨੂੰ ਜਿਵੇਂ ਹਿਲਾ ਗਈ ਹੈ। ਹੁਣੇ ਤੇ ਉਹ

ਸੋਚਦਾ ਪਿਆ ਸੀ ਕਿ ਹਵੇਲੀ ਦੀ ਹਨੇਰੀ ਕੋਠੜੀ ਵਿਚ ਪਈਆਂ ਸੋਨੇ ਚਾਂਦੀ ਦੀਆਂ ਸੰਦੂਕੜੀਆਂ ਚੁੱਕ ਕੇ ਸ਼ਾਹਣੀ ਨੂੰ.... ਤੇ ਏਨੇ ਨੂੰ "ਸ਼ੇਰੇ, ਸ਼ੇਰੇ।" ਸ਼ੇਰਾ ਗੁੱਸੇ ਨਾਲ ਭਰ ਗਿਆ। ਕਿਸ ਉੱਤੇ ਕੱਢੇ ਆਪਣਾ ਉਬਾਲ? ਚੀਕ ਕੇ ਬੋਲਿਆ, "ਨੀ ਮਰ ਗਈ ਏਂ... ਰੱਬ ਤੈਨੂੰ ਮੌਤ ਦਏ..."

ਹਸੈਨਾ ਆਟੇ ਵਾਲੀ ਪਰਾਤ ਪਾਸੇ ਰਖ ਛੇਤੀ ਛੇਤੀ ਬਾਹਰ ਆਈ, "ਵੇ, ਔਨੀ ਆਂ... ਕਿਓਂ ਛਾਹ ਵੇਲੇ ਤੜਫਣਾ ਏਂ?"

ਹੁਣ ਤਕ ਸ਼ਾਹਣੀ ਨੇੜੇ ਪਹੁੰਚ ਗਈ ਸੀ। ਸ਼ੇਰੇ ਦੀ ਭੜਕੀ ਹੋਈ ਆਵਾਜ਼ ਸੁਣ ਚੁੱਕੀ ਸੀ। ਪਿਆਰ ਨਾਲ ਬੋਲੀ, "ਹੁਸੈਨਾ, ਇਹ ਕੋਈ ਵੇਲਾ ਏ ਲੜਨ ਦਾ? ਉਹ ਕਮਲਾ ਏ, ਤਾਂ ਤੂੰ ਹੀ ਜਿਗਰਾ ਕਰ ਲਿਆ ਕਰ।"

"ਜਿਗਰਾ!", ਹੁਸੈਨਾ ਨੇ ਰਤਾ ਦਾਈਏ ਵਾਲੀ ਸੁਰ ਵਿਚ ਕਿਹਾ, "ਸ਼ਾਹਣੀ, ਮੁੰਡਾ ਆਖ਼ਰ ਮੁੰਡਾ ਹੀ ਹੁੰਦਾ ਏ। ਕਦੇ ਸ਼ੇਰੇ ਨੂੰ ਵੀ ਪੁੱਛਿਆ ਈ ਕਿ ਮੂੰਹ ਨ੍ਹੇਰੇ ਗਾਹਲਾਂ ਦੀ ਬਰਸਾਤ ਕਿਓਂ ਕੀਤੀ ਸੂ?" ਸ਼ਾਹਣੀ ਨੇ ਲਾਡ ਨਾਲ ਹਸੈਨਾ ਦੀ ਪਿੱਠ ਤੇ ਹੱਥ ਫੇਰਿਆ, "ਕਮਲੀਏ, ਮੈਨੂੰ ਤੇ ਮੁੰਡੇ ਨਾਲੋਂ ਨੂੰਹ ਵਧ ਕੇ ਹੈ। ਸ਼ੇਰੇ..."

"ਹਾਂ, ਸ਼ਾਹਣੀ!"

"ਜਾਪਦਾ ਏ, ਰਾਤ ਨੂੰ ਕੁੱਲੂਵਾਲ ਦੇ ਬੰਦੇ ਆਏ ਸਨ ਏਥੇ?" ਸ਼ਾਹਣੀ ਨੇ ਗੰਭੀਰ ਸੁਰ ਵਿਚ ਕਿਹਾ।

ਸ਼ੇਰੇ ਨੇ ਜ਼ਰਾ ਰੁਕ ਕੇ, ਘਬਰਾ ਕੇ ਕਿਹਾ, "ਨਹੀਂ.. ਸ਼ਾਹਣੀ!" ਸ਼ੇਰੇ ਦੇ ਜਵਾਬ ਨੂੰ ਅਣਸੁਣਿਆਂ ਕਰਦਿਆਂ ਸ਼ਾਹਣੀ ਰਤਾ ਫਿਕਰਮੰਦੀ ਵਾਲੇ ਸੁਰ ਵਿਚ ਬੋਲੀ, "ਜੋ ਕੁਝ ਵੀ ਹੋ ਰਿਹਾ ਹੈ, ਚੰਗਾ ਨਹੀਂ। ਸ਼ੇਰੇ, ਅੱਜ ਸ਼ਾਹ ਜੀ ਹੁੰਦੇ ਤਾਂ ਸ਼ਾਇਦ ਕੁਝ ਰਖ ਰਖਾਅ ਕਰਦੇ। ਪਰ..." , ਸ਼ਾਹਣੀ ਬੋਲਦੀ ਬੋਲਦੀ ਰੁਕ ਗਈ। ਅੱਜ ਕੀ ਹੋ ਰਿਹਾ ਹੈ। ਸ਼ਾਹਣੀ ਨੂੰ ਜਾਪਿਆ ਜਿਵੇਂ ਗਚ ਭਰ ਭਰ ਆਂਦਾ ਹੋਵੇ...ਸ਼ਾਹ ਜੀ ਨੂੰ ਵਿੱਛੜਿਆਂ ਕਈ ਸਾਲ ਹੋ ਗਏ ਹਨ.. ਪਰ ਅੱਜ ਕੁਝ ਪਿਘਲ ਰਿਹਾ ਹੈ.. ਸ਼ਾਇਦ ਪੁਰਾਣੀਆਂ ਯਾਦਾਂ.. ਹੰਝੂਆਂ ਨੂੰ ਡੱਕਣ ਦੀ ਕੋਸ਼ਿਸ ਕਰਦਿਆਂ ਉਸਨੇ ਹਸੈਨਾ ਵੱਲ ਦੇਖਿਆ ਤੇ ਨਿੰਮਾ ਜਿਹਾ ਹਸ ਪਈ। ਤੇ ਸ਼ੇਰਾ ਸੋਚ ਹੀ ਰਿਹਾ ਹੈ, 'ਕੀ ਆਖਦੀ ਪਈ ਹੈ ਸ਼ਾਹਣੀ ਅੱਜ! ਅੱਜ ਸ਼ਾਹਣੀ ਤਾਂ ਕੀ, ਕੋਈ ਵੀ ਕੁਝ ਨਹੀਂ ਕਰ ਸਕਦਾ। ਇਹ ਹੋ ਕੇ ਹੀ ਰਹੇਗਾ – ਕਿਓਂ ਨਾ ਹੋਵੇ? ਸਾਡੇ ਹੀ ਭਾਈਬੰਦਾਂ ਕੋਲੋਂ ਸੂਦ ਲੈ ਕੇ ਸ਼ਾਹ ਜੀ ਸੋਨੇ ਦੀਆਂ ਬੋਰੀਆਂ ਤੋਲਦੇ ਸਨ।' ਬਦਲੇ ਦੀ ਅੱਗ ਸ਼ੇਰੇ ਦੀਆਂ ਅੱਖਾਂ ਵਿੱਚ ਉਤਰ ਆਈ। ਗੰਡਾਸਾ ਚੇਤੇ ਆ ਗਿਆ। ਸ਼ਾਹਣੀ ਵਲ ਦੇਖਿਆ -- ਨਹੀਂ, ਨਹੀਂ। ਸ਼ੇਰਾ ਪਿਛਲੇ ਦਿਨਾਂ ਵਿਚ ਤੀਹ, ਚਾਲੀ ਕਤਲ ਕਰ ਚੁੱਕਾ ਹੈ, ਪਰ ਏਨਾ ਵੀ ਨੀਚ ਨਹੀਂ... ਸਾਹਮਣੇ ਬੈਠੀ ਸ਼ਾਹਣੀ ਨਹੀਂ, ਸਗੋਂ ਸ਼ਾਹਣੀ ਦੇ ਹੱਥ ਉਸਦੀਆਂ ਅੱਖਾਂ ਵਿੱਚ ਉਭਰ ਆਏ। ਸਿਆਲੇ ਦੀਆਂ ਉਹ ਰਾਤਾਂ -- ਕਦੇ ਕਦੇ ਸ਼ਾਹ ਜੀ ਕੋਲੋਂ ਝਾੜ ਖਾ ਕੇ ਉਹ ਹਵੇਲੀ ਵਿਚ ਪਿਆ ਰਹਿੰਦਾ ਤਾਂ ਫੇਰ ਲਾਲਟੈਣ ਦੀ ਰੌਸ਼ਨੀ ਵਿਚ ਦੇਖਦਾ, ਸ਼ਾਹਣੀ ਦੇ ਮਮਤਾ ਭਰੇ ਹੱਥ, ਦੁੱਧ ਦੀ ਬਾਟੀ ਫੜੀ ਹੋਈ, "ਸ਼ੇਰਿਆ, ਉੱਠ, ਪੀ ਲੈ।" ਸ਼ੇਰੇ ਨੇ ਸ਼ਾਹਣੀ ਦੇ ਝੁਰੜੀਆਂ ਭਰੇ ਚਿਹਰੇ ਮੂੰਹ ਵੱਲ ਤਕਿਆ ਤਾਂ ਉਹ ਹੌਲੀ ਹੌਲੀ ਮੁਸਕਰਾ ਰਹੀ ਸੀ। ਸ਼ੇਰਾ ਕੰਬ ਉੱਠਿਆ। ਆਖ਼ਰ ਸ਼ਾਹਣੀ ਨੇ

ਕੀ ਵਿਗਾੜਿਆ ਹੈ ਸਾਡਾ? ਸ਼ਾਹ ਜੀ ਦੀ ਗਲ ਸ਼ਾਹ ਜੀ ਨਾਲ ਮੁੱਕ ਗਈ, ਉਹ ਸ਼ਾਹਣੀ ਨੂੰ ਜ਼ਰੂਰ ਬਚਾਏਗਾ। ਪਰ ਕਲ੍ਹ ਰਾਤ ਵਾਲੀ ਗੱਲ ਉਸ ਕਿਵੇਂ ਮੰਨ ਲਈ ਸੀ ! ਫ਼ਰੋਜ਼ ਦੀ ਆਖੀ, "ਸਭ ਕੁਝ ਠੀਕ ਹੋ ਜਾਏਗਾ... ਸਮਾਨ ਸਾਰਾ ਵੰਡ ਲਿਆ ਜਾਏਗਾ।"

"ਸ਼ਾਹਣੀ, ਚਲ ਤੈਨੂੰ ਘਰ ਤਕ ਛੱਡ ਆਵਾਂ।"

ਸ਼ਾਹਣੀ ਉੱਠ ਖੜ੍ਹੀ। ਕਿਸੇ ਡੂੰਘੀ ਸੋਚ ਵਿਚ ਡੁੱਬੀ ਸ਼ਾਹਣੀ ਦੇ ਪਿੱਛੇ ਪਿੱਛੇ ਮਜ਼ਬੂਤ ਕਦਮੀਂ ਸ਼ੇਰਾ ਤੁਰ ਰਿਹਾ ਹੈ। ਸੰਸੇ ਭਰੀਆਂ ਨਜ਼ਰਾਂ ਨਾਲ ਏਧਰ ਓਧਰ ਦੇਖਦਾ ਜਾ ਰਿਹਾ ਹੈ। ਆਪਣੇ ਸਾਥੀਆਂ ਦੀਆਂ ਗੱਲਾਂ ਉਸ ਦੇ ਕੰਨਾਂ ਵਿਚ ਗੂੰਜ ਰਹੀਆਂ ਹਨ। ਪਰ ਕੀ ਮਿਲੂ ਸ਼ਾਹਣੀ ਨੂੰ ਮਾਰਕੇ?

"ਸ਼ਾਹਣੀ!"

"ਹਾਂ, ਸ਼ੇਰੇ?"

ਸ਼ੇਰਾ ਚਾਹੁੰਦਾ ਹੈ ਕਿ ਸਿਰ ਤੇ ਆਣ ਵਾਲੇ ਖ਼ਤਰੇ ਬਾਰੇ ਕੁਝ ਤਾਂ ਸ਼ਾਹਣੀ ਨੂੰ ਦਸ ਦੇਵੇ, ਪਰ ਉਹ ਦਸੇ ਕਿਵੇਂ?

"ਸ਼ਾਹਣੀ..."

ਸ਼ਾਹਣੀ ਨੇ ਸਿਰ ਚੁੱਕਿਆ। ਆਸਮਾਨ ਧੂੰਏਂ ਨਾਲ ਭਰ ਗਿਆ ਸੀ। "ਸ਼ੇਰੇ ..."

ਸ਼ੇਰੇ ਨੂੰ ਪਤਾ ਹੈ ਕਿ ਇਹ ਅੱਗ ਹੈ। ਅੱਜ ਜਬਲਪੁਰ ਅੱਗ ਲੱਗਣੀ ਸੀ, ਲੱਗ ਗਈ। ਸ਼ਾਹਣੀ ਕੁਝ ਨਾ ਬੋਲ ਸਕੀ। ਉਸਦੇ ਸਾਰੇ ਸਾਕ ਸਬੰਧੀ ਓਥੇ ਹੀ ਹਨ।

ਹਵੇਲੀ ਆ ਗਈ। ਸ਼ਾਹਣੀ ਨੇ ਖ਼ਾਲੀ ਮਨ ਨਾਲ ਡਿਓੜੀ ਵਿਚ ਪੈਰ ਧਰਿਆ। ਸ਼ੇਰਾ ਕਦੋਂ ਮੁੜ ਗਿਆ, ਉਸਨੂੰ ਕੁਝ ਪਤਾ ਨਹੀਂ। ਮਰੀਅਲ ਜਿਹੀ ਦੇਹ ਤੇ ਇਕੱਲੀ, ਬਿਨਾਂ ਕਿਸੇ ਸਹਾਰੇ ਦੇ ਪਤਾ ਨਹੀਂ ਕਦੋਂ ਤਕ ਸ਼ਾਹਣੀ ਓਥੇ ਹੀ ਪਈ ਰਹੀ। ਦੁਪਹਿਰ ਆਈ ਤੇ ਢਲ ਗਈ। ਹਵੇਲੀ ਖੁੱਲ੍ਹੀ ਪਈ ਹੈ। ਅੱਜ ਸ਼ਾਹਣੀ ਕੋਲੋਂ ਉੱਠਿਆ ਨਹੀਂ ਜਾਂਦਾ। ਜਿਵੇਂ ਉਸਦਾ ਸਾਰਾ ਹੱਕ ਅਜ ਆਪਣੇ ਆਪ ਹੀ ਉਸ ਕੋਲੋਂ ਖੁਸ ਰਿਹਾ ਹੋਵੇ। ਸ਼ਾਹ ਜੀ ਦੇ ਘਰ ਦੀ ਮਾਲਕਣ.. ਪਰ ਨਹੀਂ, ਅਜ ਮੋਹ ਨਹੀਂ ਛੁਟਦਾ ਪਿਆ, ਜਿਵੇਂ ਪੱਥਰ ਹੋ ਗਈ ਹੋਵੇ। ਪਈ ਪਈ ਨੂੰ ਸ਼ਾਮ ਹੋ ਗਈ, ਪਰ ਉੱਠਣ ਦਾ ਉਸ ਕੋਲੋਂ ਫੇਰ ਵੀ ਨਹੀਂ ਸੋਚਿਆ ਜਾਂਦਾ। ਅਚਾਨਕ ਰਸੂਲੀ ਦੀ ਆਵਾਜ਼ ਸੁਣ ਕੇ ਤ੍ਰਭਕੀ।

"ਸ਼ਾਹਣੀ, ਸ਼ਾਹਣੀ, ਸੁਣ, ਟਰੱਕਾਂ ਆਂਦੀਆਂ ਪਈਆਂ ਨੇ ਲੈਣ।"

"ਟਰੱਕਾਂ..?" ਸ਼ਾਹਣੀ ਇਸ ਤੋਂ ਵਧ ਕੁਝ ਨਾ ਬੋਲ ਸਕੀ। ਹੱਥਾਂ ਨੇ ਇਕ ਦੂਜੇ ਨੂੰ ਫੜ ਲਿਆ। ਗਲ ਗਲ ਵਿਚ ਖਬਰ ਸਾਰੇ ਪਿੰਡ ਵਿੱਚ ਫੈਲ ਗਈ। ਬੀਬੀ ਨੇ ਆਪਣੇ ਭਰੜਾਏ ਹੋਏ ਕੰਠ ਨਾਲ ਕਿਹਾ, "ਸ਼ਾਹਣੀ, ਅੱਜ ਤਕ ਨਾ ਕਦੇ ਇੰਜ ਹੋਇਆ, ਨਾ ਸੁਣਿਆ। ਗ਼ਜ਼ਬ ਹੋ ਗਿਆ, ਹਨੇਰ ਸਾਈਂ ਦਾ।"

ਸ਼ਾਹਣੀ ਪੱਥਰ ਹੋਈ ਓਥੇ ਹੀ ਖੜ੍ਹੋਤੀ ਰਹੀ । ਨਵਾਬ ਬੀਬੀ ਨੇ ਮੋਹ – ਭਿੱਜੀ ਉਦਾਸੀ ਨਾਲ ਕਿਹਾ, "ਸ਼ਾਹਣੀ, ਅਸੀਂ ਕਦੇ ਸੋਚਿਆ ਵੀ ਨਹੀਂ ਸੀ।"

ਸ਼ਾਹਣੀ ਕੀ ਆਖਦੀ ਕਿ ਉਹਨੇ ਵੀ ਕਿਹੜਾ ਕਦੇ ਇੰਜ ਸੋਚਿਆ ਸੀ? ਹੇਠੋਂ ਪਟਵਾਰੀ ਬੇਗੂ ਤੇ ਜ਼ੈਲਦਾਰ ਦੀ ਗਲਬਾਤ ਕੰਨੀਂ ਪਈ। ਸ਼ਾਹਣੀ ਸਮਝ ਗਈ ਕਿ ਵੇਲਾ ਆ ਗਿਆ ਹੈ।

ਮਸ਼ੀਨ ਵਾਂਗ ਹੇਠਾਂ ਉਤਰੀ ਪਰ ਡਿਓੜੀ ਨਾ ਲੰਘ ਸਕੀ। ਕਿਸੇ ਡੂੰਘੀ, ਬੜੀ ਡੂੰਘੀ ਲੱਥੀ ਆਵਾਜ਼ ਵਿਚ ਪੁੱਛਿਆ, "ਕੌਣ?.. ਕੌਣ ਹੈ ਓਥੇ?"

ਕੌਣ ਨਹੀਂ ਹੈ ਅੱਜ ਓਥੇ? ਸਾਰਾ ਪਿੰਡ ਹੈ, ਜਿਹੜਾ ਕਦੇ ਉਸਦੇ ਇਸ਼ਾਰਿਆਂ ਤੇ ਨਚਦਾ ਹੁੰਦਾ ਸੀ। ਉਸਦੀਆਂ ਅਸਾਮੀਆਂ ਹਨ ਜਿਨ੍ਹਾਂ ਨੂੰ ਉਹਨੇ ਕਦੇ ਆਪਣੇ ਰਿਸ਼ਤੇਦਾਰਾਂ ਤੋਂ ਘਟ ਕਰਕੇ ਨਹੀਂ ਸੀ ਜਾਣਿਆ। ਪਰ ਨਹੀਂ, ਅੱਜ ਉਸਦਾ ਕੋਈ ਨਹੀਂ, ਅੱਜ ਉਹ ਇਕੱਲੀ ਹੈ। ਇਹ ਭੀੜ ਦੀ ਭੀੜ, ਤੇ ਉਨ੍ਹਾਂ ਵਿਚ ਕੁੱਲੂਵਾਲ ਦੇ ਜੱਟ। ਉਹਨੂੰ ਭਲਾ ਸਵੇਰੇ ਹੀ ਨਹੀਂ ਸੀ ਸਮਝ ਪੈ ਗਈ?

ਬੇਗੂ ਪਟਵਾਰੀ ਤੇ ਮਸੀਤ ਦੇ ਮੌਲਵੀ ਇਸਮਾਈਲ ਨੇ ਪਤਾ ਨਹੀਂ ਕੀ ਸੋਚਿਆ, ਸ਼ਾਹਣੀ ਦੇ ਕੋਲ ਆਣ ਖੜੋਤੇ । ਬੇਗੂ ਕੋਲੋਂ ਅੱਜ ਸ਼ਾਹਣੀ ਵਲ ਵੇਖਿਆ ਨਹੀਂ ਸੀ ਜਾ ਰਿਹਾ। ਹੌਲੀ ਜਿਹੀ ਗਲਾ ਸਾਫ਼ ਕਰਦਿਆਂ ਕਿਹਾ, "ਸ਼ਾਹਣੀ, ਰੱਬ ਨੂੰ ਇਹੋ ਮਨਜ਼ੂਰ ਸੀ।"

ਸ਼ਾਹਣੀ ਦੇ ਪੈਰ ਡੋਲ ਗਏ। ਚੱਕਰ ਆਇਆ ਤੇ ਕੰਧ ਨਾਲ ਲਗ ਗਈ। ਏਸੇ ਦਿਨ ਲਈ ਛੱਡ ਗਏ ਸਨ ਸ਼ਾਹ ਜੀ ਉਸਨੂੰ? ਬੇਜਾਨ ਜਿਹੀ ਸ਼ਾਹਣੀ ਵਲ ਦੇਖਦਾ ਬੇਗੂ ਸੋਚ ਰਿਹਾ ਹੈ ਕਿ ਕੀ ਗੁਜ਼ਰ ਰਹੀ ਹੈ ਸ਼ਾਹਣੀ ਉੱਤੇ! ਪਰ ਕੀ ਹੋ ਸਕਦਾ ਹੈ, ਸਿੱਕਾ ਬਦਲ ਗਿਆ ਹੈ...

ਸ਼ਾਹਣੀ ਦੇ ਘਰੋਂ ਨਿਕਲਣਾ ਛੋਟੀ ਜਿਹੀ ਗਲ ਨਹੀਂ। ਪਿੰਡ ਦਾ ਪਿੰਡ ਖੜਾ ਹੈ, ਹਵੇਲੀ ਦੇ ਬੂਹੇ ਤੋਂ ਲੈ ਕੇ ਓਸ ਦਾਰੇ ਤੀਕ, ਜਿਸਨੂੰ ਸ਼ਾਹਣੀ ਨੇ ਆਪਣੇ ਪੁੱਤਰ ਦੇ ਵਿਆਹ ਵੇਲੇ ਬਣਵਾਇਆ ਸੀ। ਓਦੋਂ ਤੋਂ ਲੈ ਕੇ ਅੱਜ ਤੀਕ ਸਭ ਫ਼ੈਸਲੇ, ਸਾਰੇ ਮਸ਼ਵਰੇ ਏਥੇ ਹੀ ਹੁੰਦੇ ਰਹੇ ਹਨ। ਇਸ ਵੱਡੀ ਹਵੇਲੀ ਨੂੰ ਲੁੱਟ ਲੈਣ ਦੀ ਗਲ ਵੀ ਏਥੇ ਹੀ ਸੋਚੀ ਗਈ ਸੀ।

ਇਹ ਨਹੀਂ ਕਿ ਸ਼ਾਹਣੀ ਨੂੰ ਕੁਝ ਪਤਾ ਨਹੀਂ ਸੀ। ਉਹ ਜਾਣ ਕੇ ਵੀ ਅਣਜਾਣ ਬਣੀ ਰਹੀ। ਉਸਨੇ ਕਦੇ ਦਵੈਤ ਨਹੀਂ ਜਾਣਿਆ। ਕਿਸੇ ਦਾ ਬੁਰਾ ਨਹੀਂ ਕੀਤਾ। ਪਰ ਬੁੱਢੀ ਸ਼ਾਹਣੀ ਨੂੰ ਇਹ ਨਹੀਂ ਸੀ ਪਤਾ ਕਿ ਸਿੱਕਾ ਬਦਲ ਗਿਆ ਹੈ ..

ਦੇਰ ਹੋ ਰਹੀ ਸੀ। ਦਾਊਦ ਖਾਨ ਜ਼ਰਾ ਆਕੜ ਕੇ ਅੱਗੇ ਆਇਆ ਤੇ ਡਿਓੜੀ ਵਿਚ ਖੜ੍ਹੇ ਨਿਰਜਿੰਦ ਪਰਛਾਵੇਂ ਨੂੰ ਦੇਖ ਕੇ ਠਠੰਬਰ ਗਿਆ। ਉਹੀ ਸ਼ਾਹਣੀ ਹੈ ਜਿਸਦੇ ਸ਼ਾਹ ਜੀ ਉਸਲਈ ਦਰਿਆ ਦੇ ਕੰਢੇ ਖ਼ੇਮੇ ਲੁਆ ਦੇਂਦੇ ਹੁੰਦੇ ਸਨ..ਇਹ ਤਾਂ ਉਹੀ ਸ਼ਾਹਣੀ ਹੈ ਜਿਸਨੇ ਮੂੰਹ ਦਿਖਾਈ ਦੀ ਰਸਮ ਵੇਲੇ ਉਸਦੀ ਮੰਗੇਤਰ ਨੂੰ ਸੋਨੇ ਦੀਆਂ ਵਾਲੀਆਂ ਦਿੱਤੀਆਂ ਸਨ। ਅਜੇ ਓਸੇ ਦਿਨ ਤਾਂ ਜਦੋਂ ਉਹ ' ਲੀਗ ' ਦੇ ਕੰਮ ਦੇ ਸਿਲਸਿਲੇ ਵਿਚ ਆਇਆ ਸੀ ਤਾਂ ਉਸਨੇ ਗੁਸਤਾਖ਼ੀ ਨਾਲ ਕਿਹਾ ਸੀ, "ਸ਼ਾਹਣੀ, ਭਾਗੋਵਾਲ ਮਸੀਤ ਬਣੇਗੀ। ਤਿੰਨ ਸੌ ਰੁਪਈਏ ਦੇਣੇ ਪੈਣਗੇ।" ਸ਼ਾਹਣੀ ਨੇ ਓਸੇ ਭੋਲੇ ਸੁਭਾਅ ਨਾਲ ਤਿੰਨ ਸੌ ਰੁਪਈਏ ਧਰ ਦਿੱਤੇ ਸਨ। ਤੇ ਅੱਜ ..?

"ਸ਼ਾਹਣੀ!" ਦਾਊਦ ਖਾਨ ਨੇ ਆਵਾਜ਼ ਮਾਰੀ। ਉਹ ਥਾਣੇਦਾਰ ਹੈ, ਨਹੀਂ ਤਾਂ ਉਸਦਾ ਸੁਰ ਸ਼ਾਇਦ ਉਸਦੀਆਂ ਅੱਖਾਂ ਵਿਚ ਉਤਰ ਆਂਦਾ।

ਗੁਮਸੁੰਮ ਸ਼ਾਹਣੀ ਕੁਝ ਨਾ ਬੋਲ ਸਕੀ।

"ਸ਼ਾਹਣੀ!" ਉਹ ਡਿਓੜੀ ਦੇ ਕੋਲ ਜਾ ਕੇ ਬੋਲਿਆ, "ਦੇਰ ਹੋ ਰਹੀ ਹੈ, ਸ਼ਾਹਣੀ

(ਫੇਰ ਹੌਲੀ ਜਿਹੇ) ਕੁਝ ਨਾਲ ਰੱਖਣਾ ਏ ਤਾਂ ਰੱਖ ਲੈ। ਨਾਲ ਕੁਝ ਬੰਨ੍ਹ ਲਿਆ ਏ? ਸੋਨਾ–ਚਾਂਦੀ…"

"ਸੋਨਾ–ਚਾਂਦੀ !" ਸ਼ਾਹਣੀ ਕੁਝ ਅਣਉਚਰੇ ਸੁਰ ਵਿਚ ਬੋਲੀ। ਰਤਾ ਰੁਕ ਕੇ ਸਾਦਗੀ ਨਾਲ ਕਿਹਾ, "ਸੋਨਾ – ਚਾਂਦੀ, ਬੱਚੜਿਆ, ਉਹ ਸਭ ਕੁਝ ਤੁਸਾਂ ਲੋਕਾਂ ਲਈ ਏ। ਮੇਰਾ ਸੋਨਾ ਤਾਂ ਇੱਕ ਇੱਕ ਪੈਲੀ ਵਿਚ ਵਿਛਿਆ ਹੋਇਆ ਹੈ।"

ਦਾਊਦ ਖਾਨ ਸ਼ਰਮਿੰਦਾ ਜਿਹਾ ਹੋ ਗਿਆ, "ਸ਼ਾਹਣੀ, ਤੂੰ 'ਕੱਲੀ ਏਂ। ਕੋਲ ਕੁਝ ਹੋਣਾ ਜ਼ਰੂਰੀ ਏ। ਕੁਝ ਨਕਦੀ ਹੀ ਰਖ ਲੈ । ਵੇਲੇ ਦਾ ਕੋਈ ਪਤਾ ਨਹੀਂ।"

"ਵੇਲਾ," ਸ਼ਾਹਣੀ ਆਪਣੀਆਂ ਭਿੱਜੀਆਂ ਅੱਖਾਂ ਨਾਲ ਹਸ ਪਈ, "ਦਾਊਦ ਖਾਨ, ਇਸ ਤੋਂ ਚੰਗਾ ਵੇਲਾ ਵੇਖਣ ਲਈ ਮੈਂ ਭਲਾ ਜਿਊਂਦੀ ਰਹਿਣਾ ਹੈ।" ਕਿਸੇ ਡੂੰਘੀ ਵੇਦਨਾ ਤੇ ਤਿਰਸਕਾਰ ਨਾਲ ਸ਼ਾਹਣੀ ਨੇ ਆਖ ਸੁਣਾਇਆ।

ਦਾਊਦ ਖਾਨ ਨੂੰ ਕੋਈ ਜਵਾਬ ਨਹੀਂ ਅਹੁੜਦਾ। ਹਿੰਮਤ ਕਰਕੇ ਬੋਲਿਆ, "ਸ਼ਾਹਣੀ, ਕੁਝ ਨਕਦੀ ਜ਼ਰੂਰੀ ਏ।"

"ਨਹੀਂ, ਬੱਚੜੇ, ਮੈਨੂੰ ਏਸ ਘਰ ਨਾਲੋਂ… " ਸ਼ਾਹਣੀ ਦਾ ਗੱਚ ਭਰ ਆਇਆ, "ਨਕਦੀ ਪਿਆਰੀ ਨਹੀਂ। ਏਥੋਂ ਦੀ ਨਕਦੀ ਏਥੇ ਹੀ ਰਹੇਗੀ।"

ਸ਼ੇਰਾ ਕੋਲ ਆਣ ਕੇ ਖੜੋ ਗਿਆ। ਦੂਰੋਂ ਖੜੇ ਨੇ ਦਾਊਦ ਖਾਨ ਨੂੰ ਸ਼ਾਹਣੀ ਦੇ ਕੋਲ ਦੇਖਿਆ ਤਾਂ ਉਸਨੂੰ ਸ਼ਕ ਹੋਇਆ ਕਿਤੇ ਕੁਝ ਮੰਗਦਾ ਨਾ ਹੋਵੇ ਸ਼ਾਹਣੀ ਕੋਲੋਂ।

"ਖਾਨ ਸਾਹਬ, ਦੇਰ ਹੋ ਰਹੀ ਹੈ…"

ਸ਼ਾਹਣੀ ਤ੍ਰਭਕ ਪਈ। ਦੇਰ.. ਮੇਰੇ ਘਰ ਵਿਚ ਮੈਨੂੰ ਦੇਰ ! ਹੰਝੂਆਂ ਦੇ ਭੰਵਰ ਵਿਚ ਪਤਾ ਨਹੀਂ ਕਿੱਥੋਂ ਵਿਦਰੋਹ ਨੇ ਸਿਰ ਚੁੱਕ ਲਿਆ। ਮੈਂ ਪੁਰਖਿਆਂ ਦੇ ਇਸ ਵੱਡੇ ਘਰ ਦੀ ਰਾਣੀ ਤੇ ਇਹ ਮੇਰੇ ਹੀ ਅੰਨ ਤੇ ਪਲੇ ਹੋਏ… ਨਹੀਂ, ਇਹ ਸਭ ਕੁਝ ਨਹੀਂ , ਠੀਕ ਹੈ.. ਦੇਰ ਹੋ ਰਹੀ ਹੈ। ਸ਼ਾਹਣੀ ਦੇ ਕੰਨਾਂ ਵਿਚ ਇਹੋ ਗੂੰਜ ਰਿਹਾ ਹੈ – ਦੇਰ ਹੋ ਰਹੀ ਹੈ… ਪਰ ਨਹੀਂ, ਰੋ ਰੋ ਕੇ ਨਹੀਂ , ਸ਼ਾਨ ਨਾਲ ਨਿਕਲੇਗੀ ਪੁਰਖਿਆਂ ਦੇ ਏਸ ਘਰ ਤੋਂ। ਮਾਣ ਨਾਲ ਪਾਰ ਕਰੇਗੀ ਉਹ ਡਿਓੜੀ, ਜਿਸ ਉੱਤੇ ਇੱਕ ਦਿਨ ਨੂੰਹ ਰਾਣੀ ਬਣ ਕੇ ਆਣ ਖੜੋਤੀ ਸੀ।

ਆਪਣੇ ਲੜਖੜਾਉਂਦੇ ਕਦਮਾਂ ਨੂੰ ਸੰਭਾਲ ਕੇ ਸ਼ਾਹਣੀ ਨੇ ਦੁਪੱਟੇ ਨਾਲ ਅੱਖਾਂ ਪੂੰਝੀਆਂ ਤੇ ਡਿਓੜੀ ਤੋਂ ਬਾਹਰ ਹੋ ਗਈ। ਪਿੰਡ ਦੀਆਂ ਵੱਡੀਆਂ – ਬੁੱਢੀਆਂ ਰੋ ਪਈਆਂ। ਉਨ੍ਹਾਂ ਦੇ ਦੁਖਾਂ – ਸੁਖਾਂ ਦੀ ਸਾਥਣ ਅਜ ਏਸ ਘਰੋਂ ਤੁਰ ਚੱਲੀ ਹੈ। ਕਿਸ ਨਾਲ ਮੁਕਾਬਲਾ ਹੋ ਸਕਦਾ ਸੀ ਏਸਦਾ। ਖ਼ੁਦਾ ਨੇ ਸਭ ਕੁਝ ਬਖ਼ਸ਼ਿਆ ਸੀ, ਪਰ ਦਿਨ ਬਦਲੇ, ਵਕਤ ਬਦਲੇ…

ਸ਼ਾਹਣੀ ਨੇ ਦੁਪੱਟੇ ਨਾਲ ਸਿਰ ਢੱਕਿਆ ਤੇ ਧੁੰਦਲਾਈਆਂ ਅੱਖਾਂ ਨਾਲ ਹਵੇਲੀ ਨੂੰ ਆਖ਼ਰੀ ਵਾਰ ਦੇਖਿਆ। ਉਸਨੇ ਦੋਵੇਂ ਹੱਥ ਜੋੜ ਲਏ – ਇਹੋ ਅੰਤਮ ਦਰਸ਼ਨ ਸੀ, ਅੰਤਮ ਪ੍ਰਣਾਮ ਸੀ। ਸ਼ਾਹਣੀ ਦੇ ਅੰਦਰੋਂ ਕੋਈ ਜ਼ੋਰ ਉੱਠਿਆ.. ਸੋਚਿਆ, ਇੱਕ ਵਾਰ ਫਿਰ ਕੇ ਸਾਰਾ ਘਰ ਨਾ ਦੇਖ ਆਵਾਂ ਮੈਂ? ਦਿਲ ਛੋਟਾ ਹੋ ਰਿਹਾ ਹੈ, ਪਰ ਨਹੀਂ, ਜਿਨ੍ਹਾਂ ਦੇ ਸਾਹਵੇਂ ਹਮੇਸ਼ਾਂ ਵੱਡੀ ਬਣੀ ਰਹੀ ਹੈ, ਉਨ੍ਹਾਂ ਸਾਹਮਣੇ ਉਹ ਛੋਟੀ ਨਹੀਂ ਪਵੇਗੀ। ਏਨਾ ਹੀ ਠੀਕ ਹੈ। ਬਸ ਹੋ ਗਿਆ। ਸਿਰ ਨਿਵਾਇਆ। ਡਿਓੜੀ ਦੇ ਅੱਗੋਂ ਲੰਘਦੀ ਹਵੇਲੀ ਦੀ ਮਾਲਕਣ ਦੀਆਂ ਅੱਖਾਂ 'ਚੋਂ ਕੁਝ

ਬੂੰਦਾਂ ਚੋਅ ਪਈਆਂ। ਸ਼ਾਹਣੀ ਟੁਰ ਪਈ – ਉੱਚੇ ਚੁਬਾਰੇ ਪਿੱਛੇ ਖੜੋਤੇ ਰਹਿ ਗਏ। ਦਾਊਦ ਖਾਨ, ਸ਼ੇਰਾ, ਪਟਵਾਰੀ, ਜ਼ੈਲਦਾਰ ਤੇ ਛੋਟੇ – ਵੱਡੇ; ਬੱਚੇ – ਬੁੱਢੇ, ਮਰਦ – ਔਰਤਾਂ ਸਭ ਪਿੱਛੇ–ਪਿੱਛੇ।

ਟਰੱਕਾਂ ਹੁਣ ਤਕ ਭਰ ਚੁੱਕੀਆਂ ਸਨ। ਸ਼ਾਹਣੀ ਆਪਣੇ ਆਪ ਨੂੰ ਧਰੀਕ ਰਹੀ ਸੀ। ਪਿੰਡ ਵਾਲਿਆਂ ਦੇ ਗਲਿਆਂ ਵਿੱਚੋਂ ਜਿਵੇਂ ਧੂੰਆਂ ਉਠ ਰਿਹਾ ਹੈ। ਸ਼ੇਰੇ, ਖ਼ੂਨੀ ਸ਼ੇਰੇ ਦਾ ਦਿਲ ਟੁੱਟ ਰਿਹਾ ਹੈ। ਦਾਊਦ ਖਾਨ ਨੇ ਅੱਗੇ ਵਧ ਕੇ ਟਰੱਕ ਦੀ ਤਾਕੀ ਖੋਲ੍ਹੀ। ਸ਼ਾਹਣੀ ਅੱਗੇ ਵਧੀ। ਇਸਮਾਈਲ ਨੇ ਅਗਾਂਹ ਹੋ ਕੇ ਭਰੀ ਆਵਾਜ਼ ਨਾਲ ਕਿਹਾ, "ਸ਼ਾਹਣੀ, ਕੁਝ ਕਹਿੰਦੀ ਤਾਂ ਜਾ। ਤੇਰੇ ਮੂੰਹੋਂ ਨਿਕਲੀ ਅਸੀਸ ਝੂਠੀ ਨਹੀਂ ਪੈਂਦੀ।" ਤੇ ਆਪਣੇ ਸਾਫੇ ਨਾਲ ਅੱਖਾਂ ਦਾ ਪਾਣੀ ਪੂੰਝ ਲਿਆ। ਸ਼ਾਹਣੀ ਨੇ ਉੱਠਦੀ ਹੋਈ ਹਿਚਕੀ ਨੂੰ ਰੋਕਦਿਆਂ ਭਰੇ ਗੱਚ ਨਾਲ ਕਿਹਾ, "ਰੱਬ ਤੁਹਾਨੂੰ ਸਲਾਮਤ ਰੱਖੇ, ਬੱਚਾ, ਖ਼ੁਸ਼ੀਆਂ ਬਖ਼ਸ਼ੇ...!"

ਉਹ ਛੋਟਾ ਜਿਹਾ ਹਜੂਮ ਰੋ ਪਿਆ। ਜ਼ਰਾ ਵੀ ਮੈਲ ਨਹੀਂ ਸ਼ਾਹਣੀ ਦੇ ਦਿਲ ਵਿਚ। ਤੇ ਅਸੀਂ... ਅਸੀਂ ਸ਼ਾਹਣੀ ਨੂੰ ਰਖ ਨਾ ਸਕੇ। ਸ਼ੇਰੇ ਨੇ ਅੱਗੇ ਹੋ ਕੇ ਸ਼ਾਹਣੀ ਦੇ ਪੈਰੀਂ ਹੱਥ ਲਾਇਆ, "ਸ਼ਾਹਣੀ, ਕੋਈ ਕੁਝ ਨਹੀਂਓਂ ਕਰ ਸਕਦਾ, ਰਾਜ ਵੀ ਪਲਟ ਗਿਆ..." ਸ਼ਾਹਣੀ ਨੇ ਕੰਬਦਾ ਹੋਇਆ ਹਥ ਸ਼ੇਰੇ ਦੇ ਸਿਰ ਤੇ ਧਰਿਆ ਤੇ ਰੁਕ ਰੁਕ ਕੇ ਕਿਹਾ,"ਤੇਰੇ ਭਾਗ ਜਾਗਣ, ਚੰਨਾ।" ਦਾਊਦ ਖਾਨ ਨੇ ਹੱਥ ਨਾਲ ਇਸ਼ਾਰਾ ਕੀਤਾ। ਕੁਝ ਵੱਡੀਆਂ–ਬੁੱਢੀਆਂ ਸ਼ਾਹਣੀ ਦੇ ਗਲ ਲੱਗੀਆਂ ਤੇ ਟਰੱਕ ਤੁਰ ਪਿਆ।

ਅੰਨ–ਜਲ ਚੁੱਕਿਆ ਗਿਆ। ਉਹ ਹਵੇਲੀ, ਨਵੀਂ ਬੈਠਕ, ਉੱਚਾ ਚੁਬਾਰਾ, ਵੱਡਾ ਵੇਹੜਾ.. ਇੱਕ ਇੱਕ ਕਰਕੇ ਘੁੰਮ ਰਹੇ ਹਨ ਸ਼ਾਹਣੀ ਦੀਆਂ ਅੱਖਾਂ ਅੱਗੇ। ਕੁਝ ਪਤਾ ਨਹੀਂ, ਟਰੱਕ ਚਲ ਰਿਹਾ ਹੈ ਜਾਂ ਉਹ ਆਪ ਚਲ ਰਹੀ ਹੈ। ਅੱਖਾਂ ਵਹਿ ਰਹੀਆਂ ਹਨ, ਦਾਊਦ ਖਾਨ ਮਸੋਸਿਆ ਜਿਹਾ ਏਸ ਬੁੱਢੀ ਸ਼ਾਹਣੀ ਵਲ ਦੇਖਦਾ ਹੈ। ਕਿੱਥੇ ਜਾਏਗੀ ਹੁਣ ਉਹ!

"ਸ਼ਾਹਣੀ, ਮਨ ਵਿਚ ਮੈਲ ਨਾ ਰੱਖੀਂ। ਕੁਝ ਕਰ ਸਕਦੇ ਤਾਂ ਹੱਥੀਂ ਨਾ ਚੁੱਕ ਲੈਂਦੇ। ਵਕਤ ਹੀ ਇਹੋ ਜਿਹਾ ਹੈ। ਰਾਜ ਪਲਟ ਗਿਆ ਹੈ। ਸਿੱਕਾ ਬਦਲ ਗਿਆ ਹੈ..."

ਰਾਤ ਨੂੰ ਕੈਂਪ ਪਹੁੰਚ ਕੇ ਜਦੋਂ ਸ਼ਾਹਣੀ ਭੁੰਜੇ ਪਈ ਤਾਂ ਲੇਟਿਆਂ ਲੇਟਿਆਂ ਜ਼ਖ਼ਮੀ ਮਨ ਨਾਲ ਸੋਚਿਆ, "ਰਾਜ ਪਲਟ ਗਿਆ ਹੈ... ਸਿੱਕੇ ਨੇ ਕੀ ਬਦਲਣਾ ਹੈ? ਉਹ ਤਾਂ ਮੈਂ ਓਥੇ ਹੀ ਛੱਡ ਆਈ..."

ਤੇ ਸ਼ਾਹਣੀ ਦੀਆਂ ਅੱਖਾਂ ਹੋਰ ਵੀ ਗਿੱਲੀਆਂ ਹੋ ਗਈਆਂ।

ਆਲੇ ਦੁਆਲੇ ਦੇ ਹਰੇ ਭਰੇ ਖੇਤਾਂ ਨਾਲ ਘਿਰੇ ਪਿੰਡਾਂ ਉੱਤੇ ਰਾਤ ਖ਼ੂਨ ਵਰ੍ਹਾ ਰਹੀ ਸੀ।

ਸ਼ਾਇਦ ਰਾਜ ਵੀ ਪਲਟਾ ਖਾ ਰਿਹਾ ਸੀ ਤੇ... ਸਿੱਕਾ ਬਦਲ ਰਿਹਾ ਸੀ....

(ਅਨੁਵਾਦਕ – ਸੁਕੀਰਤ )

ਕਹਾਣੀ

# ਗਲੇਸ਼ੀਅਰ ਪਿਘਲ ਗਿਆ

**-ਕਰਮਜੀਤ ਸਿੰਘ ਨਡਾਲਾ**

ਗਾਂ ਸਵੇਰ ਦੀ ਅੜਿੰਗਣ ਡਹੀ। ਨਾ ਉਹ ਆਪ ਟਿਕ ਰਹੀ, ਨਾ ਕਿਸੇ ਘਰਦੇ ਜੀਅ ਨੂੰ ਸੌਣ ਦੇ ਰਹੀ। ਕਿਸੇ ਨੇ ਉਸ ਵੱਲ ਦਿਨੇ ਧਿਆਨ ਹੀ ਨਾ ਦਿੱਤਾ। ਨਾਲੇ ਹੁਣ ਰਾਤ ਵੇਲੇ ਤਾਂ ਕੁਝ ਵੀ ਨਹੀਂ ਸੀ ਹੋ ਸਕਦਾ।

ਅਚਾਨਕ ਅੱਧੀ ਰਾਤ ਨੂੰ ਅਸਮਾਨ ਦੀ ਇੱਕ ਨੁੱਕਰੋਂ ਬਿਜਲੀ ਕੜਕਣ ਲੱਗੀ। ਛੇਤੀ ਹੀ ਤੁਫਾਨ ਮੱਚ ਗਿਆ। ਫਿਰ ਕੱਟੇ ਰੋੜ ਮੀਂਹ ਪੈਣ ਲੱਗਾ। ਬਿਜਲੀ ਬੰਦ ਹੋ ਗਈ। ਸਾਰੇ ਪਾਸੇ ਹਨੇਰਾ ਛਾਅ ਗਿਆ। ਇਹੋ ਜਿਹੇ ਤੁਫ਼ਾਨ 'ਚ ਫਿਰ ਕਿਹਨੇ ਉੱਠਣਾ ਸੀ। ਸਭ ਅੰਦਰਾਂ 'ਚ ਹੀ ਸੁੱਤੇ ਪਏ।

ਜਗੀਰ ਸਿੰਘ ਸਵੇਰੇ ਅੱਬੜਵਾਹੇ ਜਿਹੇ ਉੱਠ ਬੈਠਾ। ਤੁਫ਼ਾਨੀ ਬਾਰਸ਼ ਤਾਂ ਕਦੋਂ ਦੀ ਖ਼ਾਮੋਸ਼ ਹੋ ਚੁੱਕੀ ਸੀ। ਗਾਂ ਦੀ ਅਵਾਜ਼ ਵੀ ਨਹੀਂ ਸੀ ਆ ਰਹੀ। ਕੋਠੀ ਦੇ ਬਾਹਰ ਡੰਗਰਾਂ ਵਾਲੀ ਹਵੇਲੀ 'ਚ ਗਿਆ। ਗਾਂ ਤਾਂ ਸੱਚ ਮੁੱਚ ਹੈ ਨਹੀਂ ਸੀ। ਬਾਕੀ ਡੰਗਰ ਉਵੇਂ ਹੀ ਬੱਧੇ ਹੋਏ। ਲੱਗਦਾ ਕਿਲ੍ਹਾ ਪਟਾਅ ਕੇ ਕਿਤੇ ਭੱਜ ਗਈ ਹੋਈ। ਉਹਨੇ ਹਾਲ-ਪਾਰ੍ਹਿਆ ਕੀਤੀ ਤਾਂ ਸਾਰਾ ਟੱਬਰ 'ਕੱਠਾ ਹੋ ਗਿਆ।

"ਪ੍ਰਤਾਪ ਪੁੱਤਰ ਕੱਲ ਸਵੇਰ ਦਾ ਗਾਂ ਨੇ ਖੌਰੂ ਪਾਇਆ ਹੋਇਆ ਸੀ...ਮੈਂ ਤੈਨੂੰ ਇਸ਼ਾਰਾ ਵੀ ਕੀਤਾ...ਤੂੰ ਧਿਆਨ ਹੀ ਨਹੀਂ ਦਿੱਤਾ...ਆਖਰ ਰਾਤ ਦਾ ਕਿੱਲਾ ਪਟਾਅ ਗਈ ਆ...ਹੁਣ ਭੁਗਤੋ ਅੰਜਾਮ...।"

ਏਨੇ 'ਚ ਅਰਜਨ ਵੀ ਗਲ 'ਚ ਬੈਗ ਪਾਈ ਸ਼ਹਿਰੋਂ ਆ ਵੜ੍ਹਿਆ।

"ਅਰਜਨਾ...ਏਨੀ ਸਵੇਰੇ-ਸਵੇਰੇ ਹੀ...।" ਜਗੀਰ ਸਿੰਘ ਬੋਲਿਆ।

"ਹਾਂ ਫੁੱਫੜ ਜੀ...ਰਾਤ ਦੀ ਡਿਊਟੀ ਸੀ...ਅੱਜ ਛੁੱਟੀ ਸੀ...ਮੈਂ ਸੋਚਿਆ ਕਈ ਦਿਨ ਹੋ ਗਏ, ਭੂਆ ਨੂੰ ਮਿਲਿਆਂ...ਨਾਲੇ ਮੈਨੂੰ ਹੌਲਦਾਰੀ ਦੀ ਫੀਤੀ ਲੱਗ ਗਈ...ਇਹ ਵੀ ਖੁਸ਼ਖਬਰੀ ਦੇ ਆਵਾਂ...।"

"ਚੱਲ ਵਧੀਆ ਹੋਇਆ ਅਰਜਨਾ...ਬਾਕੀ ਗੱਲਾਂ ਫੇਰ ਕਰਦੇ ਆਂ...ਤੂੰ ਭਰਾ ਦੇ ਨਾਲ ਲੱਗ...ਗਾਂ ਕੱਲ ਦੀ ਬੋਲੀ ਹੋਈ ਸੀ...ਰਾਤ ਖੌਰੇ ਕਿਧਰ ਦਫ਼ਾ ਹੋ ਗਈ...।"

ਦੋਵੇਂ ਉਸੇ ਵੇਲੇ ਬਾਹਰ ਨੂੰ ਭੱਜ ਪਏ।

ਘੰਟੇ ਡੇਢ ਦੀ ਜਦੋ ਜਹਿਦ ਤੋਂ ਬਾਅਦ ਪ੍ਰਤਾਪ ਤੇ ਅਰਜਨ ਹਵੇਲੀ 'ਚ ਆ ਵੜੇ।

"ਭਾਪਾ...ਓ ਭਾਪਾ...ਹੁਣ ਬਹੁਤਾ ਕਲਪ ਨਾ...ਗਾਂ ਲੱਭ ਪਈ ਆ...ਗਾਂ ਨੇ ਤਾਂ ਬਸ ਕਰਵਾਅ 'ਤੀ...ਦੌੜਾਅ-ਦੌੜਾਅ ਮਾਰਿਆ...।"

ਸਾਰੇ ਜੀਅ ਫਿਰ 'ਕੱਠੇ ਹੋ ਗਏ। ਨਿੰਮੋ ਵੀ ਆਪਣੀ ਦਰਾਣੀ ਨਾਲ ਗਾਂ ਦੇਖਣ ਆ ਖੜ੍ਹੀ ਹੋਈ।

"ਹੁਣ ਰੁਕੋ ਨਾ...ਲੱਗੇ ਹੱਥ ਕਰੋ ਇਹਦਾ ਇਲਾਜ...ਲੈ ਜੋ ਤਾਰਾ ਸਿੰਘ ਦੇ ਸਾਹਣ ਕੋਲ...ਇਹ ਤਾਂ ਹੀ ਠੰਢੀ ਹੋਊ...ਇਹਨੇ ਤਾਂ ਅੱਤ ਚੱਕੀ ਹੋਈ...।"

"ਹੁਣੇ ਹੀ ਫੁੱਫੜਾ...ਘੜੀ ਬਹਿ ਤਾਂ ਲਈਏ...ਸਾਹ ਤਾਂ ਅੱਗੇ ਨੀਂ ਰਲਣ ਡਿਹਾ...।"

"ਤੁਹਾਡਾ ਦਿਮਾਗ ਖ਼ਰਾਬ ਏ...ਦੱਸੋ ਅਜੇ ਕਸਰ ਰਹਿੰਦੀ ਏ...ਭਾਈ ਸਿਆਣੇ ਐਵੇਂ ਨਹੀਂ ਕਹਿੰਦੇ...ਅੜਿੰਗਦੀ ਗਾਂ ਤੇ ਜੁਆਨ ਜਹਾਨ ਜਨਾਨੀ ਬੜੀ ਖਤਰਨਾਕ ਹੁੰਦੀ ਏ...ਇਹਨਾਂ ਨੂੰ ਤਾਂ ਟੈਮ ਸਿਰ ਜਿਉੜ ਕੇ ਰੱਖੋ...ਹੁਣ ਟੈਮ ਖ਼ਰਾਬ ਨਾ ਕਰੋ...ਨਹੀਂ ਤਾਂ ਫਿਰ ਖੌਰੂ ਪੁੱਟਦੀ ਫਿਰੂ...।"

ਸਹੁਰੇ ਦੀ ਗੱਲ ਸੁਣ ਕੇ ਸ਼ਰਮ ਨਾਲ ਮੂੰਹ ਢੱਕੀ ਖੜੀ ਨਿੰਮੋ ਵੱਲ ਅਰਜਨ ਨੇ ਗਹੁ ਨਾਲ ਦੇਖਿਆ ਤੇ ਮੁੱਛਾਂ 'ਤੇ ਹੱਥ ਫੇਰਨ ਲੱਗ ਪਿਆ। ਨਿੰਮੋ ਨੇ ਅੱਖਾਂ ਨੀਵੀਆਂ ਕਰ ਲਈਆਂ। ਗਾਂ ਦੇ ਅੜਿੰਗਣ ਦਾ ਵਾਕਿਆ ਤੇ ਸਾਹਣ ਕੋਲ ਲੈ ਜਾਣ ਦੀ ਕੁਦਰਤੀ ਪ੍ਰਕਿਆ ਬਾਰੇ ਸੋਚਣ ਲੱਗੀ। ਸੱਚੀ ਇਹ ਕਿੰਨਾ ਜ਼ਰੂਰੀ ਹੁੰਦਾ। ਪਰ ਉਹ ਵੀ ਏਨੇ ਸਾਲਾਂ ਤੋਂ ਕਲਪ ਰਹੀ ਸੀ। ਅੰਦਰੋ-ਅੰਦਰੀਂ ਅੜਿੰਗ ਹੀ ਤਾਂ ਰਹੀ ਸੀ। ਬਸ ਫ਼ਰਕ ਏਨਾ ਸੀ, ਉਹ ਔਰਤ ਏ ਤੇ ਔਰਤ ਨੂੰ ਅੜਿੰਗਣ ਦਾ ਵੀ ਅਧਿਕਾਰ ਨਹੀਂ। ਉਹ ਬਸ ਆਪਣੇ ਆਪ ਨਾਲ ਜ਼ਰੂਰ ਘੁਲ ਸਕਦੀ। ਮੇਰੇ ਨਾਲੋਂ ਤਾਂ ਫਿਰ ਗਾਂ ਹੀ ਚੰਗੀ। ਜਿਸਨੇ ਅੜਿੰਗ ਕੇ ਆਪਣਾ ਦੁੱਖ ਦੱਸ ਦਿੱਤਾ। ਨਾਲੇ ਮੈਂ ਕਿਹਨੂੰ ਦੁੱਖ ਦੱਸਾਂ। ਜਿਸਨੂੰ ਦੱਸਦੀ ਆਂ, ਉਹ ਤਾਂ ਬਾਹਰ ਬੈਠਾ ਲਾਰਿਆਂ 'ਚ ਹੀ ਮੇਰਾ ਖ਼ੂਨ ਸਾੜੀ ਪਿਆ ਜਾਂਦਾ।

ਨਿੰਮੋ ਨੂੰ ਸਮਝ ਨਾ ਲੱਗਦੀ, ਉਹ ਸੰਨਿਆਸਣ ਸੀ ਕਿ ਵਿਦੇਸ਼ ਗਿਆ ਘਰਵਾਲਾ ਸੰਨਿਆਸੀ ਹੋ ਗਿਆ ਸੀ। ਡੇਢ ਦਹਾਕਾ ਪਹਿਲਾਂ ਦਲਬੀਰ ਝੱਟ ਪਟ ਹੇਠ ਉੱਪਰ ਦੋ ਬੱਚੇ, ਉਹਦੀ ਝੋਲੀ ਪਾ ਕੇ ਘਰੋਂ ਨਿਕਲ ਗਿਆ ਸੀ। ਨਿੰਮੋ ਦੇ ਪੈਰਾਂ 'ਚ ਜਿਵੇਂ ਸੰਗਲ ਪਾ ਗਿਆ ਹੋਵੇ। ਪਰ ਉਹ ਤਾਂ ਜਿਉਂ ਦੀ ਤਿਉਂ ਹੀ ਬੈਠੀ ਹੋਈ। ਉਹਦੇ ਜੀਵਨ 'ਚ ਕੋਈ ਬਦਲਾਓ ਨਹੀਂ ਸੀ ਆਇਆ। ਕੈਦੀਆਂ ਵਾਂਗੂੰ ਕੰਧਾਂ ਅੰਦਰ ਬੈਠੀ ਸੰਤਾਪ ਹੰਢਾਉਂਦੀ। ਸੋਚਦੀ ਉਹਦੇ ਸੁਪਨਿਆਂ ਦਾ ਜਹਾਜ਼ ਵੀ ਕਦੇ ਵਿਦੇਸ਼ ਨੂੰ ਉੱਡੂ। ਉਹ ਤਾਂ ਚਾਰ ਦਿਵਾਰੀ ਅੰਦਰਲੇ ਸੰਸਕਾਰਾਂ 'ਚ ਬੱਝੀ, ਸਿਉਂਕ ਖਾਧਾ ਜੀਵਨ ਹੰਢਾ ਰਹੀ ਸੀ। ਉਡੀਕ ਦੀ ਚਾਦਰ ਓਹੜੀ ਅਜੇ ਵੀ ਅੱਖਾਂ ਚੁੱਕ-ਚੁੱਕ ਖਸਮ ਦੀ ਆਮਦ ਨੂੰ ਤਰਸਦੀ। ਬਾਹਰਲੇ ਦਰਵਾਜ਼ੇ ਵੱਲ ਤੱਕਦੀ। ਕਦੋਂ ਦਲਬੀਰ ਦਾ ਹੱਥ ਲੱਗਿਆਂ ਗੇਟ ਖੁੱਲ੍ਹੂ ਤੇ ਉਹ ਦੌੜ ਕੇ ਉਸਨੂੰ ਜੱਫੇ 'ਚ ਲੈ ਲਵੇ।

ਆਖ਼ਰ ਬੰਦਿਆਂ ਨੇ ਪੈਸਿਆਂ ਤੇ ਕਮਾਈਆਂ ਖਾਤਰ ਘਰੋਂ ਬਾਹਰ ਤਾਂ ਨਿਕਲਣਾ ਹੀ ਹੁੰਦੈ। ਹੋਰ ਚੱਤੇ-ਪਹਿਰ ਘਰਵਾਲੀਆਂ ਦੇ ਗੋਡੇ-ਮੁੱਢ ਥੋੜ੍ਹੀ ਬੈਠੇ ਰਹਿਣ। ਇਵੇਂ ਵੀ ਕੌਣ ਪਸੰਦ ਕਰਦੈ। ਨਾਲੇ ਦਲਬੀਰ ਨਿੰਮੋ ਨੂੰ ਕਹਿ ਗਿਆ ਸੀ। ਮੈਂ ਪੱਕਿਆਂ ਹੁੰਦਿਆਂ ਹੀ ਤੁਹਾਨੂੰ ਸਭ ਨੂੰ ਬੁਲਾ ਲੈਣਾ।

ਆਸ ਦੇ ਅਫ਼ੀਮ ਵਰਗੇ ਨਸ਼ੇ ਤੇ ਨਿਆਣਿਆਂ 'ਚ ਰੁੱਝੀ ਨੇ ਖੌਰੇ ਪਿਛਲੇ ਲੰਘ ਗਏ ਸਾਲਾਂ 'ਚ ਹਜ਼ਾਰਾਂ ਹੀ ਸੁਪਨੇ ਲੈ-ਲੈ ਪੰਡ ਭਾਰੀ ਕਰ ਲਈ ਸੀ। ਪਰ ਉਸ ਪੰਡ 'ਚ ਤਾਂ ਸਾਰੇ ਸੁਪਨੇ ਮਿੱਧੇ ਹੋਏ ਫੁੱਲਾਂ ਵਰਗੇ ਸਨ।

ਘਰ ਤੇ ਬਾਹਰ ਆਉਂਦੇ-ਜਾਂਦਿਆਂ ਸਮਾਜ ਦੀਆਂ ਭੁੱਖੀਆਂ ਅੱਖਾਂ ਉਸ ਨੂੰ ਤਾੜਦੀਆਂ। ਉਹਨੂੰ ਪਾਉਣ ਲਈ ਨਜ਼ਰਾਂ ਦਾ ਮਿੱਠਾ ਜਾਦੂ ਬਿਖੇਰਦੀਆਂ। ਪਰ ਉਹ ਕਦੇ ਵੀ ਨਾ ਡੋਲੀ। ਨਾ ਪਰਵਾਹ ਹੀ ਕੀਤੀ। ਜਿਵੇਂ ਉਹਦਾ ਮੱਚ ਹੀ ਮਰ ਗਿਆ ਹੋਵੇ। ਉਹ ਆਪਣੀ ਹਿੰਮਤ ਅਤੇ ਸਿਦਕ ਨੂੰ ਹਮੇਸ਼ਾ ਦਾਦ ਦੇਂਦੀ।

ਪਰ ਹੁਣ ਸੋਚਦੀ ਤੇ ਮਹਿਸੂਸ ਕਰਨ ਡਹਿ ਪਈ ਸੀ। ਸਮਾਂ ਲੋੜੋਂ ਵੱਧ ਹੀ ਲੰਘ ਗਿਆ। ਜੇ ਇਹ ਜੀਵਨ ਸਾਥੀ ਨੂੰ ਉਡੀਕਦਿਆਂ ਹੀ ਲੰਘ ਜਾਣਾ ਤਾਂ ਫਿਰ ਕਾਹਦਾ ਜੀਵਨ। ਕਾਹਦਾ ਪਿਆਰ। ਪਾਣੀ ਤਾਂ ਸਿਰ ਤੋਂ ਡਾਢਾ ਹੀ ਉੱਚਾ ਵਹਿ ਗਿਆ ਸੀ। ਦਲਬੀਰ ਦੀ ਤਾਂ ਅਜੇ ਤੱਕ ਵੀ ਆਉਣ ਦੀ ਆਸ ਨਹੀਂ ਸੀ।

ਉਹਦਾ ਫ਼ੋਨ ਅਮਰੀਕਾ ਤੋਂ ਹਫ਼ਤੇ-ਦਸੀਂ ਦਿਨੀਂ ਆ ਹੀ ਜਾਂਦਾ। ਮੋਬਾਈਲ 'ਚ ਉਹਦੀ ਚੋਹਲ-ਮੋਹਲ ਉਹਨੂੰ ਫਿਰ ਕਈ ਦਿਨ ਜਿਉਂਣ ਜੋਗਾ ਕਰੀ ਰੱਖਦੀ। ਨਿੰਮੋ ਨੂੰ ਮਹਿਸੂਸ ਹੁੰਦਾ ਉਹਦਾ ਦਿਲ ਤਾਂ ਉਹਨੇ ਆਪਣੇ ਸੀਨੇ 'ਚ ਸਾਂਭ ਕੇ ਰੱਖਿਆ ਹੋਇਆ। ਕਿਵੇਂ ਗੱਲਾਂ-ਗੱਲਾਂ 'ਚ ਉਸ ਤੇ ਜਾਨ ਛਿੜਕਦੈ।

ਦਲਬੀਰ ਪੈਸਿਆਂ ਦੇ ਗੱਫਿਆਂ ਦੇ ਗੱਫੇ ਭੇਜਦਾ ਹੀ ਰਹਿੰਦਾ। ਉਹਦੇ ਲੱਖਾਂ ਦੇ ਢੇਰਾਂ ਨੇ ਘਰ ਦੀਆਂ ਕੁੱਖਾਂ ਜ਼ਰੂਰ ਕੱਢ ਦਿੱਤੀਆਂ ਸਨ। ਪਰ ਏਨੇ ਸਾਲ ਲੰਘਾ ਕੇ ਵੀ ਪੱਕਾ ਨਹੀਂ ਸੀ ਹੋ ਸਕਿਆ। ਪੱਕੇ ਹੋਣ ਲਈ ਬਥੇਰੇ ਹੱਥ-ਪੈਰ ਮਾਰਦਾ। ਕਹਿੰਦਾ ਗਰੀਨ ਕਾਰਡ ਮਿਲਣ ਦੇ ਨਿੰਮੋ ਇੱਕ ਵਾਰ। ਉਸੇ ਵੇਲੇ ਇੰਡੀਆ ਨੂੰ ਦੌੜਾ ਆਊਂ। ਉਹ ਨਿੰਮੋ ਨਾਲ ਢੇਰਾਂ ਵਾਅਦੇ ਕਰਦਾ। ਹੋਰ ਕਰ ਵੀ ਕੀ ਸਕਦਾ ਸੀ। ਨਿੰਮੋ ਉਹਦੇ ਲਾਰਿਆਂ ਦੇ ਲੌਲੀ ਪੌਪਾਂ ਨਾਲ ਪਰਚ ਰਹੀ ਸੀ। ਉਹ ਤਾਂ ਦਲਬੀਰ ਦੇ ਘਰਦੇ ਕਿੱਲੇ 'ਤੇ ਬੱਧੀ ਹੋਈ ਗਾਂ ਸੀ। ਜਿਸਨੂੰ ਅੜਿੰਗਣ ਦਾ ਵੀ ਹੁਕਮ ਨਹੀਂ ਸੀ। ਨਾਲੇ ਉਹ ਇੱਥੇ ਕਿਸਨੂੰ ਅੜਿੰਗ ਕੇ ਦਿਖਾਉਂਦੀ। ਉਸਦੇ ਅੰਦਰਲਾ ਖ਼ਲਾਅ ਤੇ ਉਦਾਸੀ ਦਿਨੋ-ਦਿਨ ਗਹਿਰੀ ਹੁੰਦੀ ਜਾ ਰਹੀ। ਉਹ ਡਰ ਜਾਂਦੀ। ਦੋਵੇਂ ਨਿਆਣੇ ਉਹਦੇ ਮੋਢੇ ਪਾਰ ਕਰ ਗਏ ਸਨ। ਇਹ ਗੱਲਾਂ ਉਹਦੀ ਪਰੇਸ਼ਾਨੀ ਦਾ ਕਾਰਨ ਬਣਦੀਆਂ ਜਾ ਰਹੀਆਂ।

ਉਹਨੇ ਪਹਿਲਾਂ ਤਾਂ ਕਦੇ ਏਨਾ ਮਹਿਸੂਸ ਨਹੀਂ ਸੀ ਕੀਤਾ। ਪਰ ਜਿਸ ਦਿਨ ਦਾ ਅਰਜਨ ਘਰੇ ਆਉਣ-ਜਾਣ ਲੱਗਾ ਸੀ। ਉਹ ਬੇਚੈਨ ਰਹਿਣ ਲੱਗੀ। ਇੱਕ ਤਾਂ ਉਹਦਾ ਸੁਭਾਅ ਹੀ ਡਰੂ ਸੀ। ਹੁਣ ਨਿੰਮੋ ਨੂੰ ਇਸ ਘਰ ਦੀ ਚਾਰ-ਦਿਵਾਰੀ ਤੋਂ ਵੀ ਡਰ ਜਿਹਾ ਲੱਗਣ ਲੱਗਾ। ਜਿਵੇਂ ਉਸ ਅੰਦਰੋਂ ਕੁਝ ਤਿਲਕਦਾ ਜਾ ਰਿਹਾ ਹੋਵੇ।

ਉਹ ਸੋਚਦੀ ਜ਼ਿੰਦਗੀ ਉੱਪਰੋਂ-ਉੱਪਰੋਂ ਕਿੰਨੀ ਸਹਿਜ ਲੱਗਦੀ ਏ। ਪਰ ਜਦੋਂ ਅਸਲ ਹਾਲਾਤਾਂ ਨਾਲ ਟਕਰਾਓ ਹੁੰਦੈ ਤਾਂ ਸਭ ਕੁਝ ਹੱਥਾਂ 'ਚ ਹੀ ਰੇਤ ਹੋ ਜਾਂਦੈ। ਸਰੀਰਾਂ ਅੰਦਰ ਤੁਫ਼ਾਨ ਮੱਚ ਜਾਂਦੈ।

ਅਰਜਨ ਉਹਦੀ ਸੱਸ ਦੇ ਕਿਸੇ ਦੂਰ ਦੇ ਭਰਾ ਦਾ ਪੁੱਤ ਸੀ। ਪੁਲੀਸ 'ਚ ਨੌਕਰੀ ਕਰਦਾ। ਪਿੰਡ ਤਾਂ ਉਹਦਾ ਗੁਰਦਾਸਪੁਰ ਵਲ ਸੀ ਕਿਧਰੇ ਪਰ ਉਹਦੀ ਡਿਊਟੀ ਇਧਰ ਲਾਗੇ ਸ਼ਹਿਰ ਸਦਰ ਥਾਣੇ 'ਚ ਲੱਗ ਗਈ ਸੀ। ਜਿੱਥੇ ਉਸਨੂੰ ਕਵਾਟਰ ਮਿਲਿਆ ਹੋਇਆ। ਉਹ ਤੀਹ ਕੁ ਸਾਲਾਂ ਦਾ ਹੋ ਗਿਆ ਸੀ। ਪਰ ਅਜੇ ਵਿਆਹਿਆ ਨਹੀਂ ਸੀ। ਪਰ ਉਹਦੀਆਂ ਬਿੱਲੀਆਂ ਅੱਖਾਂ ਚੰਗਿਆੜੇ ਛੱਡਦੀਆਂ। ਸੱਸ ਕੋਲ ਬੈਠਾ ਹੁੰਦਾ। ਪਰ ਨਜ਼ਰਾ ਨਿੰਮੋ ਨੂੰ ਤਾੜਦੀਆਂ ਰਹਿੰਦੀਆਂ। ਉਹ ਇਵੇਂ ਦੇਖਦਾ ਜਿਵੇਂ ਉਸ ਤੇ ਕੁਰਬਾਨ ਹੋਣ ਲਈ ਤਿਆਰ ਬੈਠਾ ਹੋਵੇ। ਜਦੋਂ ਉਹਨੂੰ ਚਾਹ-ਪਾਣੀ ਫ਼ੜਾਉਂਦੀ ਤਾਂ ਉਹ ਆਪਣੀਆਂ ਉਂਗਲਾਂ ਛੁਹਾ ਦੇਣੋਂ ਨਾ ਹਟਦਾ। ਟੇਢੀ ਨਜ਼ਰ ਨਾਲ ਤੱਕਦਾ। ਪਰ ਨਿੰਮੋ ਕੌੜੀ ਅੱਖ ਰੱਖਦੀ।

ਅਰਜਨ ਸੋਹਣਾ-ਸੁਣੱਖਾ ਗੱਭਰੂ ਸੀ। ਕੱਦ-ਕਾਠ ਵਾਲਾ। ਪਰ ਲਾਪਰਵਾਹ ਕਿਸਮ ਦਾ ਇਨਸਾਨ। ਉਹ ਕਿਸੇ ਵੀ ਮੁਟਿਆਰ ਦੇ ਸੀਨੇ 'ਚ ਧੂਹ ਪਾ ਦੇਣ ਦੀ ਹਿੰਮਤ ਰੱਖਦਾ ਸੀ।

ਉਹਦੇ ਲਈ ਤਾਂ ਇਹ ਕੋਈ ਅਲੋਕਾਰੀ ਗੱਲ ਨਹੀਂ ਸੀ। ਉਹਦੀ ਤੱਕਣੀ ਹੀ ਕੁਝ ਇਵੇਂ ਦੀ ਸੀ। ਝੱਟ ਹੀ ਕਿਸੇ ਔਰਤ ਨੂੰ ਆਪਣੇ ਜਾਦੂ ਨਾਲ ਢੇਰ ਕਰ ਸੁੱਟਦਾ। ਉਹ ਨਾਲ ਦੇ ਯਾਰਾਂ-ਮਿੱਤਰਾਂ ਨੂੰ ਵੀ ਦਾਅਵਾ ਕਰਦਾ ਉਹ ਪਹਿਲੀ ਤੱਕਣੀ 'ਚ ਔਰਤ ਪੁੱਟ ਸੁੱਟਦੈ।

ਉਹ ਜਦੋਂ ਵੀ ਹਫ਼ਤੇ ਦਸੀਂ ਦਿਨੀਂ ਆਉਂਦਾ, ਮੌਕੇ ਦੀ ਭਾਲ 'ਚ ਰਹਿੰਦਾ। ਨਿੰਮੋ ਨੂੰ ਭਾਬੀ-ਭਾਬੀ ਕਰਦਾ! ਨੇੜੇ ਲੱਗਣ ਦੀ ਕੋਸ਼ਿਸ਼ ਕਰਦਾ। ਪਰ ਉਹ ਉਹਦਾ ਵੱਸ ਨਾ ਚੱਲਣ ਦੇਂਦੀ। ਸਾਂਝੇ ਪਰਿਵਾਰ 'ਚ ਹਰ ਵੇਲੇ ਕੋਈ ਨਾ ਕੋਈ ਘਰੇ ਹੀ ਹੁੰਦਾ। ਉਹ ਉਸ ਤੋਂ ਦੂਰ ਭੱਜਦੀ। ਜਦੋਂ ਉਹ ਚਲਾ ਜਾਂਦਾ ਤਾਂ ਨਿੰਮੋ ਸ਼ੁਕਰ ਕਰਦੀ। ਜਿਵੇਂ ਕੋਈ ਬਲਾ ਟਲ ਗਈ ਹੋਵੇ। ਪਰ ਉਹਦੇ ਚਲੇ ਜਾਣ ਤੋਂ ਬਾਅਦ ਬੇਚੈਨ ਜਿਹੀ ਹੋਣ ਲੱਗਦੀ। ਜਿਵੇਂ ਕੁਝ ਖੁੱਸ ਗਿਆ ਹੋਵੇ।

ਉਹਦੇ ਪੈਰਾਂ ਹੇਠ ਅੱਗ ਪਈ ਮੱਚਦੀ। ਜਿਹੜੀ ਹੌਲੀ-ਹੌਲੀ ਉਸਦੇ ਸਿਰ ਨੂੰ ਵੀ ਚੜ੍ਹਨ ਲੱਗੀ ਸੀ। ਉਹਨੂੰ ਸਿਆਲਾਂ 'ਚ ਵੀ ਠੰਢੀਆਂ ਤਰੇਲੀਆਂ ਆਉਂਦੀਆਂ। ਅਜੀਬ-ਅਜੀਬ ਜਿਹੇ ਰਾਤਾਂ ਨੂੰ ਸੁਪਨੇ ਦੇਖਦੀ। ਜਿਵੇਂ ਉਹਨੂੰ ਅੰਦਰੋਂ-ਬਾਹਰੋਂ ਕੋਈ ਲੂਹ ਰਿਹਾ ਹੋਵੇ। ਉਹ ਹਰ ਵੇਲੇ ਗੁਆਚੀ ਜਿਹੀ ਰਹਿੰਦੀ।

ਕਈ ਵਾਰ ਮੰਜੇ 'ਤੇ ਪਈ, ਛੱਤ ਵਲ ਘੂਰਦੀ ਰਹਿੰਦੀ। ਸਾਫ਼ ਛੱਤ ਤੋਂ ਖੌਰੇ ਕੀ ਲੱਭਦੀ। ਪਰ ਉਹ ਗਹਿਰ-ਗੰਭੀਰ ਹੋਈ ਅਰਜਨ ਨੂੰ ਚਿਤਵਦੀ ਰਹਿੰਦੀ। ਉਹਦਾ ਆਕਾਰ ਵਾਰ-ਵਾਰ ਛੱਤ 'ਤੇ ਬਣਦਾ। ਉਹ ਢਾਹੁੰਦੀ। ਫਿਰ ਉੱਸਰ ਆਉਂਦਾ। ਕਦੇ ਦਲਬੀਰ ਦਾ ਆਕਾਰ ਵਿੱਚ ਖਲਲ ਪਾਉਣ ਲੱਗਦਾ। ਛਟਪਟਾ ਉੱਠਦੀ। ਬਾਹਰ ਨੂੰ ਭੱਜਦੀ।

ਉਹਦਾ ਮਨ ਹਰ ਵੇਲੇ ਉੱਖੜਿਆ-ਉੱਖੜਿਆ ਜਿਹਾ ਰਹਿੰਦਾ। ਸੋਚਦੀ ਅੱਧੀ ਉਮਰ ਤਾਂ ਲੰਘ ਗਈ। ਬੱਚੇ ਵੱਡੇ ਹੋ ਗਏ। ਹੁਣ ਇਸ਼ਕ-ਮੁਸ਼ਕ ਕਿਵੇਂ ਵਾਰਾ ਖਾਊ। ਪਰ ਉਸਦਾ ਕੁੰਭਕਰਨੀ ਨੀਂਦ ਸੁੱਤਾ ਸਰੀਰ ਹੁਣ ਜਾਗ ਚੁੱਕਾ ਸੀ। ਜੋ ਉਸ ਨੂੰ ਬੇਚੈਨ ਕਰਨ ਲੱਗ ਪਿਆ ਸੀ।

ਅੱਧੀ-ਅੱਧੀ ਰਾਤ ਨੂੰ ਵਾਰ-ਵਾਰ ਉੱਠ-ਉੱਠ ਨਹਾਉਂਦੀ। ਠੰਢਾ ਪਾਣੀ ਉਹਦੇ ਸਰੀਰ 'ਤੇ ਪੈਦਿਆਂ ਉੱਬਲਦਾ ਪ੍ਰਤੀਤ ਹੁੰਦਾ। ਮਹਿਸੂਸਦੀ ਉਹਦੇ 'ਚ ਤਾਂ ਅਜੇ ਅਥਾਹ ਗਰਮੀ ਭਰੀ ਪਈ ਏ। ਉਸ ਕਿਵੇਂ ਸਾਂਭ ਕੇ ਰੱਖੀ ਹੋਈ ਸੀ। ਇਵੇਂ ਤਾਂ ਉਹਨੂੰ ਹੀ ਕਿਤੇ ਸਾੜ ਸੁੱਟੇਗੀ।

ਕਦੋਂ ਆਊ ਦਲਬੀਰ ਤੇ ਉਸਦਾ ਅਮਰੀਕਾ ਦਾ ਗਰੀਨ ਕਾਰਡ। ਖੌਰੇ ਜਦੋਂ ਗਰੀਨ ਕਾਰਡ ਮਿਲੂ, ਉਦੋਂ ਉਸਦੀ ਜ਼ਿੰਦਗੀ ਦੇ ਕਾਰਡ ਨੂੰ ਜ਼ਰੂਰ ਬੁਢਾਪਾ ਹੋ ਜਾਊ। ਉਹ ਲੰਘ ਗਏ ਸਾਲਾਂ ਨੂੰ ਯਾਦ ਕਰ-ਕਰ ਡਰਨ ਲੱਗ ਪਈ ਸੀ। ਇਹ ਵਰ੍ਹੇ ਉਹਨੇ ਕਿਵੇਂ ਕੱਢ ਲਏ।

ਉਹਨੂੰ ਤਾਂ ਦੂਜੇ ਕਿਸੇ ਮਰਦ ਨਾਲ ਸਬੰਧ ਬਣਾਉਣ ਤੋਂ ਵੀ ਬੜੀ ਚਿੜ ਸੀ। ਕਿੰਨਾ ਅਜੀਬ ਲੱਗਦਾ ਆਪਣੇ ਬੰਦੇ ਤੋਂ ਅਲਿਹਦਾ ਕਿਸੇ ਹੋਰ ਨਾਲ ਗਿੱਟ-ਮਿੱਟ ਕਰਨੀ।

ਪਰ ਉਹ ਸਮਝਦੀ ਜਦੋਂ ਦਲਬੀਰ ਅਕਸਰ ਹੀ ਫ਼ੋਨ 'ਤੇ ਖੁਲ੍ਹਦਿਲੀਆਂ ਗੱਲਾਂ ਕਰਦਾ। ਬਈ ਮੇਮਾਂ ਦੀਆਂ ਕਿਆ ਬਾਤਾਂ। ਸੌਹਰੀਆਂ ਹੂਰਾਂ ਹੀ ਹੁੰਦੀਆਂ। ਗਦੇਲੇ ਵਰਗੀਆਂ। ਉਦੋਂ ਉਹ ਹੱਸ ਛੱਡਦੀ। ਉਹ ਮਗਰੋਂ ਕਹਿ ਕੇ ਟਾਲ ਦੇਂਦਾ। ਸੌਹਰੀਏ ਮੈਂ ਮਖੌਲ ਹੀ ਕਰਦਾਂ। ਅਸੀਂ ਤਾਂ ਉਹਨਾਂ ਨੂੰ ਕਦੇ ਹੱਥ ਵੀ ਨਾ ਲਾਈਏ। ਕਿੱਥੇ ਤੂੰ ਤੇ ਕਿੱਥੇ ਇਹ। ਨਾਲੇ ਕਿੱਥੇ ਕੰਮਾਂ ਤੋਂ ਵਿਹਲ ਹੁੰਦੀ। ਉਹ ਕਿਹੜਾ ਭਾਗਾਂ ਵਾਲਾ ਵੇਲਾ ਆਏ, ਜਦੋਂ ਆਪਣੀ ਨਿੰਮੋ ਨੂੰ ਬਾਹਵਾਂ 'ਚ

ਲੈ ਕੇ ਝੂਮ ਉੱਠਾਂ। ਤੇਰੇ ਤੋਂ ਬਗੈਰ ਸਾਡਾ ਕਾਹਦਾ ਜੱਗ।

"ਨਿੰਮੋ...ਨਿੰਮੋ ਕੁੜੇ ਤੈਨੂੰ ਕੀ ਹੋ ਗਿਐ...ਚੁੱਪ-ਚੁੱਪ ਜਿਹੀ ਰਹਿੰਦੀ ਏ...ਮੈਂ ਕਈ ਦਿਨਾਂ ਦੀ ਦੇਖ ਰਹੀ ਆਂ...।"

"ਕੁਝ ਵੀ ਨਹੀਂ ਬੀਜੀ...ਮੈਨੂੰ ਕੀ ਹੋਣਾ ਬਸ ਮੈਨੂੰ ਕਸਰ ਹੋ ਗਈ ਏ ਬਾਹਰਲੀ...।"

"ਬਾਹਰਲੀ ਕਸਰ?...ਹੈ!! ਉਹ ਤਾਂ ਮਾੜੀ ਹੁੰਦੀ ਕੁੜੇ...।"

ਨਿੰਮੋ ਹੱਸਣ ਲੱਗ ਪਈ, "ਨਹੀਂ ਬੀਬੀ...ਉਹ ਕਸਰ ਨਹੀਂ...ਇਨ੍ਹਾਂ ਦੇ ਅਮਰੀਕਾ ਦੇ ਗਰੀਨ ਕਾਰਡ ਮਿਲਣ ਬਾਰੇ ਸੋਚਦੀ ਰਹਿੰਦੀ ਆਂ...ਕਦੋਂ ਮਿਲੂ...ਏਨੇ ਵਰ੍ਹੇ ਹੋ ਗਏ...ਹੁਣ ਤਾਂ ਮੈਂ ਅੱਕ ਜਿਹੀ ਗਈ ਆਂ...।"

"ਚੱਲ ਕੋਈ ਨਾ ਪੁੱਤ...ਬਾਹਰਲੇ ਕੰਮ ਨੇ...ਜਦੋਂ ਪੱਕੇ ਹੋਣਗੇ, ਉਦੋਂ ਹੀ ਮਿਲੂ ਕਾਟ...ਕਿਹੜਾ ਬਜ਼ਾਰੋਂ ਝੱਟ-ਪਟ ਲੈ ਆਉਣਾ...ਨਾਲੇ ਤੁਹਾਡੇ ਲਈ ਤਾਂ ਜੱਫ਼ਰ ਜਾਲਣ ਡਿਹਾ...ਹੁਣ ਤਾਂ ਸਬਰ ਹੀ ਆ...।"

ਇਕ ਦਿਨ ਅਰਜਨ ਦੁਪਹਿਰੇ ਹੀ ਆ ਟਪਕਿਆ।

"ਭਾਬੀ...ਕੋਈ ਨਹੀਂ ਘਰੇ ਦਿਸਦਾ...ਕਿੱਥੇ ਨੇ ਸਭ...ਭੂਆ-ਫੁੱਫੜ ਵੀ ਨੀਂ ਦਿਸਦੇ...।"

"ਸਾਰੇ ਜੰਡਿਆਲੇ ਗਏ ਹੋਏ...ਭੋਗ 'ਤੇ...ਨਿਆਣੇ ਪੜ੍ਹਨ...।"

"ਹੱਛਾ...ਤਾਹੀਉਂ ਮੈਂ ਕਹਿੰਨਾ...ਘਰ ਬੜਾ ਭਾਂਅ-ਭਾਂਅ ਪਿਆ ਕਰਦੈ...।" ਅਰਜਨ ਨੂੰ ਜਿਵੇਂ ਚਾਅ ਚੜ੍ਹ ਗਿਆ ਸੀ।

ਉਹ ਅਰਜਨ ਲਈ ਰਸੋਈ ਵਲ ਪਾਣੀ ਲੈਣ ਗਈ ਤਾਂ ਅਰਜਨ ਪਿੱਛੇ ਹੀ ਚਲਾ ਗਿਆ।

"ਭਾਬੀ...ਉਹ ਭਾਬੀ...ਅੱਜ ਬੜੇ ਚਿਰੀਂ ਮਸੀਂ ਮੌਕਾ ਮਿਲਿਆ...ਮੈਂ ਦੇਖਦਾ ਰਹਿੰਦਾ...ਤੂੰ ਬੜੀ ਉਦਾਸ ਰਹਿੰਦੀ ਏ...।"

"ਹਾਂ ਰਹਿੰਦੀ ਆਂ...ਇਹਦੇ ਨਾਲ ਤੈਨੂੰ ਕੀ ਭਾਅ...ਜਿਸਦਾ ਘਰਵਾਲਾ ਸੋਲਾਂ ਸਾਲਾਂ ਤੋਂ ਵਿਦੇਸ਼ ਗਿਆ ਹੋਵੇ...ਤੂੰ ਕੀ ਜਾਣੇ ਉਹਦੇ ਅੰਦਰੋਂ ਕੀ-ਕੀ ਰੋਜ਼ ਖੁਰਦਾ ਜਾਂਦੈ...ਤੂੰ ਮੇਰੀ ਸੱਸ ਦਾ ਰਿਸ਼ਤੇਦਾਰ ਏ...ਆਪਣੇ ਕੰਮ ਨਾਲ ਮਤਲਬ ਰੱਖ...ਮੇਰੇ ਵੱਲ ਬਹੁਤਾ ਹੋਰੂੰ-ਹੋਰੂੰ ਨਾ ਦੇਖਿਆ ਕਰ...ਮੈਨੂੰ ਇਵੇਂ ਠੀਕ ਨਹੀਂ ਲੱਗਦਾ...ਮੈਨੂੰ ਅਚਵੀ ਹੁੰਦੀ ਏ...।"

"ਇਵੇਂ ਕਿਉਂ ਕਹਿੰਦੀ ਏਂ ਪਟੋਲੇ ਵਰਗੀਏ ਭਾਬੀਏ...ਜੇ ਅੰਦਰ ਕਣ ਹੋਵੇ ਤਾਂ ਹੀ ਅਚਵੀਆਂ ਹੁੰਦੀਆਂ...ਕਿਉਂ ਦੱਬਦੀ ਏ ਆਪਣੇ ਜਜ਼ਬਾਤਾਂ ਨੂੰ ਇਵੇਂ ਘੁੱਟ-ਘੁੱਟ ਜਿਉਣਾ...ਜਿਉਣਾ ਥੋੜ੍ਹੀ ਹੁੰਦਾ...ਜ਼ਿੰਦਗੀ ਜਿਉਣ ਲਈ ਕੁਝ ਖੁੱਲ੍ਹਣਾ ਪੈਂਦਾ...।" ਕਹਿੰਦਿਆਂ ਉਸਨੇ ਨਿੰਮੋ ਦੀ ਬਾਂਹ ਫ਼ੜ ਲਈ।

"ਵੇ ਦੂਰ ਹੋ ਜਾ ਮੇਰੇ ਕੋਲੋਂ...।"

"ਕਿਉਂ ਆਪਣੀ ਜਾਨ ਨੂੰ ਤੜਫਾਉਂਦੀ ਏ...ਜਦੋਂ ਦਾ ਤੈਨੂੰ ਦੇਖਿਆ ਮੇਰੀ ਰਾਤਾਂ ਦੀ ਚੈਨ ਉੱਡ ਗਈ...ਮੈਂ ਐਵੇਂ ਤਾਂ ਨਹੀਂ ਇੱਥੇ ਆਉਂਦਾ...ਤੇਰਾ ਰੂਪ ਖਿੱਚ ਲਿਆਉਂਦਾ...ਭਾਬੀ ਤੂੰ ਤਾਂ ਚੰਨ ਦਾ ਟੋਟਾ ਏਂ...ਜਿਵੇਂ ਕੱਲ੍ਹ ਹੀ ਡੋਲਿਉਂ ਲਾਹੀ ਹੋਵੇ...ਕੌਣ ਕਹਿੰਦੈ ਤੂੰ ਦੋ ਜੁਆਕਾਂ ਦੀ ਮਾਂ ਏ...।"

"ਦੇਖ ਅਰਜਨਾ ਛੱਡ ਦੇ ਮੇਰੀ ਬਾਂਹ...ਮਰਦਾਂ ਨੂੰ ਸਿਰਫ਼ ਔਰਤਾਂ ਵਿਚਲੀ ਕਸ਼ਿਸ਼ ਹੀ ਦਿਸਦੀ ਏ...ਭਾਵਨਾਵਾਂ ਤੇ ਦੁੱਖ ਨਹੀਂ ਦਿਸਦੇ ਹੁੰਦੇ...ਔਰਤ ਦੋ ਧਾਰੀ ਤਲਵਾਰ ਵਰਗੇ ਹਾਲਾਤਾਂ 'ਤੇ ਜੀਂਦੀ ਏ...ਮੈਂ ਤੇਰੇ ਭਰਾ ਦੀ ਇਮਾਨਤ ਆਂ...ਇਵੇਂ ਨਾ ਕਰ...ਦੇਖ ਕੋਈ ਆ ਗਿਆ ਤਾਂ ਮੇਰੀ ਸਾਰੀ ਉਮਰ ਦੀ ਕੀਤੀ ਕਰਾਈ ਖੂਹ 'ਚ ਪੈ ਜਾਣੀ...ਮੈਨੂੰ ਪੇਕੇ ਸਹੁਰੇ ਖਾਨਦਾਨਾਂ 'ਚ ਸਾਊ ਨੂੰਹ ਧੀਅ ਹੋਣ ਦਾ ਠੱਪਾ ਲੱਗਾ ਹੋਇਆ...ਮੈਨੂੰ ਤੂੰ ਇਸ ਵੇਗ 'ਚ ਨਾ ਵਹਾਅ...।"

"ਛੱਡ ਭਾਬੀਏ...ਕਿਹੜੀਆਂ ਭੋਲੀਆਂ ਗੱਲਾਂ ਕਰਦੀ ਏ...ਛੱਡ ਪੁਰਾਣੇ। ਬਹੇ ਜਿਹੇ ਖਿਆਲਾਂ ਨੂੰ...ਇਹ ਤਾਂ ਜਿਹਨੇ ਮੌਕਾ ਸੰਭਾਲ ਲਿਆ, ਉਹਦਾ ਹੀ ਸਭ ਕੁਝ ਬੁੰਦਾ...ਇਵੇਂ ਜੇ ਸੋਚਦੀ ਰਹੀ ਤਾਂ ਬੁੜੀ ਹੋਜੇਂਗੀ...ਫੇਰ ਕਿਹਨੇ ਇਵੇਂ ਬਾਂਹ ਫੜਨੀ...ਤੂੰ ਆਪਣੇ-ਆਪ ਨੂੰ ਜਿਸ ਘਰਵਾਲੇ ਦੀ ਇਮਾਨਤ ਸਮਝਦੀ ਏ...ਉਹ ਤਾਂ ਮੈਨੂੰ ਫੋਨ 'ਤੇ ਦੱਸਦਾ ਹੁੰਦਾ...ਵੰਨ-ਸਵੰਨੀਆਂ ਮੇਮਾਂ ਨਾਲ ਨਿੱਤ ਮਜ਼ੇ ਲੁੱਟੀਦੇ ਨੇ...ਭਾਬੀ ਜਿਹਨਾਂ ਗਦੇਲੇ ਵਰਗੀਆਂ ਨਾਲ ਰਾਤਾਂ ਲੰਘਾਈਆਂ ਹੋਣ, ਉਹਨਾਂ ਏਥੇ ਵਾਣ ਦੇ ਮੰਜਿਆਂ ਵਰਗੀਆਂ ਨਾਲ ਘਿਸ-ਘਿਸ ਕੀ ਕੱਢਣੈ...ਤੂੰ ਸਿਆਣੀ ਏ...ਉਹ ਜਦੋਂ ਕਦੇ ਆਉ...ਉਸ ਮੇਮਾਂ ਦੇ ਚੂਪੇ ਹੋਏ 'ਚ ਰਹਿ ਵੀ ਕੀ ਗਿਆ ਹੋਉ...ਤੂੰ ਐਵੇਂ ਮਰੀ ਪਈ ਜਾਂਦੀ ਏ...ਤੂੰ ਸੋਚ ਲੈ...।" ਇੰਨਾ ਕਹਿੰਦਿਆਂ ਉਹਨੇ ਜਬਰਦਸਤੀ ਉਹਨੂੰ ਬਾਹਵਾਂ ਦੇ ਮਜ਼ਬੂਤ ਸ਼ਕੰਜੇ 'ਚ ਘੁੱਟ ਕੇ ਚੁੰਮਣਾ ਦਾ ਇੱਕ ਵਾਰ ਕਰ ਦਿੱਤਾ।

"ਵੇ ਛੱਡਦੇ ਮੈਨੂੰ...ਤੈਨੂੰ ਸ਼ਰਮ ਨਹੀਂ...ਅੱਜ ਦੱਸੂ ਬੀਬੀ ਨੂੰ ਤੇਰੀ ਕਰਤੂਤ...।" ਕਹਿੰਦਿਆਂ ਉਹ ਜ਼ੋਰ ਜਬਰਦਸਤੀ ਕਰਦੀ ਉਹਦੇ ਸ਼ਿਕੰਜੇ 'ਚੋਂ ਨਿਕਲਣ ਦੀ ਕੋਸ਼ਿਸ਼ ਕਰਦਿਆਂ ਬੇਵੱਸ ਹੋ ਗਈ ਸੀ।

"ਅਰਜਨਾ ਜੇ ਏਨੀ ਹੀ ਜਾਨ ਤੰਗ ਏ ਤਾਂ ਵਿਆਹ ਕਰਵਾਅ ਲੈ...ਮੇਰੀ ਕਿਉਂ ਜਾਨ ਖਾਂਦੈ...।"

"ਵਿਆਹ ਤਾਂ ਜਦੋਂ ਹੋਉ ਭਾਬੀ...ਦੇਖੀ ਜਾਉ...ਮੈਨੂੰ ਤਾਂ ਤੇਰੇ ਵੱਲੋਂ ਦੇਖ-ਦੇਖ ਤਰਸ ਆਉਂਦਾ...ਖੌਰੇ ਰੱਬ ਨੇ ਮੈਨੂੰ ਤੇਰੇ ਕਰਕੇ ਹੀ ਭੇਜਿਆ ਹੋਵੇ...ਤੂੰ ਡਰ ਨਾ...ਆਪਾਂ ਰਲਕੇ ਆਪਣੇ ਅੰਦਰ ਠਾਠਾਂ ਮਾਰਦੇ ਸਮੁੰਦਰ ਨੂੰ ਡੱਕਾ ਲਾ ਸਕਦੇ ਆਂ...ਆਪੋ-ਆਪਣੀਆਂ ਜ਼ਿੰਦਗੀਆਂ 'ਚ ਇਨਕਲਾਬ ਲਿਆ ਸਕਦੇ...।"

"ਬਸ ਤੂੰ ਛੱਡਦੇ ਮੈਨੂੰ...ਮੈਨੂੰ ਗੁੱਸਾ ਨਾ ਚੜ੍ਹਾ...।"

ਏਨੇ ਨੂੰ ਬਾਹਰਲਾ ਕੁੰਡਾ ਖੜਕਿਆ ਤੇ ਅਰਜਨ ਦੀ ਪਕੜ ਢਿੱਲੀ ਪੈ ਗਈ।

ਨਿੰਮੋ ਬਾਹਰ ਨੂੰ ਦੌੜੀ।

"ਮੰਮੀ ਏਨਾ ਚਿਰ ਲਾ 'ਤਾ ਗੇਟ ਖੋਲਦਿਆਂ...।" ਨਿਆਣੇ ਕਾਹਲੇ ਪੈ ਗਏ ਸਨ।

"ਉਏ ਮੈਂ ਰਸੋਈ 'ਚ ਕੰਮ ਕਰਦੀ ਸੀ...ਮੈਨੂੰ ਸੁਣਿਆ ਨਹੀਂ...।" ਉਸ ਗੇਟ ਬੰਦ ਕਰਦੀ ਨੇ ਅੱਕੀ ਪਲਾਹੀ ਹੀ ਬੋਲ ਦਿੱਤਾ।

ਉਧਰ ਅਰਜਨ ਵੀ ਝੱਟਪਟ ਪੁਰਾਣੀ ਅਖ਼ਬਾਰ ਨੂੰ ਇਵੇਂ ਲੈ ਕੇ ਬੈਠ ਗਿਆ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਜਿਵੇਂ ਆਇਆ ਭੈੜਾ ਸਮਾਂ ਟਲ ਗਿਆ ਹੋਵੇ। ਸਹਿਜ ਹੋਣ ਤੋਂ ਬਾਅਦ ਕਈ ਦਿਨ

ਨਿੰਮੋ ਅੰਦਰ ਹਲਚਲ ਮੱਚੀ ਰਹੀ। ਅਰਜਨ ਦੀ ਛੋਹ ਉਹੋ ਜਿਹੀ ਸੀ ਜਿਵੇਂ ਨਵੇਂ-ਨਵੇਂ ਵਿਆਹ ਵੇਲੇ ਦਲਬੀਰ ਨਾਲ ਮਹਿਸੂਸ ਕਰਦੀ ਹੁੰਦੀ। ਹੁਣ ਤਾਂ ਉਹਦੇ ਤੋਂ ਵੀ ਵੱਧ ਚਾਸ਼ਨੀ 'ਚ ਘੁਲੀ-ਮਿਲੀ ਹੋਈ।

ਉਹ ਚਾਹੁੰਦਿਆਂ ਹੋਇਆਂ ਵੀ ਅਰਜਨ ਤੋਂ ਬਚਦੀ ਰਹਿੰਦੀ। ਉਸ 'ਚ ਹਿੰਮਤ ਨਾ ਪੈਂਦੀ। ਡਰ ਉਹਦੇ ਆਲੇ-ਦੁਆਲੇ 'ਚ ਪੱਸਰਿਆ ਰਹਿੰਦਾ। ਉਹ ਤਾਂ ਹਵਾ ਨਾਲ ਉੱਡਦੇ ਸੁੱਕੇ ਪੱਤੇ ਤੋਂ ਵੀ ਡਰ ਜਾਂਦੀ। ਉਸਨੂੰ ਆਪਣੇ ਆਪ 'ਤੇ ਖਿਝ ਵੀ ਆਉਂਦੀ। ਉਸਦਾ ਸੁਭਾਅ ਕਿਹੋ ਜਿਹਾ ਸੀ। ਭਾਵੇਂ ਉਸਦਾ ਜੀਅ ਕਰਦਾ ਇਹਨਾਂ ਬੰਧਸ਼ਾਂ ਭਰੇ ਘਰੇਲੂ ਵਾਤਾਵਰਨ ਤੋਂ ਨਿਕਲਕੇ ਕਿਤੇ ਦੂਰ ਭੱਜ ਜਾਵੇ।

ਪਰ ਉਹ ਜਿੰਨਾ ਬਚਦੀ। ਅਰਜਨ ਟਲਦਾ ਹੀ ਨਾ। ਉਸਨੇ ਦੇਖ ਲਿਆ ਸੀ, ਨਿੰਮੋ ਗਊ ਹੀ ਨਹੀਂ। ਪੂਰੀ ਸੀਲ ਗਊ ਹੀ ਸੀ। ਜਿਸ ਦੇ ਮੂੰਹ ਨੂੰ ਸੰਸਕਾਰਾਂ ਦਾ ਜੰਦਰਾ ਲੱਗਾ ਹੋਇਆ। ਅਰਜਨ ਤਾਂ ਹੁਣ ਖਹਿੜੇ ਹੀ ਪੈ ਗਿਆ ਸੀ। ਜਿਵੇਂ ਹੁਣ ਉਹ ਉਸ ਤੇ ਆਪਣਾ ਪੂਰਾ ਹੱਕ ਸਮਝਦਾ ਹੋਵੇ।

ਇਸੇ ਗੱਲ ਨੇ ਨਿੰਮੋ ਦੀ ਮਾਨਸਿਕ ਸਥਿਤੀ 'ਚ ਖਲਬਲੀ ਜਿਹੀ ਮਚਾ ਰੱਖੀ ਸੀ। ਨਿੰਮੋ ਦੀ ਹਿੱਕ 'ਤੇ ਬਹੁਤ ਕੁਝ ਬਰਫ਼ ਬਣ ਜੰਮ ਗਿਆ ਸੀ। ਉਹ ਕਿੰਨਾ ਕੁ ਰੋਕੇ। ਕਿਵੇਂ ਜੰਮਿਆ ਗਲੇਸ਼ੀਅਰ ਤੋੜੇ ਤੇ ਆਜ਼ਾਦ ਹੋ ਕੇ ਵਹਿਣੀ ਪੈ ਜਾਵੇ। ਉੱਡਦੀ ਧੁੰਦ 'ਚ ਉੱਡੀ ਫਿਰੇ। ਆਪਣੇ ਸੁਪਨੇ ਪੂਰੇ ਕਰੇ।

ਉਹ ਸੋਚਦੀ ਪਰਦੇਸੀ ਹੋਏ ਬੰਦੇ ਦੀ ਔਰਤ ਦੀ ਵੀ ਕੀ ਜ਼ਿੰਦਗੀ ਹੁੰਦੀ। ਨਾ ਆਰ ਨਾ ਪਾਰ। ਨਾ ਵਿਆਹੀ ਨਾ ਰੰਡੀ। ਦਲਬੀਰ ਬਾਹਰ ਪੈਸੇ ਬਣਾਉਣ ਵਾਲੀ ਮਸ਼ੀਨ ਬਣਿਆ ਹੋਇਆ। ਇੱਥੇ ਉਹਨੂੰ ਚੂਹੇ ਕੁਤਰਨ ਨੂੰ ਫਿਰਦੇ ਨੇ। ਦੱਸ ਹੁਣ ਦਲਬੀਰ ਮੈਂ ਤੇਰੇ ਰੁਪਈਏ ਖਾ ਕੇ ਜਾਂ ਆਪਣੇ ਦੁਆਲੇ ਤੇਰੇ ਰੁਪਈਆਂ ਦੀ ਵਾੜ ਕਰਕੇ ਵੀ ਆਪਣੇ-ਆਪ ਨੂੰ ਕਿਵੇਂ ਬਚਾਵਾਂ। ਜਦੋਂ ਘਰ 'ਚ ਸਾਨ੍ਹ ਆ ਵੜਿਆ ਹੋਵੇ।

ਹੁਣ ਜਦੋਂ ਵੀ ਦਲਬੀਰ ਦਾ ਫ਼ੋਨ ਆਉਂਦਾ ਤਾਂ ਉਸਦੇ ਹਾੜੇ ਕੱਢਦੀ। ਗਰੀਨ ਕਾਰਡ ਨੂੰ ਛੱਡ। ਮੈਨੂੰ ਤੇਰੀ ਅਮਰੀਕਾ ਵੀ ਨਹੀਂ ਚਾਹੀਦੀ। ਤੂੰ ਸਭ ਕੁਝ ਛੱਡ-ਛਡਾ ਕੇ ਵਾਪਸ ਆ ਜਾ। ਮੇਰੇ ਹੁਣ ਵੱਸ ਨਹੀਓਂ ਕੁਝ। ਮੈਥੋਂ ਨਹੀਂ ਹੁਣ ਹੋਰ ਬਰਦਾਸ਼ਤ ਹੁੰਦਾ। ਨਾ ਹੋਰ ਬਣਵਾਸ ਝੱਲਿਆ ਜਾਂਦਾ। ਮੇਰੀ ਜ਼ਿੰਦਗੀ ਤਾਂ ਹੁਣ ਚੌਰਾਹੇ 'ਤੇ ਜਗਬੁਝ ਕਰਦੀਆਂ ਲਾਈਟਾਂ ਵਰਗੀ ਹੋ ਗਈ ਆ। ਬਚਾ ਲੈ ਮੈਨੂੰ। ਮੈਂ ਮਰ ਜਾਵਾਂਗੀ।

ਪਰ ਦਲਬੀਰ ਕਿੱਥੇ ਪੈਰਾਂ 'ਤੇ ਪਾਣੀ ਪੈਣ ਦਿੰਦਾ। ਥੋੜ੍ਹਾ ਸਬਰ ਕਰ ਲੈ। ਬਸ ਜਲਦੀ ਹੀ ਕੰਮ ਬਣ ਜਾਣਾ। ਮੈਂ ਨਿਊਯਾਰਕ ਬਹੁਤ ਵੱਡਾ ਘਰ ਲੈ ਲਿਆ। ਹੁਣ ਆਪਣੇ ਤਿੰਨ ਸਟੋਰ ਹੋ ਗਏ। ਜਲਦੀ ਦੋ ਗੈਸ ਸਟੇਸ਼ਨ ਵੀ ਲੈ ਲੈਣੇ। ਦੇਖੀ ਫਿਰ ਨਿੰਮੋ ਜਦੋਂ ਆਵੇਂਗੀ, ਨਜ਼ਾਰੇ ਲਵੇਂਗੀ। ਰਾਜ ਕਰੇਂਗੀ। ਪਟਰਾਣੀ ਬਣਾਕੇ ਰੱਖੂ। ਹੁਣ ਤਾਂ ਕਿਤੇ ਜਾ ਕੇ ਡਾਲਰ ਕਮਾਉਣ ਦਾ ਮਜ਼ਾ ਆਉਣ ਲੱਗਾ। ਨਿੰਮੋ ਡਾਲਰਾਂ ਦਾ ਨਸ਼ਾ ਹੀ ਬੜਾ ਹੁੰਦਾ। ਉਹ ਠੀਕ ਹੀ ਕਹਿੰਦਾ। ਮੈਨੂੰ ਵੀ ਪਹਿਲਾਂ ਇਵੇਂ ਜਾਪਦਾ ਹੁੰਦਾ ਸੀ। ਘਰਵਾਲਾ ਅਮਰੀਕਾ 'ਚ। ਮੈਂ ਤਾਂ ਮਹਾਰਾਣੀ ਬਣਕੇ ਸਿੰਘਾਸਣ 'ਤੇ ਬੈਠ ਜਾਣਾ। ਧਰਤੀ ਤੋਂ ਬਹੁਤ ਉੱਚੀ ਹਵਾ 'ਚ ਉੱਡਦੀ ਮਹਿਸੂਸ ਕਰਦੀ।

ਜਿਵੇਂ ਕਹਿੰਦੇ ਨੇ ਭੁੱਖੇ ਜੱਟ ਕਟੋਰਾ ਲੱਭਾ, ਪਾਣੀ ਪੀ-ਪੀ ਆਫ਼ਰਿਆ। ਹੁਣ ਦਲਬੀਰ

ਦੀਆਂ ਇਹੋ ਜਿਹੀਆਂ ਗੱਲਾਂ ਸੁਆਦ ਨਹੀਂ ਦੇਂਦੀਆਂ। ਸਗੋਂ ਖਿਝ ਚੜ੍ਹਦੀ। ਜਿਉਂ-ਜਿਉਂ ਰੁਪਈਆਂ ਦੇ ਪਹਾੜ ਉੱਸਰਦੇ ਜਾਂਦੇ ਦੇਖਦੀ ਆਂ। ਕੈਦ ਲੱਗਦੀ ਏ। ਜਿੱਥੇ ਬੰਦੇ ਦੇ ਗਰਮ ਸਾਹਾਂ ਦੀ ਲੋੜ ਹੋਵੇ, ਉੱਥੇ ਡਾਲਰਾਂ ਦਾ ਕੀ ਭਾਅ।

ਅੱਜ ਉਹਨੂੰ ਭੂਰੀਆਂ ਕੀੜੀਆਂ ਪਈਆਂ ਲੜੀ ਜਾਂਦੀਆਂ। ਉਹ ਦੇਖ ਰਹੀ ਸੀ, ਪੱਕੇ ਫ਼ਰਸ਼ ਦੇ ਵਿਚਕਾਰਲੇ ਪਿਲਰ ਦੇ ਇੱਕ ਕੋਨੇ 'ਚ ਕੀੜੀਆਂ ਦੀ ਭੌਂਣ ਖੁੱਲ ਗਈ ਸੀ। ਕੀੜੀਆਂ ਅੰਦਰ ਜਾਂਦੀਆਂ ਤੇ ਬਾਹਰ ਆਈ ਜਾਂਦੀਆਂ। ਉਹ ਹੈਰਾਨ ਸੀ। ਏਨੇ ਪੱਕੇ ਫ਼ਰਸ਼ 'ਚੋਂ ਵੀ ਕੀੜੀਆਂ ਕਿਵੇਂ ਭੌਂਣ ਬਣਾ ਲੈਂਦੀਆਂ ਨੇ। ਉਸਨੇ ਮਹਿਸੂਸ ਕੀਤਾ, ਕੀੜੀਆਂ ਤਾਂ ਉਹਦੀ ਦੇਹ ਉੱਤੇ ਰੀਂਘਦੀਆਂ ਪਈਆਂ। ਜਿਵੇਂ ਅਰਜਨ ਬਿੱਲੀਆਂ ਅੱਖਾਂ ਨਾਲ ਉਹਦੇ ਸਰੀਰ 'ਤੇ ਜਲੂਨ ਪਿਆ ਕਰਦਾ ਪ੍ਰਤੀਤ ਹੁੰਦਾ।

ਨਿਆਣਿਆਂ ਨੂੰ ਪੜ੍ਹਨੇ ਭੇਜ ਕੇ ਉਸਨੇ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰ ਲਿਆ। ਸਾਰੇ ਕੱਪੜੇ ਉਤਾਰਕੇ ਸਰੀਰ ਨੂੰ ਨਿਹਾਰਿਆ। ਅੱਜ ਪਹਿਲੀ ਵਾਰ ਤਣੇ ਅੰਗਾਂ ਨੂੰ ਨੀਝ ਨਾਲ ਦੇਖ ਰਹੀ ਸੀ। ਉਸਨੇ ਸ਼ੀਸ਼ੇ ਦੁਆਲੇ ਸਰੀਰ ਨੂੰ ਘੁਮਾ ਕੇ ਦੇਖਿਆ। ਫਿਰ ਟੋਹ-ਟੋਹ ਦੇਖਣ ਲੱਗੀ। ਉਹ ਹੈਰਾਨ ਸੀ। ਏਨਾ ਸਮਾਂ ਕੱਲਿਆਂ ਰਹਿਕੇ ਵੀ ਅਜੇ ਉਹਦੀ ਕਾਠੀ ਪੂਰੀ ਕਾਇਮ ਸੀ। ਐਵੇਂ ਤਾਂ ਨਹੀਂ ਅਰਜਨ ਉਸਤੇ ਡੁੱਲਿਆ ਫ਼ਿਰਦਾ।

ਅਰਜਨ ਨੇ ਉਸ ਅੰਦਰ ਦਹਾਕਿਆਂ ਤੋਂ ਸੁਕਾ ਕੇ ਰੱਖੀਆਂ ਲੱਕੜਾਂ ਦਾ ਭਾਂਬੜ ਬਾਲ ਦਿੱਤਾ ਸੀ।

"ਭਾਬੀ ਆਸ਼ਕਾਂ ਦੀ ਹਾਅ ਲੱਗ ਜਾਂਦੀ ਹੁੰਦੀ...ਆਸ਼ਕ ਰੱਬ ਦੇ ਆਹਲਾ ਹੀ ਜੀਵ ਹੁੰਦੇ...ਤੂੰ ਤਾਂ ਖੌਰੇ ਲੋਹੇ ਦੀ ਬਣੀ ਏ...ਤੂੰ ਮਾਰ ਖੰਡੀ ਗਾਂ ਨਾ ਬਣ...।"

"ਵੇ ਤੈਨੂੰ ਠਰਕ ਭੋਰਨ ਨੂੰ ਮੈਂ ਹੀ ਦਿਸੀ...ਮੈਂ ਬਾਲ-ਬੱਚੇਦਾਰ ਆਂ...ਤੂੰ ਛੜਾ-ਛਾਂਟ...ਤੇਰਾ ਕੀ ਜਾਣਾ...ਮੈਂ ਕੱਲ ਨੂੰ ਬਦਨਾਮ ਹੁੰਦੀ ਫਿਰੂ...।"

"ਭਾਬੀ ਤੇਰੀ ਉਦਾਸੀ ਨਹੀਂ ਮੈਥੋਂ ਜਰੀ ਜਾਂਦੀ...ਕਿਵੇਂ ਉਦਾਸ ਜਿਹੇ ਕੱਪੜੇ ਪਾਈ ਰੱਖਦੀ ਏ...ਰੱਬ ਨੇ ਤੈਨੂੰ ਏਨਾ ਸੋਹਣਾ ਬਣਾਇਆ...ਤੂੰ ਆਪਣੇ-ਆਪ ਨੂੰ ਪਹਿਚਾਣ...।"

"ਵੇ ਕਿਹੋ ਜਿਹੀਆਂ ਗੱਲਾਂ ਕਰਦੈ...ਮੈਂ ਇਵੇਂ ਉਹਲਿਆਂ 'ਚ ਹੀ ਜਿਉਂਣਾ ਚਾਹੁੰਦੀ ਆਂ...।"

"ਪਰ ਮੈਂ ਤੇਰੇ ਜਿਸਮ ਨੂੰ ਨਹੀਂ...ਤੇਰੀ ਰੂਹ ਨੂੰ ਮੁਹੱਬਤ ਕਰਦਾ...ਤੇਰੇ ਲਈ ਪਾਗਲ ਹੋ ਗਿਆਂ...ਮੈਂ ਤੈਥੋਂ ਬਿਨਾ ਮਰ ਜਾਵਾਂਗਾ...।"

"ਵੇ ਤੂੰ ਮੈਨੂੰ ਕਿਉਂ ਜੜ੍ਹਾਂ ਤੋਂ ਉਖੇੜਣ ਨੂੰ ਫ਼ਿਰਦੈ...।"

"ਮੈਨੂੰ ਤਾਂ ਤਰਸ ਆਉਂਦੈ ਭਾਬੀਏ...ਤੇਰੀਆਂ ਚੜ੍ਹਦੀਆਂ ਰੁੱਤਾਂ ਉੱਤੇ ਵਰ੍ਹਿਆਂ ਦੀ ਪੱਤਝੜ, ਮੈਂ ਨਹੀਂ ਬਰਦਾਸ਼ਤ ਕਰ ਸਕਦਾ...ਮੇਰਾ ਤਾਂ ਦਿਲ ਕਰਦਾ ਮੈਂ ਮਾਂਦਰੀ ਬਣਕੇ ਤੇਰੇ ਦੁੱਖਾਂ ਦਾ ਜ਼ਹਿਰ ਚੂਸ ਲਵਾਂ...।"

"ਤੈਨੂੰ ਕੀ ਦੱਸਾਂ ਅਰਜਨਾ...ਮੈਂ ਡਰਦੀ ਆਂ...ਮੈਥੋਂ ਇਹ ਸਭ ਹੋਣਾ ਬਹੁਤ ਮੁਸ਼ਕਲ ਏ...।"

"ਭਾਬੀ ਕੀ ਮੁਸ਼ਕਲ ਏ...ਤੂੰ ਪਹਾੜ ਟੱਪਣਾ...ਜਿਉਂਣ ਲਈ ਦੂਜੇ ਦਾ ਸਹਾਰਾ ਚਾਹੀਦਾ ਹੀ ਹੁੰਦਾ...ਸਹਾਰੇ ਤੋਂ ਬਗੈਰ ਨਹੀਉਂ ਜ਼ਿੰਦਗੀ ਹੁੰਦੀ...ਨਾ ਲੰਘਦੀ...।"

ਅਰਜਨ ਦੀਆਂ ਮੋਹ ਲੈਣ ਵਾਲੀਆਂ ਗੱਲਾਂ ਨੇ ਹੌਲੀ-ਹੌਲੀ ਉਹਦਾ ਦਲਬੀਰ ਨਾਲ ਪਤੀ-ਪਤਨੀ ਦਾ ਰਿਸ਼ਤਾ ਤਾਂ ਡੈੱਡ ਲਾਈਨ 'ਤੇ ਪਾ ਦਿੱਤਾ ਸੀ। ਉਹਦਾ ਹੁਣ ਜੀਅ ਕਰਦਾ ਜੇ ਮੇਰੇ ਨਿਆਣੇ ਨਾ ਹੁੰਦੇ ਤਾਂ ਮੈਂ ਅਰਜਨ ਨਾਲ ਕਿਤੇ ਭੱਜ ਜਾਣਾ ਸੀ। ਜਦੋਂ ਅਰਜਨ ਉਹਨੂੰ ਕਹਿੰਦਾ ਤੂੰ ਮੈਨੂੰ ਚੰਗੀ ਲੱਗਦੀ ਏ। ਉਹ ਉਹਨੂੰ ਹੀਰ ਸਲੇਟੀ ਵੀ ਕਹਿੰਦਾ। ਇਵੇਂ ਸੁਣਨਾ ਨਿੰਮੋ ਨੂੰ ਬੜਾ ਚੰਗਾ ਲੱਗਦਾ। ਅਰਜਨ ਉਸ ਤੋਂ ਉਮਰੋਂ ਛੋਟਾ ਸੀ। ਪਰ ਪਿਆਰ ਦੇ ਫ਼ਲਸਫ਼ੇ ਨੂੰ ਡੂੰਘਾਈ ਨਾਲ ਜਾਣਦਾ ਸੀ।

ਭਾਵੇਂ ਉਹ ਹੁਣ ਚੋਰੀ-ਚੋਰੀ ਹੀ ਦੇਖਦੇ, ਪਰ ਉਹ ਇੱਕ-ਦੂਜੇ ਨੂੰ ਇੰਜ ਦੇਖਣ ਲੱਗ ਪਏ ਸਨ ਜਿਵੇਂ ਅੱਲ੍ਹੜ ਪ੍ਰੇਮੀ ਇੱਕ-ਦੂਜੇ ਨੂੰ ਮੁਹੱਬਤੀ ਖ਼ਤ ਪਏ ਲਿਖ ਰਹੇ ਹੋਣ। ਉਹਨਾਂ ਦੀਆਂ ਅੱਖਾਂ ਖ਼ਤਾ ਵਰਗਾ ਸੁਨੇਹਾ ਦੇਂਦੀਆਂ।

ਉਸਨੇ ਜਿਸ ਦਿਨ ਆਉਣਾ ਹੁੰਦਾ। ਉਦੋਂ ਉਹਦਾ ਇੱਕ-ਇੱਕ ਪਲ ਹਜ਼ਾਰਾਂ ਸਾਲਾਂ ਦੀ ਤਰ੍ਹਾਂ ਬੀਤਦਾ। ਉਹ ਕੋਠੇ 'ਤੇ ਕੱਪੜੇ ਪਾਉਣ 'ਤੇ ਲਾਹੁਣ ਦੇ ਬਹਾਨੇ ਕਈ ਵਾਰ ਜਾਂਦੀ। ਦੂਰੋਂ ਆਉਂਦੇ ਅਰਜਨ ਦਾ ਰਾਹ ਪਿਆ ਤੱਕਦੀ। ਉਹ ਸੋਚਦੀ ਇਸ ਇਸ਼ਕ ਨੂੰ ਨਾ ਉਸ ਬੀਜਿਆ। ਨਾ ਆਪ ਸਿੰਜਿਆ। ਇਹ ਤਾਂ ਆਪ-ਮੁਹਾਰਾ ਹੀ ਉਸਨੂੰ ਆਪਣੇ ਕਲਾਵੇ 'ਚ ਵਲੀ ਜਾ ਰਿਹਾ। ਅਰਜਨ ਨੇ ਉਸ ਦੁਆਲੇ ਸੰਘਣਾ ਘੇਰਾ ਘੱਤ ਦਿੱਤਾ ਸੀ।

ਇੱਕ ਦਿਨ ਮੌਕਾ ਮਿਲਦਿਆਂ ਹੀ ਪਿਛਲੇ ਕਮਰੇ ਦੀ ਨੁੱਕਰੇ ਸੀਨੇ ਨਾਲ ਘੁੱਟਦਿਆਂ ਬੋਲਿਆ, "ਨਿੰਮੋ ਇਵੇਂ ਕੰਮ ਨਹੀਂ ਬਣਨਾ...ਸੁਰਮਾ ਪਾਈਏ ਵੀ ਤੇ ਮਟਕਾਈਏ ਵੀ ਨਾ...ਟਾਈਮ ਕੱਢ...ਬਹਾਨਾ ਬਣਾ...ਮੇਰੇ ਕਵਾਟਰ ਸ਼ਹਿਰ ਆ...ਉੱਥੇ ਹੀ ਰੱਜ ਮਾਣ ਸਕਦੇ ਆ...ਇਵੇਂ ਤਾਂ ਤੜਫ਼-ਤੜਫ਼ ਕੇ ਮਰ ਜਾਵਾਂਗੇ...।"

"ਪਰ ਮੈਨੂੰ ਡਰ ਲੱਗਦਾ...।"

"ਡਰ ਕਾਹਦਾ...ਇਵੇਂ ਮਹੀਨੇ ਕੁ ਬਾਅਦ ਪੇਕਿਆਂ ਦਾ ਬਹਾਨਾ ਪਾ ਕੇ ਉੱਥੇ ਆ ਜਾਇਆ ਕਰੀਂ...।"

ਨਿੰਮੋ ਅੰਦਰ ਇਸ ਸੁਪਨਈ ਸੰਸਾਰ ਦੇ ਦ੍ਰਿਸ਼ ਕਿਸੇ ਫ਼ਿਲਮੀ ਟ੍ਰੇਲਰ ਵਾਂਗ ਘੁੰਮਦੇ।

ਇੱਕ ਦਿਨ ਉਸਨੇ ਪੇਕੇ ਦਿਹਾੜੀ ਦੋ ਕੱਟਕੇ ਆਉਣ ਲਈ ਸੱਸ ਤੋਂ ਇਜਾਜ਼ਤ ਲੈ ਲਈ ਸੀ।

ਫਿਰ ਅਗਲੇ ਦਿਨੀਂ ਘਰ ਦੀ ਦਹਿਲੀਜ਼ ਟੱਪਦਿਆਂ ਉਹਦਾ ਇੱਕ ਰੰਗ ਆ ਰਿਹਾ। ਇੱਕ ਜਾ ਰਿਹਾ। ਸਰੀਰ ਘਬਰਾਹਟ ਨਾਲ ਆਪ-ਮੁਹਾਰਾ ਹੀ ਕੰਬ ਰਿਹਾ। ਪਹਿਲੀ ਚੋਰੀ ਕਿਤੇ ਪਹਿਲਾ ਫ਼ਾਹੀ ਨਾ ਬਣ ਜਾਵੇ। ਬੜੇ ਚਿਰਾਂ ਦੀ ਬਚਾਈ ਸੰਭਾਲੀ ਇੱਜ਼ਤ ਕਿਤੇ ਕੰਡਿਆਲੀ ਥੋਹਰ ਨਾ ਬਣ ਜਾਵੇ। ਇੱਜ਼ਤ ਲੱਖੀਂ ਹਜ਼ਾਰੀਂ ਵੀ ਨਹੀਂ ਮਿਲਦੀ। ਕਦੇ ਉਹਦਾ ਦਿਲ ਕਰਦਾ ਨਾ ਹੀ ਜਾਵਾਂ। ਪਰ ਪੈਰ ਚੱਲਣ ਲਈ ਉਕਸਾਅ ਰਹੇ। ਉਧਰ ਅਰਜਨ ਨਾਲ ਕੀਤਾ ਵਾਅਦਾ ਅੱਡੇ ਵਲ ਜਾਣ ਲਈ ਮਜਬੂਰ ਕਰ ਰਿਹਾ। ਲੱਤਾਂ ਅਜੀਬ ਜਿਹੇ ਚਾਅ 'ਚ ਖੁੱਸਦੀਆਂ ਜਾ ਰਹੀਆਂ।

ਅਰਜਨ ਦੇ ਦੱਸੇ ਪਤੇ ਮੁਤਾਬਕ ਸ਼ਹਿਰ ਪਹੁੰਚਕੇ ਪੁਲੀਸ ਲਾਈਨ ਦੇ ਕੁਆਟਰ 'ਚ ਜਾ ਦਸਤਕ ਦਿੱਤੀ। ਅਰਜਨ ਤਾਂ ਪਹਿਲਾਂ ਹੀ ਬੈਠਾ ਉਡੀਕ ਰਿਹਾ ਸੀ।

"ਵੇ ਅਰਜਨਾ...ਮੇਰੇ ਦਿਲ ਨੂੰ ਫੋਲਕੇ ਵੇਖ...ਮੈਂ ਕਿਵੇਂ ਆਈ ਆਂ...।"

“ਉਏ ਛੱਡ ਨਿੰਮੋ ਭਾਬੀਏ...ਏਸੇ ਡਰ ਨੇ ਤੇਰੇ ਵਰ੍ਹਿਆਂ ਦੇ ਵਰ੍ਹੇ ਸੁੱਕੇ ਹੀ ਕੱਢ ’ਤੇ...ਨਹੀਂ ਤਾਂ ਬਥੇਰੇ ਨਜ਼ਾਰੇ ਲੈ ਸਕਦੀ ਸੈਂ...ਤੂੰ ਤਾਂ ਕੰਜਰ ਭਰਾ ਦੀ ਸਤਾਈ ਅਤ੍ਰਿਪਤ ਰੂਹ ਏ...।”

ਅੱਜ ਤਾਂ ਉਹ ਚਾਆਂ ਨਾਲ ਭਰੀ ਅਰਜਨ ਅੱਗੇ ਆਪਣੇ ਸਾਰੇ ਹਥਿਆਰ ਸੁੱਟਕੇ ਸੁਰਖ਼ਰੂ ਹੋਣ ਆਈ ਸੀ। ਉਹ ਸੋਚਦੀ ਐਵੇਂ ਹੀ ਏਨੇ ਵਰ੍ਹੇ ਰੁਲੀ-ਖੁਲ੍ਹੀ ਰਹੀ। ਕਿੰਨਾ ਨਸ਼ਾ ਏ ਦੋਸਤ ਦੀਆਂ ਬਾਹਾਂ ’ਚ। ਜਿਵੇਂ ਉਹਦੀ ਤ੍ਰੇਲ ਵਰਗੀ ਮੁਹੱਬਤ ਨੂੰ ਕੋਸੀ-ਕੋਸੀ ਧੁੱਪ ਸਰੂਰ ਬਖਸ਼ ਰਹੀ ਹੋਵੇ।

“ਅਰਜਨਾ...ਤੇਰੇ ਕੋਲ ਆ ਕੇ ਪੁੰਨ ਖੱਟ ਲਿਆ ਵੇ...ਮੈਂ ਤਾਂ ਏਥੇ ਆ ਕੇ ਮਹਿਸੂਸ ਕੀਤਾ, ਤੂੰ ਤਾਂ ਸੋਹਣਿਆ ਮੇਰੇ ਲਈ ਹੀ ਬਣਿਐ...।”

“ਦੇਖਿਆ ਫਿਰ ਮਿੱਤਰਾਂ ਦਾ ਨਸ਼ਾ...ਐਵੇਂ ਡਰ-ਡਰ ਮੈਥੋਂ ਭੱਜਦੀ ਸੀ...।”

ਜਿਵੇਂ ਰੂਹਾਂ ਦਾ ਮੇਲ ਹੋ ਰਿਹਾ ਹੋਵੇ। ਉਹਨਾਂ ਰੱਜ ਭਰ ਕੇ ਗੱਲਾਂ ਕੀਤੀਆਂ। ਉਹਨਾਂ ਦੇ ਚਾਅ ਦਾ ਦਰਿਆ ਉੱਛਲ-ਉੱਛਲ ਪੈ ਰਿਹਾ ਸੀ।

ਰਾਤ ਤੀਆਂ ਵਾਂਗੂੰ ਲੰਘ ਗਈ। ਦਿਨ ਚੜ੍ਹ ਆਇਆ। ਉਹ ਦੋਵੇਂ ਜਿਵੇਂ ਸਾਰੀ ਰਾਤ ਸੁੱਤੇ ਹੀ ਨਾ ਹੋਣ। ਉਨੀਂਦਰੇ ਹੀ ਰਹੇ। ਦਿਨ ਵਾਹਵਾ ਚੜ੍ਹ ਆਇਆ ਸੀ। ਪਰ ਅਰਜਨ ਅਜੇ ਘੁਰਾੜੇ ਮਾਰ ਰਿਹਾ। ਨਿੰਮੋ ਨੂੰ ਜਾਪਿਆ ਜਿਵੇਂ ਉਹ ਤਰੋ-ਤਾਜ਼ਾ ਹੋ ਕੇ ਉੱਠੀ ਹੋਵੇ। ਤੇ ਰਾਤੋ-ਰਾਤ ਰਸ ਭਰੀ ਹੋ ਗਈ ਹੋਵੇ।

ਦਿਨ ਖਾਂਦੇ-ਪੀਂਦਿਆਂ ਲੰਘ ਗਿਆ। ਫਿਰ ਅਗਲੀ ਰਾਤ ਪੈ ਗਈ ਸੀ। ਬਾਹਰ ਮੋਹਲੇਧਾਰ ਬਾਰਸ਼ ਵੀ ਸ਼ੁਰੂ ਹੋ ਗਈ। ਤੇਜ ਤੂਫ਼ਾਨੀ ਹਵਾ ਵਗ ਰਹੀ। ਰੁੱਖਾਂ ਦੇ ਪੱਤਿਆਂ ਦੀ ਖੜਖੜ ਤੇ ਡਰਾਉਣੀਆਂ ਆਵਾਜ਼ਾਂ ਅੰਦਰ ਬੈਠਿਆਂ ਦੇ ਦਿਲਾਂ ਨੂੰ ਹਿਲਾ ਰਹੀਆਂ ਸਨ। ਠੰਢ ਵਧ ਗਈ ਸੀ।

ਬਾਹਰਲਾ ਬੂਹਾ ਅਚਾਨਕ ਖੜਕਿਆ। ਅਰਜਨ ਨੇ ਬੂਹਾ ਖੋਲ੍ਹਿਆ, “ਆ ਗਏ ਬਈ...।” ਤਿੰਨ ਨੌਜਵਾਨ ਅੰਦਰ ਦਾਖਲ ਹੋ ਗਏ।

“ਅਰਜਨ ਇਹ ਕੌਣ ਨੇ...।” ਉਹ ਆਪਣੇ ਦੁਆਲੇ ਝੱਟਪਟ ਚਾਦਰ ਲੁਪੇਟਦਿਆਂ ਬੋਲੀ।

“ਕੋਈ ਨਹੀਂ ਨਿੰਮੋ...ਆਪਣੇ ਹੀ ਨੇ...ਮੇਰੇ ਸਾਥੀ ਪੁਲਸੀਏ...ਏਥੇ ਨਾਲ ਦੇ ਕੁਆਟਰਾਂ ’ਚ ਰਹਿੰਦੇ...ਮੇਰੇ ਵਰਗੇ ਛੜੇ ਛਾਂਟ...ਉੱਤੋਂ ਮੌਸਮ ਦੇਖ ਕਿੰਨਾ ਲਵਲੀ ਹੋਇਆ ਪਿਆ...ਕਹਿੰਦੇ ਘੁੱਟ-ਘੁੱਟ ਲਾਉਣੀ ਏ...ਇਹਨਾਂ ਨਾਲ ਆਪਣਾ ਪਿਆਲਾ ਸਾਂਝਾ...ਅਸੀਂ ਹਰ ਚੀਜ਼ ਵੰਡ ਕੇ ਹੀ ਖਾਂਦੇ-ਪੀਂਦੇ ਆਂ...ਜਿਵੇਂ ਤੇਰੇ ਨਾਲ ਪਿਆਰ...ਉਵੇਂ ਇਨ੍ਹਾਂ ਨਾਲ ਦੋਸਤੀ...ਅਸੀਂ ਇੱਕ-ਦੂਜੇ ਦੇ ਸ਼ਿਕਾਰ ਰਲਕੇ ਹੀ ਛਕਦੇ ਆਂ...ਓਹਲਾ ਨਹੀਂ ਰੱਖਦੇ...ਇਹ ਸਾਡਾ ਅਸੂਲ ਏ...ਸਾਡਾ ਧਰਮ-ਈਮਾਨ...ਅੱਜ ਮੇਰਾ ਵੀ ਫ਼ਰਜ਼ ਬਣਦੈ...ਸੇਵਾ ਕਰਾਂ...ਮੈਂ ਯਾਰ-ਮਾਰ ਤਾਂ ਨਹੀਂ ਕਰ ਸਕਦਾ...ਮੈਂ ਇਹਨਾਂ ਸਾਮ੍ਹਣੇ ਕਮੀਨਾ ਨਹੀਂ ਬਣਾਂਗਾ...।”

ਨਿੰਮੋ ਹੱਕੀ-ਬੱਕੀ ਹੋ ਗਈ ਸੀ।

“ਅਰਜਨ ਤੂੰ ਇਹ ਕੀ ਕਹਿ ਰਿਹੈ...ਇਵੇਂ ਤੂੰ ਮੈਨੂੰ ਬਰਬਾਦ ਨਾ ਕਰ...ਮੈਂ ਤਾਂ ਤੈਨੂੰ ਹੀ ਪਿਆਰ ਕਰਦੀ ਆਂ...।”

"ਜੇ ਘਰਵਾਲੇ ਨੂੰ ਛੱਡਕੇ ਅਰਜਨ ਨਾਲ ਰਾਤਾਂ ਰੰਗੀਨ ਕਰ ਸਕਦੀ ਏ ਤਾਂ ਫਿਰ ਸਾਡੇ ਤੋਂ ਕੀ ਅਲਰਜੀ ਏ...ਅਸੀਂ ਵੀ ਤਾਂ ਪਿਆਰ ਹੀ ਕਰਨ ਆਏ ਆਂ...ਨਾਲੇ ਜਨਾਨੀਆਂ ਨੂੰ ਕੀ ਫ਼ਰਕ ਪੈਂਦਾ...ਇੱਕ ਕੀ ਤੇ ਚਾਰ ਕੀ...।" ਉਹਨਾਂ 'ਚੋਂ ਇੱਕ ਬੋਲਿਆ ਤੇ ਸਾਰੇ ਹੱਸਣ ਲੱਗ ਪਏ। ਝੱਟਪਟ ਹੀ ਫਿਰ ਸਾਰੇ ਕੱਪੜਿਆਂ ਤੋਂ ਬਾਹਰ ਹੋ ਗਏ।

ਆਪੇ ਫਾਥੜੀਏ ਤੈਨੂੰ ਕੌਣ ਛੁੜਾਵੇ। ਨਿੰਮੋ ਦੇ ਤਰਲੇ ਮਿਨਤਾਂ ਨੂੰ ਹੁਣ ਕਿਸਨੇ ਸੁਣਨਾਂ ਸੀ।

ਬਾਹਰ ਹਨੇਰ ਘੁੱਪ। ਬਿਜਲੀ ਚਮਕ ਰਹੀ। ਝੱਖੜ ਝੁੱਲ ਰਿਹਾ। ਅੰਦਰ ਚਾਰ ਮਰਦ ਇੱਕ ਔਰਤ ਨਾਲ ਗੁੱਥਮ-ਗੁੱਥਾ ਹੋ ਰਹੇ ਸਨ। ਲਾਗੇ ਖਾਲੀ ਹੋ ਰਹੀਆਂ ਬੋਤਲਾਂ ਦੇ ਡੱਟ ਪੈਰਾਂ ਹੇਠ ਮਿੱਧੇ ਜਾ ਰਹੇ। ਫਿਰ ਨਿੰਮੋ ਕਿਵੇਂ ਹਲਕੇ ਕੁੱਤਿਆਂ ਹੱਥੋਂ ਆਪਣੀ ਰੂਹ ਤੇ ਮਿਕਨਾਤਿਸੀ ਸਰੀਰ ਦੀ ਬੋਟੀ-ਬੋਟੀ ਹੁੰਦੀ ਨੂੰ ਬਚਾਉਂਦੀ। ਨਹੀਂ ਸੀ ਬਚਾ ਸਕਦੀ। ਉਹਦੀਆਂ ਚੀਕਾਂ ਦਾ ਏਥੇ ਕੋਈ ਮੁੱਲ ਨਹੀਂ ਸੀ। ਉਹਦੇ ਤਰਲਿਆਂ ਦੀ ਇੱਥੇ ਹੁਣ ਕੋਈ ਕੀਮਤ ਨਹੀਂ ਸੀ।

ਅੱਧੀ ਰਾਤ ਹੋ ਗਈ। ਸਭ ਆਪੋ-ਆਪਣੀ ਵਾਰੀ ਵਾਹ ਕੇ ਤੁਰਦੇ ਬਣੇ। ਅਰਜਨ ਲਾਗੇ ਬੇਸੁੱਧ ਪਿਆ ਡੂੰਘੀ ਨੀਂਦ 'ਚ ਮਦਹੋਸ਼ ਸੀ। ਨਿੰਮੋ ਬੁਰੀ ਤਰ੍ਹਾਂ ਥੱਕੀ ਅਧਮੋਈ ਹੋਈ ਪਈ। ਉਸ ਕੋਲੋਂ ਤਾਂ ਹਿੱਲਿਆ ਵੀ ਨਹੀਂ ਸੀ ਜਾ ਰਿਹਾ। ਪਰ ਅਰਜਨ ਦੇ ਲਾਗੇ ਬੈੱਡ 'ਤੇ ਪਈ ਨਿੰਮੋ ਦਾ ਜੀਅ ਕੀਤਾ ਚਾਕੂ ਨਾਲ ਇਹਦਾ ਗਲ੍ਹਾ ਵੱਡ ਸੁੱਟਾਂ। ਜਿਸਨੇ ਮੇਰੀ ਪਾਕ ਮੁਹੱਬਤ ਦੀਆਂ ਲੀਰਾਂ ਲਾਹ ਸੁੱਟੀਆਂ ਨੇ। ਉਹ ਹੈਰਾਨ ਸੀ ਉਹਦੇ ਪਿਆਰ ਦਾ ਇਵੇਂ ਝੱਟਪਟ ਅੰਤ ਹੋ ਜਾਣਾ ਸੀ। ਉਸਨੇ ਕਦੇ ਸੋਚਿਆ ਵੀ ਨਹੀਂ ਸੀ। ਖੌਰੇ ਉਹਦੀ ਕਿਸਮਤ 'ਚ ਪਿਆਰ ਹੈ ਹੀ ਨਹੀਂ ਸੀ। ਜਿਵੇਂ ਉਹ ਇਕੱਲੀ ਜੰਗਲ 'ਚ ਭਟਕ ਰਹੀ ਹੋਵੇ। ਫ਼ਿਰ ਉਸਦੇ ਥੱਕੇ ਦਿਮਾਗ਼ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ।

ਉਹ ਜਦੋਂ ਕੁਝ ਹਿੱਲੀ, ਦੁਪਹਿਰ ਹੋਈ ਪਈ। ਅੱਖਾਂ ਖੁੱਲ੍ਹ ਨਹੀਂ ਸੀ ਰਹੀਆਂ। ਉਹ ਡਿੱਗਦੀ-ਢਹਿੰਦੀ ਘਰ ਜਾਣ ਲਈ ਆਪਣੇ-ਆਪ ਨੂੰ ਸੂਤ ਕਰਨ ਲੱਗੀ। ਪਰ ਉਸ ਦੇਖਿਆ, ਬਾਹਰੋਂ ਤਾਂ ਬੂਹਾ ਲੱਗਾ ਹੋਇਆ। ਅਰਜਨ ਖੌਰੇ ਆਪਣੀ ਡਿਊਟੀ 'ਤੇ ਗਿਆ ਹੋਇਆ ਸੀ। ਹੁਣ ਉਹ ਕੀ ਕਰੇ। ਉਹ ਸਿਰ ਫੜਕੇ ਬੈਠ ਗਈ ਸੀ। ਦੋ ਰਾਤਾਂ ਨਿਕਲ ਗਈਆਂ। ਅੱਜ ਉਸਨੂੰ ਹਰ ਹਾਲਤ ਘਰੇ ਚਲੇ ਜਾਣਾ ਚਾਹੀਦਾ। ਪਰ ਉਹਦੇ ਤਾਂ ਸਰੀਰ 'ਚ ਸਤਿਆ ਹੀ ਨਹੀਂ ਸੀ। ਕਮਰੇ ਬਾਹਰੋਂ ਵੱਜੇ ਦਰਵਾਜ਼ੇ ਨੇ ਉਸਨੂੰ ਡਾਅਢੇ ਫ਼ਿਕਰਾਂ 'ਚ ਪਾ ਦਿੱਤਾ ਸੀ।

ਨਾ ਉਹ ਬੂਹਾ ਖੜਕਾਅ ਕੇ ਕਿਸੇ ਨੂੰ ਕਹਿਣ ਜੋਗੀ। ਨਾ ਬੂਹਾ ਭੰਨ ਕੇ ਟਾਹਰਾਂ ਮਾਰਨ ਜੋਗੀ। ਉਹ ਤਾਂ ਪਿੰਜਰੇ 'ਚ ਆ ਫ਼ਸੀ ਸੀ। ਉਹ ਡੂੰਘੀ ਸੋਚ 'ਚ ਗੁਆਚ ਗਈ। ਉਹਨੇ ਅਰਜਨ ਨੂੰ ਆਪਣਾ ਮਹੀਵਾਲ ਸਮਝ ਲਿਆ ਸੀ। ਤੇ ਉਹ ਸੋਹਣੀ ਬਣਕੇ ਕੱਚੇ ਘੜੇ 'ਤੇ ਤਰਦੀ ਘਰੋ ਨਿਕਲ ਆਈ ਸੀ। ਪਰ ਮਹੀਵਾਲ ਨੇ ਤਾਂ ਉਸਨੂੰ ਦਰੋਪਤੀ ਬਣਾਕੇ ਦਰਯੋਧਨਾਂ ਹੱਥੋਂ ਚੀਰ ਹਰਨ ਕਰਵਾਅ ਦਿੱਤਾ ਸੀ।

ਜਦੋਂ ਅਰਜਨ ਨੇ ਆ ਕੇ ਬੂਹਾ ਖੋਲ੍ਹਿਆ, ਉਦੋਂ ਰਾਤ ਦੇ ਗਿਆਰਾਂ ਵੱਜੇ ਹੋਏ ਸੀ। ਕੱਪੜੇ ਕਿੱਲੀ 'ਤੇ ਟੰਗਕੇ ਉਹ ਫਿਰ ਨਿੰਮੋ ਵਲ ਹੋ ਗਿਆ।

"ਪਰ੍ਹਾਂ ਹੋ ਜਾ ਕਮੀਨਿਆ...ਮੇਰੀਆਂ ਨਜ਼ਰਾਂ ਤੋਂ ਦੂਰ ਹੋ ਜਾ...ਤੂੰ ਮੈਨੂੰ ਕਿਸੇ ਜੋਗਾ ਨਹੀਉਂ ਛੱਡਿਆ...ਮੈਂ ਤਾਂ ਪਤੀ ਦੇ ਵਿਛੋੜੇ ਤੋਂ ਦੁਖੀ ਹੋਈ ਨੇ ਤੈਨੂੰ ਆਪਣਾ ਸਹਾਰਾ ਤੇ

ਦੋਸਤ ਸਮਝ ਲਿਆ ਸੀ। ਕਿੰਨਾ ਮੈਂ ਭੁਲੇਖੇ 'ਚ ਸਾਂ। ਤੂੰ ਤਾਂ ਮੇਰਾ ਵਿਨਾਸ਼ ਕਰਨ ਵਾਲਾ ਨਿਕਲਿਆ...।"

"ਚੱਲ ਸਾਲੀ ਬਕਵਾਸ ਕਰਦੀ ਏਂ...ਇਸ ਵੇਲੇ ਫਲਸਫ਼ੇ ਘੋਟਣ ਬਹਿ ਗਈ...ਤੇਰੀ ਅਜੇ ਤੜ ਨਹੀਂ ਭੱਜੀ...ਕਰਦਾ ਮੈਂ ਤੇਰੀ ਬੋਲਤੀ ਬੰਦ...।"

"ਵੇ ਤੈਨੂੰ ਤਾਂ ਬੇਸ਼ਰਮਾਂ ਰਿਸ਼ਤੇਦਾਰੀ ਦੀ ਵੀ ਸ਼ਰਮ ਨਾ ਆਈ...ਇਨਸਾਨੀਅਤ ਨਾ ਦੀ ਚੀਜ਼ ਤਾਂ ਤੇਰੇ 'ਚ ਹੈ ਈ ਨਹੀਂ...।"

ਫਿਰ ਜ਼ੋਰ ਅਜ਼ਮਾਈ ਹੋਈ। ਪਰ ਨਿੰਮੋ 'ਚ ਕਿੰਨੀ ਕੁ ਤਾਕਤ ਸੀ, ਉਸ ਬਘਿਆੜ ਦਾ ਮੁਕਾਬਲਾ ਕਰਦੀ। ਉਹ ਝੱਟ ਹੀ ਉਸ ਅੱਗੇ ਢੇਰੀ ਹੋ ਗਈ।

ਅਰਜਨ ਨੇ ਆਪਣਾ ਰਾਂਝਾ ਰਾਜ਼ੀ ਕੀਤਾ ਤੇ ਉੱਥੇ ਹੀ ਪਿਆ ਘੁਰਾੜੇ ਮਾਰਨ ਲੱਗ ਪਿਆ। ਨਿੰਮੋ ਲਾਗੇ ਵਿਲਕ ਰਹੀ ਸੀ। ਉਸਨੇ ਆਪਣੀ ਜਾਮ ਹੋਈ ਜ਼ਿੰਦਗੀ ਦਾ ਇੱਕ ਵਰਕਾ ਕੀ ਪਲਟ ਲਿਆ। ਇਸ ਪਾਪੀ ਨੇ ਤਾਂ ਉਸ ਦੀ ਜ਼ਿੰਦਗੀ ਹੀ ਨਰਕ ਬਣਾ ਕੇ ਰੱਖ ਦਿੱਤੀ ਸੀ।

ਚੌਥਾ ਦਿਨ ਚੜ੍ਹ ਗਿਆ। ਉਹ ਬੱਸੇ ਬੈਠੀ ਸੋਚ ਰਹੀ ਸੀ। ਜੇ ਕਿਤੇ ਘਰ ਪਤਾ ਲੱਗ ਗਿਆ। ਜਾਂ ਉਸਨੂੰ ਕਿਸੇ ਪੁੱਛ ਲਿਆ ਤਾਂ ਕੀ ਜੁਆਬ ਦੇਵੇਗੀ। ਉਹਦੇ ਜੀਣ ਦਾ ਫਿਰ ਕੀ ਹੱਜ ਰਹਿ ਜਾਊ। ਇਸ ਨਾਲੋਂ ਤਾਂ ਮਰ ਜਾਣਾ ਚਾਹੀਦਾ। ਉਸਨੂੰ ਆਪਣਾ-ਆਪ ਗੁਨਾਹਾਂ ਨਾਲ ਭਰਿਆ ਪ੍ਰਤੀਤ ਹੋਇਆ ਤੇ ਉਸਨੂੰ ਝੁਨਝੁਣੀ ਜਿਹੀ ਆ ਗਈ। ਗੱਡੀ ਪੁਲ ਤੋਂ ਲੰਘ ਰਹੀ। ਇਹਨੂੰ ਰੁਕਾਅ ਕੇ ਪਾਣੀ 'ਚ ਛਾਲ ਮਾਰ ਦੇਵੇ। ਪਰ ਬੱਚਿਆਂ ਨੂੰ ਯਾਦ ਕਰ ਇਵੇਂ ਕਰਨ ਦੀ ਉਹਦੀ ਹਿੰਮਤ ਨਾ ਪਈ।

ਬੱਸੋਂ ਉਤਰਕੇ ਘਰ ਨੂੰ ਪੈਰ ਘਸੀਟਦੀ ਤੁਰੀ ਜਾ ਰਹੀ। ਉਸ ਉੱਪਰ ਆਸਮਾਨ ਵੱਲ ਦੇਖਿਆ। ਬੱਦਲਵਾਦੀ ਫਿਰ ਹੋ ਗਈ ਸੀ। ਗੁਸਤਾਖ਼ ਹੋਈਆਂ ਹਵਾਵਾਂ ਨੇ ਮੂੰਹ ਚੁੱਕ ਲਿਆ ਸੀ।

ਉਸਨੂੰ ਇਵੇਂ ਜਾਪ ਰਿਹਾ ਜਿਵੇਂ ਉਹ ਮਹੀਨਿਆਂ ਬਾਅਦ ਘਰ ਧਰਤੀ ਹੋਵੇ। ਡਰਦੀ-ਡਰਦੀ ਨੇ ਬੂਹਾ ਖੋਲ੍ਹਿਆ। ਸਾਰੇ ਜੀਅ ਸਾਹਮਣੇ ਵਿਹੜੇ 'ਚ ਬੈਠੇ ਹੋਏ। ਉਸਨੂੰ ਇਉਂ ਜਾਪਿਆ ਜਿਵੇਂ ਉਸਦੀ ਮੌਤ ਦੇ ਫਰਿਸ਼ਤੇ ਆਏ ਬੈਠੇ ਹੋਣ। ਉਸਨੂੰ ਖੌਫ਼ ਜਿਹਾ ਹੋਣ ਲੱਗਾ। ਉਹ ਤ੍ਰਬਕ ਗਈ ਸੀ। ਪਰ ਆਪਣੇ-ਆਪ ਨੂੰ ਜ਼ਾਬਤੇ 'ਚ ਰੱਖ ਅੰਦਰ ਆ ਵੜੀ। ਸਾਰਿਆਂ ਨੂੰ ਸਤਿ ਸ੍ਰੀ ਅਕਾਲ ਤੇ ਪੈਰੀ ਪੈਣਾ ਕਰ ਰਹੀ। ਨਿਆਣੇ ਉਸ ਮੌਕੇ ਘਰ ਨਹੀਂ ਸਨ, ਪੜ੍ਹਨ ਗਏ ਹੋਏ।

ਪਰ ਉਸ ਮਹਿਸੂਸ ਕੀਤਾ, ਕਿਸੇ ਨੇ ਵੀ ਉਹਦੇ ਆਉਣ ਦਾ ਚਾਅ ਨਹੀਂ ਸੀ ਕੀਤਾ। ਸਭ ਉਵੇਂ ਹੀ ਚੁੱਪ-ਗੜੁੱਪ ਤੇ ਪੱਥਰ ਬਣੇ ਉਸ ਵੱਲ ਬਿਟਰ-ਬਿਟਰ ਝਾਕ ਰਹੇ।

"ਕਿੱਥੋਂ ਆਏ ਏਂ...ਏਨੇ ਦਿਨਾਂ ਬਾਅਦ...।" ਸੱਸ ਕੜਕੀ।

"ਬੀਬੀ ਨੇ ਰੱਖ ਲਿਆ...ਆਉਣ ਨਹੀਂ ਸੀ ਦੇਂਦੀ...ਮੈਂ ਤਾਂ ਬਥੇਰਾ ਕਿਹਾ...ਪਰ ਉਹ ਮੰਨੀ ਹੀ ਨਾ...ਕਹਿੰਦੀ ਆਈ ਏ, ਚਾਰ ਦਿਨ ਰਹਿ ਜਾ...ਮੇਰਾ ਵੀ ਜੀਅ ਲੱਗ ਗਿਆ...।"

"ਝੂਠ...!! ਉੱਥੇ ਤਾਂ ਅਸੀਂ ਕੱਲ ਫ਼ੋਨ ਕੀਤਾ...ਉਹ ਤਾਂ ਕਹਿੰਦੇ ਇੱਥੇ ਆਈ ਹੀ ਨਹੀਂ...।" ਹੁਣ ਸੌਹਰਾ ਬੋਲ ਪਿਆ।

ਹਾਏ!! ਹੁਣ ਮੈਂ ਕੀ ਜੁਆਬ ਦੇਵਾਂ। ਉਹਦੇ ਚਿਹਰੇ 'ਤੇ ਚਾਣਚੱਕ ਉਦਾਸੀ ਸੰਘਣੀ ਹੋ ਗਈ। ਰੰਗ ਪੀਲਾ ਭੂਕ ਹੋ ਗਿਆ। ਕੰਬਦੀ ਸੋਚ ਰਹੀ ਸੀ ਇੱਜ਼ਤ ਤਾਂ ਅੱਗੇ ਲੁਟਾ ਆਈ

ਆਂ। ਹੁਣ ਉਹਦੀ ਖ਼ੇਹ ਵੀ ਉੱਡਣ ਲੱਗੀ ਏ।

"ਦੱਸ ਏਨੇ ਦਿਨ ਕਿੱਥੇ ਰਹੀ...ਕਿਹਦੀਆਂ ਚੌਂਕੀਆਂ ਭਰਦੀ ਆਈ ਏ...।"

ਉਹ ਸਾਰੇ ਟੱਬਰ ਸਾਹਮਣੇ ਮੁਜ਼ਰਮਾਂ ਵਾਂਗੂੰ ਸਿਰ ਝੁਕਾ ਕੇ ਖੜ੍ਹੀ ਸੀ।

"ਦੱਸਦੀ ਨਹੀਂ...ਸੱਚੋ-ਸੱਚ ਦੱਸਦੇ...ਕਿੱਥੇ ਗਈ ਸੀ..।"

ਉਸ 'ਚ ਤਾਂ ਖਲੋਣ ਦੀ ਵੀ ਸਤਿਆ ਨਹੀਂ ਸੀ। ਨਾ ਉਸਨੂੰ ਕਿਸੇ ਨੇ ਬੈਠਣ ਨੂੰ ਹੀ ਕਿਹਾ। ਉਹ ਕੁਰਸੀ 'ਤੇ ਆਪੇ ਹੀ ਬੈਠ ਗਈ। ਫਿਰ ਰੋਈ ਹੀ ਗਈ। ਉਹਦੇ ਰੋਣ ਵਾਲਾ ਕੜ ਹੀ ਪਾਟ ਗਿਆ ਸੀ। ਜਿਵੇਂ ਉਹਦਾ ਸਾਰਾ ਦੁੱਖ ਉੱਬਲ ਕੇ ਦਰਿਆ ਬਣਿਆ ਗੱਲ੍ਹਾਂ ਤੋਂ ਵਹਿ ਤੁਰਿਆ ਹੋਵੇ।

"ਰੋ ਕੇ ਸੱਚੀ ਹੋਣ ਦੀ ਕੋਸ਼ਿਸ਼ ਨਾ ਕਰ...ਦੱਸ ਕੁੱਤੀਏ ਕਿੱਥੋਂ ਆਈ ਏ...ਤੈਨੂੰ ਸੱਚ ਬੋਲਣਾ ਹੀ ਪੈਣਾ...ਬੋਲਣਾ ਵੀ ਸਾਰਿਆਂ ਸਾਹਮਣੇ...।"

"ਬੀਬੀ...ਕੀ ਦੱਸਾਂ...ਤੇਰੇ ਅਰਜਨ ਨੇ ਕੁਆਟਰ 'ਚ ਸੱਦਿਆ ਸੀ...ਉਸਨੇ ਮੈਨੂੰ ਆਪਣੇ ਜਾਲ 'ਚ ਫਸਾ ਲਿਆ...ਉਸ ਮੈਨੂੰ ਆਉਣ ਹੀ ਨਾ ਦਿੱਤਾ...।"

"ਹਾਏ ਮੈਂ ਮਰ ਜਾਵਾਂ...ਤੂੰ ਕਾਕੀ ਸੀ ਨੀਂ ਬੇਸ਼ਰਮੇ...ਪੇਕਿਆਂ ਦਾ ਬਹਾਨਾ ਲਾ ਕੇ ਉਸ ਕੁੱਤੇ ਕੋਲ ਤੁਰ ਗਈ...ਤੈਨੂੰ ਸ਼ਰਮ ਨਾ ਆਈ ਭੋਰਾ...।"

"ਕੀ ਕਰਦੀ...ਉਹ ਤੇ ਉਹਦੇ ਤਿੰਨ ਹੋਰ ਪੁਲਸੀਏ ਸਾਥੀ...ਉਹਨਾਂ ਦੇ ਪੰਜੇ 'ਚੋਂ ਮੈਂ ਕਿਵੇਂ ਨਿਕਲਦੀ...ਮੇਰੇ ਵਸ ਨਹੀਂ ਸੀ...ਉਹਨਾਂ ਨੇ ਮੈਨੂੰ ਰੋਲ ਸੁੱਟਿਆ...ਅਰਜਨ ਨੇ ਮੇਰੇ ਨਾਲ ਧੋਖਾ ਕੀਤਾ ਬੀਬੀ...ਮੈਂ ਉਹਨੂੰ ਪਹਿਚਾਣ ਨਾ ਸਕੀ...ਮੈਂ ਉਹਦੀਆਂ ਗੱਲਾਂ 'ਚ ਆ ਗਈ...ਬੀਬੀ ਮੇਰੀ ਪਹਿਲੀ ਗਲਤੀ ਨੂੰ ਮਾਫ਼ ਕਰਦੇ...ਮੈਂ ਤੁਹਾਡੇ ਪੈਰੀਂ ਪੈਂਦੀ ਆਂ...।"

"ਹੱਛਾ!!...ਬੜੀ ਸਿਆਣੀ ਬਣਦੀ ਏ...ਚਾਰ ਯਾਰ ਹੰਢਾ ਆਈ ਏ ਤੇ ਹੁਣ ਕਹਿੰਦੀ ਤੈਨੂੰ ਮੁਆਫ਼ ਵੀ ਕਰ ਦੇਈਏ...ਉੱਥੇ ਪੈ ਗਈ ਐਨਿਆਂ ਥੱਲੇ...ਹੁਣ ਤੇਰੇ ਪੱਲੇ ਕੀ ਰਹਿ ਗਿਆ...ਹੁਣ ਤੂੰ ਮੇਰੇ ਪੁੱਤ ਦੇ ਕਾਬਲ ਨਹੀਂ ਰਹੀ...ਜਾ ਦਫ਼ਾ ਹੋ ਜਾ...ਤੈਨੂੰ ਅੱਗ ਲੱਗੀ ਹੋਈ ਸੀ...ਤੇਰੀ ਖਾਤਰ ਮੇਰਾ ਪੁੱਤ ਬਾਹਰ ਧੱਕੇ ਖਾਂਦਾ ਫਿਰਦੈ...ਤੂੰ ਇੱਥੇ ਗੁਲਸ਼ਰੇ ਉਡਾਉਂਦੀ ਫਿਰਦੀ ਏ...ਹਰਾਂਬੜੇ...।" ਸਾਰੇ ਵਾਰੋ ਵਾਰੀ ਮੂੰਹ 'ਚ ਉਂਗਲਾਂ ਪਾਉਂਦੇ, ਗੁੱਭ-ਗਭਾਟ ਕੱਢ ਰਹੇ ਸਨ।

"ਚਲੀ ਜਾ ਜਿਹਨਾਂ ਪੈਰਾਂ 'ਤੇ ਆਈ ਏ...ਅਸੀਂ ਨਹੀਂ ਹੁਣ ਤੈਨੂੰ ਰੱਖਣਾ...।" ਏਨਾ ਕਹਿੰਦਿਆਂ ਸੱਸ ਨੇ ਉਸਤੇ ਥੱਪੜਾਂ ਦੀ ਵਰਖਾ ਹੀ ਕਰ ਦਿੱਤੀ। ਬਾਹੋਂ ਫੜ ਧਰੂ ਕੇ ਗੇਟ ਵੱਲ ਲੈ ਤੁਰੀ।

ਨਿੰਮੋ ਕੁਝ ਚਿਰ ਬੂਹਿਉਂ ਬਾਹਰ ਹੀ ਖੜ੍ਹੀ ਰਹੀ। ਹੁਣ ਤਾਂ ਜਿਵੇਂ ਗਲੀਆਂ ਕੇ ਕੱਖ ਵੀ ਉਹਦੇ ਵੈਰੀ ਬਣ ਬੈਠੇ ਸਨ। ਕੋਈ ਵੀ ਉਹਦੇ ਹੱਕ 'ਚ ਗਵਾਹੀ ਨਹੀਂ ਸੀ ਭਰ ਰਿਹਾ। ਨਾ ਕੋਈ ਹਾਅ ਦਾ ਨਾਅਰਾ ਹੀ ਮਾਰ ਰਿਹਾ।

ਹਨੇਰੀ ਤਾਂ ਰੁਕ ਗਈ ਸੀ। ਪਰ ਮੀਂਹ ਪੈਣ ਲੱਗ ਪਿਆ। ਖੌਰੇ ਇਸ ਠੰਢੀਰ ਨਾਲ ਸਭ ਜੀਅ ਠੰਢੇ ਹੋ ਜਾਣ ਤੇ ਉਸ ਭਿੱਜਦੀ ਉੱਤੇ ਕਿਸੇ ਨੂੰ ਤਰਸ ਹੀ ਆ ਜਾਵੇ।

ਉਹ ਕਿੰਨਾ ਚਿਰ ਉੱਥੇ ਹੀ ਖੜ੍ਹੀ ਰਹੀ। ਬੂਹਾ ਵੀ ਖੜਕਾਇਆ। ਪਰ ਸਭ ਪੱਥਰ ਹੋਏ ਪਏ। ਕਿਸੇ ਦਾ ਵੀ ਦਿਲ ਨਹੀਂ ਸੀ ਪਸੀਜਿਆ। ਉਸ ਨੂੰ ਤਾਂ ਇਹ ਵੀ ਅੱਜ ਹੀ ਸਮਝ ਲੱਗੀ,

ਜਿਸ ਘਰ ਦੀ ਉਹ ਆਪਣੇ-ਆਪ ਨੂੰ ਮਾਲਕਣ ਸਮਝਦੀ ਤੇ ਪਟਰਾਣੀ ਬਣਨ ਬਾਰੇ ਸੋਚਦੀ ਸੀ। ਉਹ ਤਾਂ ਸਿਰਫ਼ ਇੱਕ ਝਟਕੇ ਦੀ ਹੀ ਮਾਰ ਸੀ। ਉਹਨੂੰ ਆਪਣੀ ਹੋਂਦ ਇਵੇਂ ਦੀ ਹੀ ਜਾਪੀ, ਆਪਣੇ-ਆਪ ਕੰਧ 'ਚ ਉੱਗ ਆਏ ਪਿੱਪਲ ਵਰਗੀ। ਜਿਸਨੂੰ ਜਦੋਂ ਮਰਜੀ ਪੁੱਟ ਕੇ ਪਰ੍ਹਾਂ ਸੁੱਟਿਆ ਜਾ ਸਕਦਾ ਸੀ। ਏਸੇ ਲਈ ਅੱਜ ਉਹਦੀ ਇਹ ਹਾਲਤ ਹੋ ਰਹੀ ਸੀ।

ਉਹਨੇ ਸਾਹਮਣੇ ਹਵੇਲੀ 'ਚ ਬੱਧੀ ਤੇ ਆਰਾਮ ਨਾਲ ਪੱਠੇ ਖਾਂਦੀ ਉਸੇ ਗਾਂ ਵੱਲ ਦੇਖਿਆ। ਘਰਦਿਆਂ ਜਿਸਨੂੰ ਸਾਣ ਕੋਲ ਆਪ ਲਿਜਾ ਕੇ ਉਸਦੀ ਲੋੜ ਨੂੰ ਪੂਰਾ ਕੀਤਾ ਸੀ। ਹੁਣ ਉਹ ਕਿੰਨੀ ਸ਼ਾਂਤ ਸੀ। ਪਰ ਜੇ ਉਹਨੇ ਅੱਕੀ ਨੇ ਇਹੋ ਜਿਹਾ ਕਦਮ ਚੁੱਕ ਲਿਆ ਤਾਂ ਉਸਨੂੰ ਇਹ ਸਿਲਾ ਮਿਲ ਰਿਹਾ ਸੀ। ਮੇਰੇ ਨਾਲੋਂ ਤਾਂ ਫਿਰ ਗਾਂ ਹੀ ਚੰਗੀ।

ਉਹ ਆਖਰ ਤੁਰ ਪਈ ਸੀ। ਜੁੱਤੀ ਤਾਂ ਉਹਦੇ ਪੈਰੀਂ ਉਹੋ ਹੀ ਸੀ। ਹੁਣ ਪਤਾ ਨਹੀਂ ਕਿਉਂ ਪੈਰਾਂ 'ਚ ਛਾਲੇ ਪਾਉਂਦੀ, ਉਹਦੇ ਪੈਰ ਵੱਢਣ ਲੱਗੀ ਸੀ।

ਹੁਣ ਕਿੱਧਰ ਜਾਵਾਂ। ਕਿੱਥੇ ਜਾਵਾਂ। ਉਹਨੂੰ ਕੁਝ ਵੀ ਸਮਝ ਨਹੀਂ ਸੀ ਪੈ ਰਹੀ। ਪੇਕੇ ਚਲੀ ਜਾਵਾਂ। ਝੱਲ ਹੀ ਲੈਣਗੇ। ਮੈਨੂੰ ਜੰਮਣ ਤੇ ਪਾਲਣ ਵਾਲੇ। ਕੀ ਹੋਇਆ ਜੇ ਮੈਥੋਂ ਜ਼ਿੰਦਗੀ 'ਚ ਇੱਕ ਗੁਨਾਹ ਹੋ ਗਿਆ। ਇੱਕ ਗੁਨਾਹ ਤਾਂ ਮੇਰਾ ਮੁਆਫ਼ ਕਰ ਹੀ ਦੇਣਗੇ।

ਉਸ ਭਿੱਜੀ ਹੋਈ ਨੇ ਮਾਪਿਆਂ ਦਾ ਕੁੰਡਾ ਜਾ ਖੜਕਾਇਆ। ਅੰਦਰ ਵੜੀ ਤਾਂ ਮਾਂ-ਬਾਪ ਤੇ ਭਰਾ-ਭਰਜਾਈਆਂ, ਸਭ ਨੇ ਉਹਦੇ ਦੁਆਲੇ ਘੇਰਾ ਪਾ ਲਿਆ। ਉਹ ਵੀ ਉਵੇਂ ਹੀ ਚੁੱਪ-ਗੜੁੱਪ ਹੋਏ ਹੋਰੂ-ਹੋਰੂ ਜਿਹਾ ਝਾਕ ਰਹੇ। ਜਿਵੇਂ ਉਹਨਾਂ ਦੇ ਘਰ ਕੋਈ ਅਜਬ ਜਿਹੀ ਸ਼ੈਅ ਗਲਤੀ ਨਾਲ ਅੰਦਰ ਆਣ ਵੜੀ ਹੋਵੇ। ਜਿਸਨੂੰ ਪਹਿਲਾਂ ਕਦੇ ਦੇਖਿਆ ਹੀ ਨਾ ਹੋਵੇ।

ਉਹ ਏਥੇ ਦੇ ਵੀ ਹਾਲਾਤਾਂ ਨੂੰ ਭਾਂਪ ਰਹੀ ਸੀ। ਇੱਥੇ ਵੀ ਉਸਨੂੰ ਮੌਸਮ ਖੁਸ਼ਗਵਾਰਾਂ ਨਹੀਂ ਸੀ ਜਾਪ ਰਿਹਾ। ਉਸ ਮਹਿਸੂਸ ਕਰ ਲਿਆ ਸੀ। ਉਸਦੀ ਜ਼ਿੰਦਗੀ ਦੇ ਅਰਥ ਹੁਣ ਬਦਲ ਗਏ ਸਨ। ਉਹਨਾਂ ਦੀ ਚੁੱਪ ਉਸਨੂੰ ਕਿਸੇ ਸਾਜ਼ਿਸ਼ ਵਰਗੀ ਜਾਪ ਰਹੀ।

ਨਿੰਮੋ ਦੀਆਂ ਅੱਖਾਂ ਆਪ-ਮੁਹਾਰੀਆਂ ਵਹਿ ਤੁਰੀਆਂ। ਉਸਨੇ ਮਾਂ ਦੇ ਗਲ੍ਹ ਲੱਗਣਾ ਚਾਹਿਆ। ਪਰ ਉਹ ਪਾਸੇ ਹੋ ਗਈ। ਇਵੇਂ ਹੀ ਪਿਓ ਨੇ ਕੀਤਾ। ਭਰਾ-ਭਰਜਾਈਆਂ ਵੀ ਤਿਊੜੀਆਂ ਪਾਉਂਦੇ ਨਾਸਾਂ 'ਚੋਂ ਠੂਹੇ ਸੁੱਟ ਰਹੇ ਸਨ।

"ਏਥੇ ਆ ਗਈ ਏ...ਸ਼ਰਮ ਤਾਂ ਨੀਂ ਆਉਂਦੀ ਹੋਣੀ...ਤੈਥੋਂ ਰਸਤੇ 'ਚ ਦਰਿਆ ਟੋਭਾ ਨਹੀਂ ਮਿਲਿਆ....ਡੁੱਬ ਮਰਨ ਨੂੰ...।" ਪਿਓ ਕੜਕਿਆ।

"ਮੈਨੂੰ ਮੁਆਫ਼ ਕਰ ਦੇਵੋ...ਤੁਸੀਂ ਵੀ ਜੇ ਇਵੇਂ ਕਰੋਗੇ ਤਾਂ ਮੇਰਾ ਕੌਣ ਰਹਿ ਜਾਵੇਗਾ...ਮੇਰੀ ਜ਼ਿੰਦਗੀ ਦੀ ਇੱਕੋ-ਇੱਕ ਗਲਤੀ ਨੂੰ ਵੀ ਮੁਆਫ਼ ਨਹੀਂ ਕਰੋਗੇ...।" ਉਹ ਹੱਥ ਜੋੜ ਰਹੀ ਸੀ। ਜਿਵੇਂ ਆਖ਼ਰੀ ਸਹਾਰਾ ਵੀ ਹੱਥੋਂ ਨਿਕਲ ਚੱਲਿਆ ਹੋਵੇ।

ਫ਼ੇਰ ਉਹ ਥੱਕੀ ਤੇ ਮੀਂਹ ਨਾਲ ਭਿੱਜੀ, ਉੱਥੇ ਹੀ ਮੰਜੇ 'ਤੇ ਢੇਰੀ ਹੋ ਗਈ। ਭੁੱਖਣ-ਭਾਣੀ ਸੀ। ਬੇਹੋਸ਼ ਹੋ ਗਈ। ਕਿਸੇ ਨੇ ਵੀ ਉਸ ਠਰਦੀ ਤੇ ਕੰਬਦੀ ਵੱਲ ਨਾ ਦੇਖਿਆ। ਉਹ ਉਵੇਂ ਹੀ ਬੇਸੁੱਧ ਹੋਈ ਪਈ ਰਹੀ। ਤੇਜ਼ ਬੁਖ਼ਾਰ ਹੋ ਗਿਆ ਸੀ। ਪਰ ਉਹਨੂੰ ਦੇਖਣ ਵਾਲਾ ਕੋਈ ਵੀ ਨਹੀਂ ਸੀ।

ਬਾਹਰ ਜ਼ੋਰ-ਸ਼ੋਰ ਨਾਲ ਅਜੇ ਵੀ ਮੀਂਹ ਪੈ ਰਿਹਾ।

ਅੱਧੀ ਰਾਤ ਨੂੰ ਦੋਵੇਂ ਭਰਾ ਤੇ ਮਾਂ-ਬਾਪ ਉਸ ਬੇਸੁੱਧ ਪਈ ਦੇ ਦੁਆਲੇ ਆਣ ਖੜੇ

ਹੋਏ। ਉਹ ਇਸ ਧੀਅ ਤੋਂ ਬਗੈਰ ਤਾਂ ਜ਼ਿੰਦਗੀ ਕੱਢ ਸਕਦੇ ਸਨ। ਪਰ ਬੇਇਜ਼ਤੇ ਹੋ ਕੇ ਜੀਅ ਨਹੀਂ ਸਨ ਸਕਦੇ। ਉਹਨਾਂ ਦੀ ਅਣਖ ਤੇ ਗੈਰਤ ਦਾ ਸਵਾਲ ਸੀ। ਉਹਨਾਂ ਦੀ ਗੈਰਤ ਨੂੰ ਇਸ ਕੁੜੀ ਨੇ ਵੱਟਾ ਲਾ ਦਿੱਤਾ ਸੀ। ਉਹ ਆਉਣ ਵਾਲੇ ਸਮੇਂ 'ਚ ਕਿਵੇਂ ਜੀਣਗੇ। ਕਿਵੇਂ ਸਮਾਜ ਤੋਂ ਆਪਣੇ ਚਿਹਰੇ ਲੁਕੋ-ਲੁਕੋ ਰੱਖਣਗੇ। ਉਹ ਆਪਸ 'ਚ ਹੌਲੀ-ਹੌਲੀ ਗੱਲਾਂ ਕਰਦੇ। ਪਰ ਬਹੁਤ ਗੰਭੀਰ ਮੁਦਰਾ 'ਚ ਸਨ।

ਫਿਰ ਇੱਕ ਭਰਾ ਨੇ ਹੱਥ 'ਚ ਫ਼ੜੇ ਹਥੌੜੇ ਨਾਲ ਨਿੰਮੋ ਦੇ ਸਿਰ ਦੋ-ਤਿੰਨ ਵਾਰ ਕਰ ਦਿੱਤੇ। ਨਿੰਮੋ ਦੇ ਮੂੰਹੋਂ ਹਾਏ ਵੀ ਨਹੀਂ ਸੀ ਨਿਕਲੀ। ਨਿਕਲਦੀ ਵੀ ਕਿਵੇਂ, ਉਹ ਤਾਂ ਪਹਿਲਾਂ ਹੀ ਬੇਸੁੱਧ ਪਈ ਹੋਈ ਸੀ।

ਫਿਰ ਰਾਤ ਦੇ ਹਨੇਰੇ 'ਚ ਹੀ ਉਹਨੂੰ ਸਾਰਿਆਂ ਚੁੱਕਿਆ ਤੇ ਕੋਠੇ 'ਤੇ ਲਿਜਾ ਕੇ, ਬਨੇਰੇ ਤੋਂ ਹੇਠਾਂ ਸਿਰ ਪਰਨੇ ਰੋੜ ਦਿੱਤਾ। ਉਹ ਕੋਠੇ ਤੋਂ ਹੇਠਾਂ ਪੱਕੇ ਫ਼ਰਸ਼ 'ਤੇ ਆਲੂਆਂ ਵਾਲੀ ਬੋਰੀ ਵਾਂਗੂੰ ਮੂਧੇ-ਮੂੰਹ ਜਾ ਪਈ।

ਨੰਗਾ ਚਿੱਟਾ ਕਤਲ ਹੋ ਗਿਆ ਸੀ।

ਨਿੰਮੋ ਦੇ ਸਹੁਰੇ ਵੀ ਉਹਦੇ ਡਿੱਗ ਕੇ ਮਰਨ ਦੀ ਖ਼ਬਰ ਰਾਤੋ-ਰਾਤ ਪਹੁੰਚ ਗਈ। ਪਹੁੰਚਣੀ ਹੀ ਸੀ। ਉਹਨਾਂ ਦੀ ਵੀ ਤਾਂ ਅਣਖ-ਇੱਜ਼ਤ ਦਾ ਉਹ ਸੁਆਲ ਬਣੀ ਹੋਈ ਸੀ।

ਦਿਨੇ ਤੜਕੇ ਸਿਵਿਆਂ 'ਚ ਕਾਹਲੀ-ਕਾਹਲੀ ਅੱਗ ਮਘ ਪਈ। ਝੱਟਪੱਟ ਹੀ ਫਿਰ ਵੱਡਾ ਭਾਂਬੜ ਮੱਚ ਉੱਠਿਆ। ਜਿਉਂ-ਜਿਉਂ ਅੱਗ ਬਲ ਰਹੀ ਸੀ, ਦੋਵਾਂ ਪਰਿਵਾਰਾਂ ਦੇ ਸਿਰੋਂ ਜਿਵੇਂ ਬਲਾ ਟਲਦੀ ਜਾ ਰਹੀ ਹੋਵੇ। ਇੱਕ ਪਰਿਵਾਰ ਦੀ ਗੰਦੀ ਧੀ ਤੇ ਦੂਜਿਆਂ ਦੀ ਲੁੱਚੀ ਨੂੰਹ ਤੋਂ ਆਖ਼ਰ ਛੁਟਕਾਰਾ ਹੋ ਰਿਹਾ ਸੀ।

ਰੱਬ ਨੂੰ ਖੌਰੇ ਇਵੇਂ ਹੀ ਮੰਜ਼ੂਰ ਸੀ। ਨਹੀਂ ਤਾਂ ਕੋਈ ਹਾਅ ਦਾ ਨਾਅਰਾ ਨਾ ਮਾਰਦਾ। ਜਾਂ ਰੱਬ ਦੇ ਕਰੋਧ 'ਚ ਕੋਈ ਜਵਾਲਾਮੁਖੀ ਹੀ ਫ਼ਟ ਜਾਂਦਾ।

ਪਰ ਕੁਝ ਵੀ ਤਾਂ ਨਹੀਂ ਸੀ ਵਾਪਰਿਆ। ਸਭ ਦੀਆਂ ਜ਼ੁਬਾਨਾਂ ਠਾਕੀਆਂ ਪਈਆਂ। ਚੁੱਪ-ਗੜੁੱਪ। ਕੋਈ ਵੀ ਕਿਸੇ ਨਾਲ ਵਧ-ਘੱਟ ਬੋਲ ਨਹੀਂ ਸੀ ਰਿਹਾ। ਸਭ ਕੁਝ ਸਸਤੇ ਭਾਅ ਹੀ ਤੇ ਸਹਿਜੇ ਹੀ ਕੰਮ ਤਮਾਮ ਹੁੰਦਾ ਜਾ ਰਿਹਾ ਸੀ।

ਫਿਰ ਜਿਉਂ-ਜਿਉਂ ਅੱਗ ਕੁਝ ਮੱਧਮ ਪੈਣ ਲੱਗੀ। ਸਭ ਹੌਲੀ-ਹੌਲੀ ਚੋਰਾਂ ਵਾਂਗੂੰ ਉੱਥੋਂ ਖਿਸਕਦੇ ਜਾ ਰਹੇ ਸਨ। ਪਰ ਨਿਰਮੋਹੇ ਹੋਏ ਕਿਸੇ ਜੀਅ ਨੇ ਪਿੱਛੇ ਭੌਂਅ ਕੇ ਵੀ ਨਾ ਦੇਖਿਆ। ਨਾ ਅੱਖਾਂ 'ਚੋਂ ਹੰਝੂ ਹੀ ਵਹਾਇਆ।

ਪਰ ਪਿੱਛੇ ਸਿਵਿਆਂ 'ਚ ਇਕੱਲੀ ਰਹਿ ਗਈ। ਰੂੜੀਵਾਦੀ ਤੇ ਮੁਰਦਾ ਸਮਾਜ ਦੀ ਸੜ ਗਈ ਲਾਸ਼ ਦਾ ਵਜੂਦ ਜ਼ਰੂਰ ਖਤਮ ਹੋ ਗਿਆ ਸੀ।

ਪਰ ਅੱਗ ਤਾਂ ਅਜੇ ਵੀ ਧੁਖ ਰਹੀ ਸੀ।

ਕਹਾਣੀ

# ਜੁਆਬ ਤਾਂ ਦੇਣਾ ਈ ਪੈਣਾ?

**ਤਰਸੇਮ ਸਿੰਘ 'ਭੰਗੂ'**

"ਜਣਦਿਆਂ ਨੂੰ ਖਾਣਿਆਂ,ਉੱਠੇਂਗਾ ਵੀ ਕਿ ਹੈਸੇ ਮਾਂ ਨੂੰ ਈ ਗਲ਼ ਨਾਲ ਲਾਈ ਰੱਖੇਂਗਾ? ਚੱਤੋ-ਪਹਿਰ ਈ ਚੁੰਘਦਾ ਰਹਿਨੈ।" ਕੇਸੋ ਨੇ ਆਪਣੇ ਨਵ-ਜੰਮੇ ਜਵਾਕ ਨੂੰ ਸੁੱਤਾ ਸਮਝ ਗੋਦੀਓਂ ਲਾਹ ਮੁੰਜ ਦੀ ਲਾਣੀ ਮੰਜੀ 'ਤੇ ਪਾ ਕੇ ਥਾਪੜਦਿਆਂ ਆਪਣੇ ਘਰ ਵਾਲੇ ਨੰਜੀ ਨੂੰ ਕੜਕਵੀਂ ਅਵਾਜ਼ ਵਿਚ ਕਿਹਾ।

ਨੰਜੀ ਢੱਠੀ ਖੁਰਲੀ 'ਤੇ ਬੈਠਾ ਹੁੱਕੀ ਮੂੰਹ ਨਾਲ ਲਾਈ ਪਤਾ ਨਹੀਂ ਕਿਹੜੀਆਂ ਸੋਚਾਂ ਵਿਚ ਗਵਾਚਾ ਹੋਇਆ ਸੀ।ਕੇਸੋ ਦੀ ਅਵਾਜ਼ ਦਾ ਤਾਂ ਜਿਵੇਂ ਨੰਜੀ 'ਤੇ ਕੋਈ ਅਸਰ ਈ ਕੋਈ ਨਾ ਹੋਇਆ ਪਰ ਜਵਾਕ ਜ਼ਰੂਰ ਜਾਗ ਪਿਆ ਤੇ ਰੋਣ ਲੱਗ ਪਿਆ ਸੀ। "ਇਕ ਤਾਂ ਏਹਨਾਂ ਚੜੇਲਾਂ ਮੈਨੂੰ ਖਾ ਲਿਆ,ਹੋਰ ਪਤਾ ਨਹੀਂ ਕਿੰਨੀਆਂ ਕੁ ਆਉਣੀਐਂ?" ਕੇਸੋ ਦੇ ਇਹਨਾਂ ਸ਼ਬਦਾਂ ਵਿਚ ਸ਼ਾਇਦ ਪੁੱਤ ਦੀ ਅਣਹੋਂਦ ਰੜਕਦੀ ਸੀ।ਕੇਸੋ ਪੁੱਤ ਲੱਭਦੀ-ਲੱਭਦੀ ਪੰਜਵੀ ਕੁੜੀ ਨੂੰ ਜਨਮ ਦੇ ਬੈਠੀ ਸੀ।ਉਸਨੇ ਲਾਲ ਗੁਮਾਨੀ ਵਾਲੇ ਪੀਰ ਦੇ ਡੇਰੇ 'ਤੇ ਬਥੇਰੇ ਦੀਵੇ ਜਗਾਏ,ਹਰ ਵੀਰਵਾਰ ਸ਼ਾਹ ਦਰਵੇਸ਼ ਵੀ ਉਹ ਚਰਾਗਾਂ ਵਿਚ ਤੇਲ ਪਾਉਣਾ ਭੁੱਲੀ ਨਹੀਂ ਸੀ।ਹਰ ਮੰਗਲਵਾਰ ਨੂੰ ਨਿੱਕੇ ਨਿਆਣਿਆਂ ਵਿਚ ਵੰਡਿਆ ਮਿੱਠੇ ਰੋਟ ਦਾ ਪ੍ਰਸ਼ਾਦ ਵੀ ਉਹਦੀ ਪੁੱਤਰ ਦੀ ਸਿੱਕ ਪੂਰੀ ਨਹੀਂ ਸੀ ਕਰ ਸਕਿਆ।ਹੁਣ ਤਾਂ ਕੋਈ ਜਵਾਕ ਵੀ ਉਹਦੇ ਕੋਲੋਂ ਮਿੱਠੇ ਰੋਟ ਦਾ ਪ੍ਰਸ਼ਾਦ ਨਹੀਂ ਲੈਂਦਾ ਸੀ।

"ਤੈਨੂੰ ਆ ਜਾਏ ਕਿਸੇ ਦੀ ਆਈ, ਜਾਹ ਕਿਤੇ ਕੋਈ ਆਹਰ ਕਰ!ਦੁਪਹਿਰਾਂ ਆਉਣ ਲਗੀਐਂ ਉਪਰੋਂ। "ਕੇਸੋ ਫਿਰ ਜਵਾਕ ਨੂੰ ਹਿਲਾਉਂਦੀ ਬੁੜ੍ਹਕ ਪਈ ਸੀ ਜੋ ਸ਼ਾਇਦ ਦੁੱਧ ਨਾ ਆਉਣ ਦੀ ਵਜ੍ਹਾ ਕਰਕੇ ਫਿਰ ਰੋਣ ਲੱਗ ਪਿਆ ਸੀ।

"ਕਮਜਾਤੇ, ਜੇ ਆਪਣੀ ਜਬਾਨ ਵੱਸ'ਚ ਰੱਖੇਂ, ਕਾਹਨੂੰ ਮੇਰੇ ਤੋਂ ਹੱਡ ਤੁੜਵਾਏਂ! ਕਿਤੇ ਅੱਜ ਵੀ ਤੇਰਾ ਕੋਈ ਹੱਡ ਤਾਂ ਨਹੀਂ ਜਰਕਰਾਉਂਦਾ?" ਐਤਕੀਂ ਨੰਜੀ ਤੋਂ ਵੀ ਨਹੀਂ ਰਿਹਾ ਗਿਆ ਸੀ ਜਿਵੇਂ ਉਹਨੇ ਵੀ ਜਨਾਨੀ ਦੇ ਦਬਕਾੜੇ ਨੂੰ ਆਪਣੇ ਮਰਦਊਪੁਣੇ ਨੂੰ ਵੰਗਾਰ ਸਮਝਿਆ ਹੋਵੇ। ਭਾਵੇਂ ਕੁਝ ਵੀ ਹੋਵੇ, ਇਹ ਇਕ ਆਰਥਿਕ ਮੰਦਹਾਲੀ ਤੇ ਵਧੇ ਪਰਿਵਾਰ ਤੋਂ ਦੁਖੀ ਜੋੜੇ ਦੀ ਨੋਕ-ਝੋਕ ਸੀ ਜੋ ਵਧ ਕੇ ਡਾਂਗ ਸੋਟੇ ਤੱਕ ਵੀ ਚਲੀ ਜਾਂਦੀ ਸੀ ਤੇ ਸਾਂਵੇਂ ਹੁੰਦਿਆਂ ਵੀ ਕੋਈ ਚਿਰ ਨਹੀਂ ਲਗਦਾ ਸੀ।

ਨੰਜੀ ਇਕ ਕਾਮਾ ਬੰਦਾ ਸੀ ਜੋ ਸਾਰੀ ਦਿਹਾੜੀ ਕੰਮ ਕਰਦਾ ਰਹਿੰਦਾ ਸੀ। ਜਿਸਨੂੰ ਨਾ ਤਾਂ ਸੂਰਜ ਚੜ੍ਹੇ ਦਾ ਪਤਾ ਹੁੰਦਾ ਤੇ ਨਾ ਹੀ ਡੁੱਬੇ ਦਾ।ਉਹਨੇ ਆਪਣੀ ਉਮਰ ਦੇ ਤੀਹ-ਇਕੱਤੀ ਸਾਲਾਂ ਵਿਚ ਕਦੀ ਵੀ ਮਨ ਭਾਉਂਦਾ ਨਾ ਤਾਂ ਖਾ ਕੇ ਹੀ ਵੇਖਿਆ ਸੀ ਤੇ ਨਾ ਹੀ ਪਹਿਨ ਕੇ।ਉਹਦੇ ਸੇਪੀ ਸਰਦਾਰ ਨਿੱਤ ਨਵਾਂ ਸੂਟ ਪਾ ਕੇ ਆਉਂਦੇ। ਉਹਨੇ ਜਿਉਂ ਹੀ ਗੱਭਰੂ ਹੋਇਆਂ ਸਰਦਾਰਾਂ ਦੀ ਪਰਾਣੀ ਫੜੀ ਸੀ ਬਸ, ਸਰਦਾਰਾਂ ਦਾ ਈ ਹੋ ਕੇ ਰਹਿ ਗਿਆ ਸੀ।ਉਹ ਕਈ ਵਾਰ ਸੋਚਦਾ, "ਰੱਬਾ, ਜੇ ਅਸੀਂ ਸਾਰੀ ਉਮਰ ਸਰਦਾਰਾਂ ਦੇ ਘਰੀਂ ਹੀ ਕੰਮ

ਕਰਨਾ ਸੀ ਤਾਂ ਸਾਨੂੰ ਇਧਰ ਹੀ ਪੈਦਾ ਕਰ ਛੱਡਦੋਂ!" ਢਿੱਡੋਂ ਨੰਜੀ ਰੱਬ 'ਤੇ ਬਹੁਤ ਔਖਾ ਸੀ। ਕਈ ਵਾਰ ਗੁੱਸੇ'ਚ ਆਇਆ ਬੁੜ-ਬੁੜਾਉਂਦਾ, "ਕੇਰਾਂ ਟੱਕਰ ਗਿਆ 'ਕੱਲ੍ਹੇ ਨੂੰ, ਐਂ ਤਾਂ ਜਾਚ ਦੱਸਦੂੰ ਮੇਰੇ ਪਤਿਓਹਰੇ ਨੂੰ ਕਿ ਕਿਮੇਂ ਅਨਸਾਫ ਕਰੀਦੈ।" ਫਿਰ ਆਪੇ ਈ ਢਿੱਲਾ ਜਿਹਾ ਹੋ ਕੇ ਕਹਿੰਦਾ, "ਰੱਬ ਵੀ ਸਹੁਰਾ ਤਕੜੇ ਲੋਕਾਂ ਦਾ ਈ ਐ।"

ਸਰਦਾਰਾਂ ਨਾਲ ਲੱਗਣ ਤੋਂ ਬਾਅਦ ਨੰਜੀ ਨੇ ਆਪਣੇ ਬਾਪੂ ਨੂੰ ਕਿਹਾ ਸੀ, "ਐਂ ਨਾ ਫਿਕਰ ਕਰਿਆ ਕਰ,ਐਮੇਂ ਈ ਚਿੱਤ ਨੂੰ ਝੋਰਾ ਜਿਹਾ ਲਾਈ ਰੱਖਦੈਂ। ਐਤਕੀਂ ਤਾਂ ਸਵੇਂ ਮੇਰੀ ਸੇਪ ਰਲ਼ਜੂ! ਫਿਰ ਘੋਨੀ ਦਾ ਵਿਆਹ ਕਰਕੇ ਆਪਾਂ ਨੂੰ ਕਿਹੜਾ ਖਰਚੈ?"

ਨੰਜੀ ਦਾ ਪਿਓ ਤਾਰੂ ਤਾਂ ਹਾਲੇ ਤੱਕ ਸਰਦਾਰਾਂ ਤੋਂ ਆਪਣੇ ਵਿਆਹ 'ਤੇ ਲਿਆ ਹੋਇਆ ਕਰਜ਼ਾ ਵੀ ਨਹੀਂ ਲਾਹ ਸਕਿਆ ਸੀ ਜਦ ਕਿ ਧੀਆਂ-ਪੁੱਤਰ ਵਿਆਹੁਣ ਵਾਲੇ ਹੋ ਗਏ ਸਨ। ਸਾਰੀ ਉਮਰ ਈ ਸਰਦਾਰਾਂ ਦੇ ਘਰ ਕੰਮ ਕਰਦੇ ਦੀ ਨਿਕਲ ਚੱਲੀ ਸੀ।ਸਰਦਾਰ ਇੱਕੀਆਂ ਦੇ ਇਕੱਤੀ ਤੇ ਇਕੱਤੀਆਂ ਦੇ ਇਕ ਸੌ ਇਕੱਤੀ ਬਣਾ ਦੇਂਦੇ ਤੇ ਆਖਦੇ, "ਲੈ ਭਾਈ ਅੰਦਰ ਵੜ ਕੇ ਲੈ ਜਾਨੈਂ, ਅੰਦਰ ਵੜ ਕੇ ਈ ਦੇ ਜਾਈਂ।" ਅਖੀਰ ਹਾੜੀ-ਸਾਉਣੀ ਕੱਟ-ਕਟਾਅ ਕੇ 'ਛਿੱਕਾ ਛੀਕ ਛਿਆਨਵੇਂ, ਚਾਰ ਵਿਆਜ਼ ਦੇ ਸੌ' ਵਾਲ਼ੀ ਗੱਲ ਹੋ ਜਾਂਦੀ ਤੇ ਤਾਰੂ ਹਰ ਸਾਲ ਈ ਨਵੇਂ ਸਿਰਿਓਂ ਰਕਮ ਨਵੀਂ ਕਰਕੇ ਖਾਲੀ ਹੱਥ ਘਰ ਆ ਜਾਂਦਾ ਸੀ। ਹੁਣ ਉਸਨੂੰ ਪੁੱਤ ਜਵਾਨ ਹੋਇਆ ਵੇਖ ਕੇ ਆਸ ਦੀ ਕਿਰਨ ਫੁੱਟਦੀ ਨਜ਼ਰ ਆ ਰਹੀ ਸੀ ਕਿ ਸ਼ਾਇਦ ਕਰਜ਼ੇ ਤੋਂ ਛੁਟਕਾਰਾ ਮਿਲਜੂ। ਕਈ ਵਾਰ ਉਹ ਆਪਣੇ ਵਾਂਗ ਖਿਆਲ ਆਉਂਦਿਆਂ ਹੀ ਧੁਰ ਅੰਦਰ ਤਾਈਂ ਕੰਬ ਜਾਂਦਾ। ਉਹ ਸੋਚਦਾ ਕਿ ਨੰਜੀ ਨੂੰ ਸਰਦਾਰਾਂ ਨਾਲ ਕੰਮ 'ਤੇ ਨਹੀਂ ਲਾਵੇਗਾ। ਜੇ ਨੰਜੀ ਸ਼ਹਿਰ ਜਾਂਦਾ ਰਹੇ ਤਾਂ ਜੂਨ ਸੌਰਜੇ। ਆਪਣੀ ਦਿਨੋ-ਦਿਨ ਕਿਰਦੀ ਦੇਹ ਅਤੇ ਘਰ ਵਿਚ ਜਵਾਨ ਧੀ ਦੇ ਖਿਆਲ ਨਾਲ ਮੁੰਡੇ ਨੂੰ ਬਾਹਰ ਵੀ ਨਹੀਂ ਭੇਜਣਾ ਚਾਹੁੰਦਾ ਸੀ। ਕੀ ਪਤਾ, ਮੁੰਡਾ ਬਾਹਰ ਗਿਆ ਕਿਹੋ ਜਿਹੀ ਬਹਿਣੀ ਬਹਿ ਜਾਵੇ? ਸੋ ਲੰਮੀ ਸੋਚ-ਵਿਚਾਰ ਕਰਕੇ ਸਰਦਾਰਾਂ ਨਾਲ ਹੱਥ ਰਲ਼ੇ ਹੋਣ ਕਰਕੇ ਉਹਨੇ ਪੁੱਤਰ ਨੂੰ ਵੀ ਆਪਣੇ ਬਰਾਬਰ ਹੱਲ ਦੀ ਜੰਘੀ ਫੜਾ ਦਿੱਤੀ ਸੀ।

ਇਸ ਵਾਰ ਸਰਦਾਰਾਂ ਨੇ ਕੁੜੀ ਦੇ ਵਿਆਹ ਲਈ ਪੈਸੇ ਦੇਣੋਂ ਇਕ ਵਾਰ ਵੀ ਨਾਂਹ-ਨੁੱਕਰ ਨਹੀਂ ਕੀਤੀ ਸੀ ਬੇਸ਼ੱਕ ਤਾਰੂ ਵੱਲ ਪੈਸੇ ਅਗਾਊਂ ਚੱਲ ਰਹੇ ਸਨ। ਸਰਦਾਰ ਸਮਝਦੇ ਸਨ ਕਿ ਏਨੇ ਪੈਸਿਆਂ ਵਿਚ ਗੱਭਰੂ ਮੁੰਡਾ ਘਾਟੇ ਦਾ ਸੌਦਾ ਨਹੀਂ। ਤਾਰੂ ਨੇ ਜਿਵੇਂ-ਕਿਵੇਂ ਕੁੜੀ ਦਾ ਵਿਆਹ ਨੇਪਰੇ ਚਾੜ੍ਹ ਦਿੱਤਾ। ਕੁੜੀ ਦੇ ਵਿਆਹ ਵਿਚ ਆਇਆ ਇਕ ਸੱਜਣ ਨੰਜੀ ਦੀ ਝੋਲ਼ੀ ਵੀ ਰੁਪਈਆ ਧਰ ਗਿਆ ਸੀ। ਮੁੰਡੇ ਦਾ ਗੱਠਿਆ ਸਰੀਰ ਦੱਸਦਾ ਸੀ ਕਿ ਅਜੇ ਤੱਕ ਐਬ ਕੋਈ ਨਹੀਂ ਲੱਗਾ।ਵੇਖਣ ਵਾਲੇ ਦੀ ਨਜ਼ਰ ਦੀ ਤੱਕੜੀ ਨੇ ਮੁੰਡੇ ਨੂੰ ਖਰਾ ਸੋਨਾ ਹਾੜ ਲਿਆ ਸੀ। ਤਾਰੂ ਨੰਜੀ ਦਾ ਵੀ ਵਿਆਹ ਕਰਕੇ ਆਪਣੇ ਜੀਂਦੇ ਜੀ ਸੁਰਖਰੂ ਹੋਣਾ ਚਾਹੁੰਦਾ ਸੀ ਬੇਸ਼ੱਕ ਪੈਸੇ ਹੋਰ ਚੁੱਕਣੇ ਪੈ ਜਾਣ ਪਰ ਨੰਜੀ ਕਿਵੇਂ ਵੀ ਨਹੀਂ ਮੰਨਿਆ ਸੀ।ਨਵਾਂ ਖ਼ੂਨ ਨਹੀਂ ਚਾਹੁੰਦਾ ਸੀ ਕਿ ਸਾਰੀ ਉਮਰ ਈ ਮਿੱਟੀ ਨਾਲ ਮਿੱਟੀ ਹੋਇਆ ਰਹੇ।ਆਪਣੇ ਪਿਓ ਦੀ ਹਾਲਤ ਨੰਜੀ ਨੂੰ ਪ੍ਰਤੱਖ ਦਿਸਦੀ ਸੀ।

ਇਕ ਦਿਨ ਦੁਪਹਿਰੇ ਹੁੱਕਾ ਪੀਂਦਿਆਂ ਤਾਰੂ ਨੂੰ ਅਜਿਹਾ ਗੋਤਾ ਲੱਗਾ ਕਿ ਦੁਬਾਰਾ

ਸਾਹ ਹੀ ਨਹੀਂ ਮੁੜਿਆ ਤੇ ਕੁਝ ਪਲਾਂ ਵਿਚ ਹੀ ਸਰੀਰ ਮਿੱਟੀ ਹੋ ਗਿਆ। ਨੰਜੀ ਦੀ ਮਾਂ ਤਾਂ ਛੋਟੇ ਹੁੰਦਿਆਂ ਹੀ ਮਰ ਗਈ ਸੀ ਹੁਣ ਪਿਓ ਦਾ ਆਸਰਾ ਵੀ ਜਾਂਦਾ ਰਿਹਾ। ਨੰਜੀ ਨੇ ਆਪਣੇ-ਆਪ ਨੂੰ ਅੱਜ ਤੱਕ ਇਕੱਲਾ ਨਹੀਂ ਸਮਝਿਆ ਸੀ ਪਰ ਹੁਣ ਉਸਨੂੰ ਜਿਵੇਂ ਧਰਤੀ ਘੁੰਮਦੀ ਪ੍ਰਤੀਤ ਹੋਈ।ਸੁੰਨਾ ਘਰ ਵੱਢ ਖਾਣ ਨੂੰ ਆਉਣ ਲੱਗਾ। ਫੋਕੀ ਹਮਦਰਦੀ ਤੋਂ ਬਗੈਰ ਉਸਨੂੰ ਸਾਰੇ ਵਿਹੜੇ'ਚੋਂ ਕੁਝ ਨਾ ਮਿਲਿਆ ਉਹ ਵੀ ਹੌਲ਼ੀ-ਹੌਲ਼ੀ ਘਟ ਗਈ ਸੀ। ਨਾਲੇ ਕਿਸੇ ਦਾ ਦੁੱਖ ਕੋਈ ਕਿੰਨਾ ਕੁ ਚਿਰ ਵੰਡਾਵੇ? ਕਰਜ਼ਾ ਤਾਂ ਸਰਦਾਰਾਂ ਦਾ ਪਹਿਲਾਂ ਈ ਗਲ਼-ਗਲ਼ ਸੀ, ਉਪਰੋਂ ਪਿਓ ਦੀ ਸਤਾਰ੍ਹਵੀਂ 'ਤੇ ਹੋਰ ਚੁੱਕਣਾ ਪੈ ਗਿਆ।

"ਪੁੱਤਰਾ, ਮੋਇਆਂ ਨਾਲ ਮੋਇਆ ਨਹੀਂ ਜਾਂਦਾ, ਤਕੜਾ ਹੋ ਤੇ ਧੰਦੇ ਲੱਗ, ਮਨ ਹੋਰ ਪਾਸੇ ਪਊ, ਨਾਲੇ ਮਾਪੇ ਸਦਾ ਨਾਲ ਥੋੜ੍ਹੋ ਨਿਭਦੇ ਐ!" ਸਤਾਰ੍ਹਵੀਂ'ਤੇ ਆਏ ਸਰਦਾਰ ਦਾ ਨੰਜੀ ਨੂੰ ਹਮਦਰਦੀ ਦੇ ਨਾਲ-ਨਾਲ ਪਿੱਛੇ ਪੈ ਰਹੇ ਕੰਮ ਵੱਲ ਵੀ ਇਸ਼ਾਰਾ ਸੀ। ਉਦਾਸ ਹੋਇਆ ਨੰਜੀ ਕਦੀ-ਕਦੀ ਆਪਣੇ ਬਾਪੂ ਦੀ ਕਬਰ 'ਤੇ ਜਾ ਕੇ ਵੀ ਬੈਠਾ ਰਹਿੰਦਾ।

ਮੁੰਡਾ ਕਮਾਊ ਤੇ ਸਾਊ ਹੋਣ ਕਰਕੇ ਰਿਸ਼ਤੇ ਵਾਲੇ ਨੰਜੀ ਨੂੰ ਵਿਆਹ ਲਈ ਜ਼ੋਰ ਦੇਣ ਲੱਗ ਪਏ।ਨੰਜੀ ਆਪਣਾ ਵਿਆਹ ਪਿਛਲਾ ਕਰਜ਼ਾ ਉਤਾਰ ਕੇ ਕਰਨਾ ਚਾਹੁੰਦਾ ਸੀ ਪਰ ਸਰਦਾਰ ਦੀ ਦਿੱਤੀ ਰਾਇ ਅੱਗੇ ਨੰਜੀ ਕੁਝ ਨਾ ਬੋਲ ਸਕਿਆ, "ਝੱਲਿਆ ਤੀਮੀਂ ਤਾ ਅੱਧਾ ਦੁੱਖ ਵੰਡ ਲੈਂਦੀ ਐ।" ਸੋ ਆਪਣੇ ਵਿਆਹ ਤੱਕ ਨੰਜੀ ਦਾ ਵਾਲ਼-ਵਾਲ਼ ਸਰਦਾਰਾਂ ਦੇ ਕਰਜ਼ੇ ਵਿਚ ਵਿੰਨ੍ਹਿਆ ਗਿਆ ਸੀ। ਸਰਦਾਰਾਂ ਦੀ ਲੰਮੀ ਸੋਚ ਨੇ ਨੰਜੀ ਨੂੰ ਹੋਰ ਕਰਜ਼ਾ ਦੇ ਕੇ ਹਮੇਸ਼ਾ ਵਾਸਤੇ ਆਪਣੇ ਜੋਗਾ ਕਰ ਲਿਆ ਸੀ।

ਕੇਸੋ 'ਤੇ ਵਿਆਹ ਵੇਲੇ ਲੋਹੜੇ ਦਾ ਜੋਬਨ ਨੰਜੀ ਅੱਜ ਤੱਕ ਨਹੀਂ ਭੁੱਲਿਆ। ਕੇਸੋ ਆਉਂਦੀ ਨੇ ਹੱਲਾਸ਼ੇਰੀ ਦਿੱਤੀ ਸੀ, "ਤੂੰ ਜੀ ਫਿਕਰ ਕਾਹਤੋਂ ਕਰਦੈਂ? ਅਸੀਂ ਦੋਵੇਂ ਰਲ਼ ਕੇ ਹਰ ਹੋਣੀ ਦਾ ਮੂੰਹ ਮੋੜ ਦਿਆਂਗੇ, ਤੂੰ ਡਟ ਕੇ ਕੰਮ ਕਰ, ਮੈਂ ਚਹੁੰ ਘਰਾਂ ਦਾ ਕੰਮ ਸੰਭਾਲਦੀ ਆਂ,ਕਿਵੇਂ ਨਾ ਉਤਰੂ ਕਰਜਾ?" ਨੰਜੀ ਨੂੰ ਵਿਆਹ ਤੋਂ ਪਹਿਲਾਂ ਕਹੇ ਸਰਦਾਰ ਦੇ ਬੋਲ ਕਿਸੇ ਹੱਦ ਤੱਕ ਠੀਕ ਲੱਗੇ। ਕੇਸੋ ਆਉਂਦੀ ਨੇ ਹੀ ਕੁਝ ਘਰਾਂ ਦਾ ਗੋਹਾ-ਕੂੜਾ ਸੰਭਾਲ ਲਿਆ ਸੀ।ਉਹ ਭੁੱਲ ਹੀ ਗਈ ਸੀ ਕਿ ਉਹ ਇਸ ਪਿੰਡ ਵਿਚ ਨਵੀਂ ਵਿਆਹੀ ਆਈ ਹੈ।

ਹਠ ਮਨੁੱਖ ਨੂੰ ਇਕ ਵਾਰ ਡਿੱਗੇ ਨੂੰ ਤੁਰਦਾ ਕਰ ਦੇਂਦਾ ਹੈ।ਨੰਜੀ ਨੂੰ ਮਹਿਸੂਸ ਹੋਇਆ ਕਿ ਉਹ ਹੁਣ ਇਕੱਲਾ ਨਹੀਂ। ਲਟੈਣ ਵਰਗੀ ਜਨਾਨੀ ਵੇਖ ਕੇ ਕਈਆਂ ਜੱਟਾਂ ਨੇ ਬੁੱਲ੍ਹਾਂ'ਤੇ ਜੀਭ ਫੇਰੀ ਤੇ ਗੱਭਰੂਆਂ ਮੁੱਛਾਂ ਉਤਾਂਹ ਕੀਤੀਆਂ ਪਰ ਕੇਸੋ ਦਾ ਗੱਠਿਆ ਸਰੀਰ ਵੇਖ ਕਿਸੇ ਦਾ ਹੀਆ ਨਾ ਪਿਆ। ਉਸਦੇ ਲੰਘ ਜਾਣ ਬਾਅਦ ਗੱਲਾਂ ਕਰਦੇ।

"ਸਹੁਰਿਓ, ਸਾਹਨ ਵਰਗੀ ਐ, ਕਿਧਰੇ ਮਾਂਜਾ ਈ ਨਾ ਫੇਰੇ!" ਸਰੀਰ ਵਿੰਨ੍ਹਦੀਆਂ ਨਜ਼ਰਾਂ ਤੇ ਕੱਸੀਆਂ ਕਾਨੀਆਂ ਕੇਸੋ ਦੀ ਜਵਾਨੀ ਨੂੰ ਹੋਰ ਹਲੂਣਾ ਦੇ ਜਾਂਦੀਆਂ। ਉਹ ਆਸ ਤੋਂ ਉਲਟ ਗੋਹੇ ਦੇ ਭਰੇ ਟੋਕਰੇ ਅਡੋਲ ਹੀ ਸਿਰ 'ਤੇ ਰੱਖ ਔਹ ਜਾਂਦੀ-ਔਹ ਜਾਂਦੀ ਹੋ ਜਾਂਦੀ।

ਇਸ ਵਾਰ ਸਰਦਾਰਾਂ ਨਾਲ ਹਿਸਾਬ-ਕਿਤਾਬ ਕਰਕੇ ਨੰਜੀ ਨੂੰ ਕੁਝ ਵੀ ਨਹੀਂ ਬਚਿਆ ਸੀ। ਕੱਟ-ਕਟਾਅ ਕੇ ਕਰਜ਼ਾ ਉਥੇ ਦਾ ਉਥੇ ਸੀ। ਖਾਣ ਪਿੰਨਣ ਨੂੰ ਕੇਸੋ ਦੀ ਮਿਹਨਤ

ਜ਼ਰੂਰ ਕੰਮ ਆ ਗਈ ਸੀ। ਬਾਕੀ ਖਰਚ-ਪੱਠਾ ਤੇ ਲੀੜੇ-ਲੱਤੇ ਵਾਸਤੇ ਨੰਜੀ ਸਰਦਾਰਾਂ ਤੋਂ ਅਗਾਊਂ ਰਕਮ ਲੈ ਆਇਆ ਸੀ।

ਇਸ ਤਰ੍ਹਾਂ ਹੀ ਅੱਠ-ਨੌਂ ਸਾਲ ਗੁਜ਼ਰ ਗਏ ਸਨ। ਨੰਜੀ ਦੀ ਚੰਨਣ ਵਰਗੀ ਦੇਹ ਦਿਨੋਂ-ਦਿਨ ਖੁਰਦੀ ਗਈ ਤੇ ਉਮਰੋਂ ਪਹਿਲਾਂ ਹੀ ਬੁੱਢਾ ਦਿਸਣ ਲੱਗ ਪਿਆ। ਕੇਸੋ ਉਪਰੋ ਥਲੀ ਪੰਜ ਕੁੜੀਆਂ ਦੀ ਮਾਂ ਬਣ ਗਈ। ਹਸਮੁੱਖ ਤੇ ਚੜ੍ਹਦੀ ਕਲਾ ਵਾਲੇ ਸੁਭਾਅ ਤੋਂ ਚਿੜ-ਚਿੜੀ ਤੇ ਗਾਲ਼ਾਂ ਤੱਕ ਉਤਰ ਆਈ ਸੀ। ਨੰਜੀ ਇਕ ਤਰ੍ਹਾਂ ਕੇਸੋ ਦਾ ਦੇਣਦਾਰ ਸੀ ਕਿਉਂਕਿ ਘਰ ਦਾ ਤਕਰੀਬਨ ਅੱਧਾ ਖਰਚਾ ਕੇਸੋ ਈ ਦਬੱਲੀ ਫਿਰਦੀ ਸੀ। ਉਦੋਂ ਤਾਂ ਨੰਜੀ ਦੇ ਸਾਰੇ ਗਿਲੇ-ਸ਼ਿਕਵੇ ਦੂਰ ਹੋ ਜਾਂਦੇ, ਜਦੋਂ ਕਦੀ-ਕਦੀ ਨਿਆਣਿਆਂ ਦੇ ਸੌਣ ਤੋਂ ਬਾਅਦ ਕੇਸੋ ਮਲਕ ਦੇਣੇ ਨੰਜੀ ਦੀ ਮੰਜੀ ’ਤੇ ਆ ਬੈਠਦੀ ਤੇ ਹੌਲ਼ੀ ਜਿਹੀ ਆਖਦੀ, “ਜੀ ਸੌਂ ਗਿਐਂ? ਵੇਖ ਤਾਂ ਕਿਵੇਂ ਹੱਡ ਨਿਕਲ ਆਏ ਐ।” ਨੰਜੀ ਦੀਆਂ ਮੜੱਤਣ ਨਾਲ ਨਿਕਲੀਆਂ ਪੱਸਲ਼ੀਆਂ ’ਤੇ ਹੱਥ ਫੇਰਦੀ ਆਖਦੀ। ਫਿਰ ਹੌਲ਼ੀ-ਹੌਲ਼ੀ ਪਿਆਰ ਦੀਆਂ ਗੱਲਾਂ ਕਰਦੇ ਕਿਵੇਂ ਨਾ ਕਿਵੇਂ ਕਰਜ਼ੇ ਤੋਂ ਛੁਟਕਾਰਾ ਪਾਉਣ ਦੀਆਂ ਵਿਉਂਤਾਂ ਬੰਨ੍ਹਦੇ ਤੇ ਇਸ ਵਾਰ ਥੋੜ੍ਹਾ ਘੱਟ’ਜੂ, ਸੋਚ ਕੇ ਮਨ ਨੂੰ ਧਰਵਾਸ ਦੇਂਦੇ।ਆਰਥਿਕ ਮਜਬੂਰੀਆਂ ਦੇ ਬੋਝ ਥੱਲੇ ਦੱਬਦੀ ਜਾ ਰਹੀ ਜ਼ਿੰਦਗੀ ਨੂੰ ਕਈ ਵਾਰ ਪਿਆਰ ਦੇ ਦੋ ਬੋਲ ਠੁੰਮ੍ਹਣਾ ਦੇ ਕੇ ਤੁਰਦਾ ਕਰ ਦੇਂਦੇ ਹਨ।

“ਮੈਂ ਤਾਂ ਕਹਿਨੀ ਆਂ ਕਿ ਤੂੰ ਉਨ੍ਹਾਂ ਕੰਜਰਾਂ ਦਾ ਕੰਮ ਈ ਛੱਡ ਦੇ ਤੇ ਦਿਹਾੜੀ-ਦੱਪਾ ਕਰ ਲਿਆ ਕਰ।” ਕੇਸੋ ਆਪਣੀ ਥਾਂ ਸੱਚੀ ਸੀ।

“ਭਲੀਏ ਲੋਕੇ ਜਿਹੜਾ ਦੇਣੈ,ਉਹ ਕਿਵੇਂ ਲੱਥੂ?”ਨੰਜੀ ਲੰਮਾ ਹਾਉਕਾ ਲੈ ਕੇ ਆਖਦਾ।

“ਲੈ, ਐਨਾ ਚਿਰ ਹੋ ਗਿਆ ਚੰਦਰਿਆਂ ਦੇ ਖੇਤਾਂ ਵਿਚ ਜਵਾਨੀ ਗਾਲਦਿਆਂ, ਹਾਲੇ ਬਾਕੀ ਐ?” ਕੇਸੋ ਥੋੜ੍ਹਾ ਗੁੱਸੇ ਨਾਲ ਆਖਦੀ।

ਨੰਜੀ ਕਈ ਵਾਰ ਸੋਚਦਾ ਕਿ ਕੇਸੋ ਠੀਕ ਆਖਦੀ ਹੈ। ਜਵਾਨੀ ਠੀਕ ਈ ਸਰਦਾਰਾਂ ਦੇ ਖੇਤਾਂ ਵਿਚ ਗੁਜ਼ਰ ਚੱਲੀ ਏ, ਉਨ੍ਹਾਂ ਤਾਂ ਸਾਈਕਲਾਂ ਤੋਂ ਬਾਅਦ ਮੋਟਰਸਾਈਕਲ ਤੇ ਕਾਰਾਂ-ਜੀਪਾਂ ਅਤੇ ਬਲਦਾਂ ਤੋਂ ਮਗਰੋਂ ਟਰੈਕਟਰ ਲੈ ਲਏ ਤੇ ਮੈਂ ਉਥੇ ਦਾ ਉਥੇ, ਮੇਰਾ ਕਰਜ਼ਾ ਉਥੇ ਦਾ ਉਥੇ।” ਏਹੀ ਵਿਰੋਧੀ ਵਿਚਾਰ ਸਿਰ ਚੁੱਕ ਖਲੋਤੇ ਸਨ ਤੇ ਨੰਜੀ ਕੱਲ੍ਹ ਦਾ ਸਰਦਾਰਾਂ ਨੂੰ ਜੁਆਬ ਦੇ ਆਇਆ ਸੀ ਜਿਸ ਦੇ ਬਦਲੇ ਉਸਨੂੰ ਅੱਜ ਪੰਚਾਇਤ ਵਿਚ ਬੁਲਾਇਆ ਗਿਆ ਸੀ। ਸਵੇਰ ਦਾ ਨੰਜੀ ਖੁਰਲੀ ’ਤੇ ਬੈਠਾ ਸੋਚੀਂ ਪਿਆ ਹੋਇਆ ਸੀ ਕਿ ਸੱਥ ਵਿਚ ਕੀ ਜੁਆਬ ਦੇਵੇਗਾ! ਉਸ ਨੂੰ ਬੈਠਿਆਂ ਹੀ ਦਿਨ ਸਿਰ ’ਤੇ ਆ ਗਿਆ ਸੀ। ਕੇਸੋ ਜਲਦੀ-ਜਲਦੀ ਸਾਰੇ ਘਰਾਂ ਦਾ ਕੰਮ ਸਮੇਟ ਕੇ ਵਾਪਸ ਆ ਗਈ ਸੀ ਤੇ ਸਿੱਟਿਆਂ ਵਾਲੀ ਝਲ਼ੂੰਗੀ ਲੱਭਦੀ ਫਿਰ ਭੜਕ ਪਈ, “ਨਖੱਸਮਿਆਂ, ਤੈਨੂੰ ਹੈਥੇ ਈ ਕਿੱਲ ਲੱਗ ਗਏ ਨੇ?”

“ਓ ਚੰਦਰੀਏ,ਕਦੀ ਨਰਮ ਵੀ ਹੋ ਜਾਇਆ ਕਰ, ਮੈਂ ਤਾਂ ਸੋਚ ਰਿਹੈਂ,ਪਈ ਸੱਥ ਵਿਚ ਅੱਜ ਕੀ ਜੁਆਬ ਦਿਆਂਗਾ?” ਨੰਜੀ ਬਿਲਕੁਲ ਸ਼ਾਂਤ ਸੀ।

“ਨਾ ਕੀ ਬੁਝਾਰਤਾਂ ਜਿਹੀਆਂ ਪਾਈ ਜਾਨੈਂ?” ਕੇਸੋ ਹੈਰਾਨ ਹੋਈ।

"ਮੈਂ ਕੱਲ੍ਹ ਦਾ ਸਰਦਾਰਾਂ ਨੂੰ ਜੁਆਬ ਦੇ ਆਇਆ ਹਾਂ, ਉਹਨਾਂ ਪਚੈਤ ਵਿਚ ਸੱਦਿਆ ਹੈ ਅੱਜ।"

"ਮੈਨੂੰ ਐਂ ਲੱਗਦੈ,ਜਿਵੇਂ ਤੂੰ ਆਪਣੀ ਜ਼ਿੰਦਗੀ ਵਿਚ ਅੱਜ ਪਹਿਲੀ ਵਾਰ ਬੰਦਿਆਂ ਵਾਲੀ ਗੱਲ ਕੀਤੀ ਹੋਵੇ,ਤੂੰ ਤਕੜਾ ਹੋ।ਤੈਂ ਜੁਆਬ ਕੀ ਦੇਣੈ? ਮੈਂ ਦੇਊਂ, ਮੈਂ! ਨਾਲੇ ਗਿਣ ਕੇ ਨੋਟ ਦੇਊਂ ਮੇਰੇ ਪਿਓ ਦੇ ਸਾਲਿਆਂ ਨੂੰ।" ਕੇਸੋ ਝਲੂੰਗੀ ਦਾ ਖਿਆਲ ਹੀ ਭੁੱਲ ਗਈ।

ਦੋਵੇਂ ਜੀਅ ਅੱਗੇ-ਪਿੱਛੇ ਸੱਥ ਵਿਚ ਆ ਗਏ। ਪਿੰਡ ਦੇ ਸਾਊ ਸਰਪੰਚ ਨੇ ਹੀ ਗੱਲ ਤੋਰੀ, "ਬਈ ਨਰੰਜਣ ਸਿੰਹਾਂ,ਤੇਰੇ ਖਿਲਾਫ ਪ੍ਰਿਤਪਾਲ ਕਿਆਂ ਪੰਚਾਇਤ ਵਿਚ ਦਾਅਵਾ ਪਾਇਆ ਹੈ ਕਿ ਜਾਂ ਤਾਂ ਨੰਜੀ ਪੈਸੇ ਮੋੜੇ ਜਾਂ ਕੰਮ'ਤੇ ਆਵੇ। ਕਿਵੇਂ ਕਰਨੈਂ? ਚਾਰ ਭਰਾ ਜੁੜੇ ਬੈਠੇ ਐ, ਫੈਸਲਾ ਨਿਬੜਦਾ ਕਰੋ ਭਾਈ।" ਸਰਪੰਚ ਇਕ ਤਰ੍ਹਾਂ ਨੰਜੀ ਦਾ ਜੁਆਬ ਸੁਣਨ ਲਈ ਨਿੱਠ ਕੇ ਬੈਠ ਗਿਆ।

"ਜੀ ਇਹਨੇ ਜੁਆਬ ਕੀ ਦੇਣੈ? ਮੈਂ ਦਿੰਦੀ ਹਾਂ ਜੁਆਬ।" ਸਿਰ ਦਾ ਪਾਟਾ ਲੀੜਾ ਸੰਭਾਲਦੀ ਕੇਸੋ ਨੇ ਪੂਰੀ ਪੰਚਾਇਤ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਨੰਗੇ ਮੂੰਹ ਪੰਚਾਇਤ ਵਿਚ ਬੋਲਦੀ ਤੀਵੀਂ, ਉਹ ਵੀ ਕੰਮੀਂ, ਸੁਣ ਕੇ ਸਾਰਿਆਂ ਦੇ ਕੰਨ ਖੜੇ ਹੋ ਗਏ। ਕਈ ਤਾਂ ਪ੍ਰਿਤਪਾਲ ਕਿਆਂ 'ਤੇ ਢਿੱਡੋਂ ਔਖੇ ਵੀ ਸਨ ਜਿਨ੍ਹਾਂ ਕਈ ਸਾਲਾਂ ਤੋਂ ਨੰਜੀ ਨੂੰ ਉਨ੍ਹਾਂ ਕੋਲ ਹੀ ਕੰਮ ਕਰਦਿਆਂ ਵੇਖਿਆ ਸੀ। ਜਿਹਦੀ ਡਾਂਗ ਉਹਦੀ ਮੱਝ ਵਾਲੀ ਗੱਲ ਸੀ ਬੋਲੇ ਕਿਹੜਾ?

ਪੰਚਾਇਤ ਬਿਟਰ-ਬਿਟਰ ਝਾਕਦੀ ਵੇਖ ਕੇਸੋ ਨੇ ਫਿਰ ਕਿਹਾ, "ਜੀ, ਇਹਦਾ ਪਿਓ ਮਰ ਗਿਆ ਸਾਰੀ ਉਮਰ ਏਹਨਾਂ ਦੇ ਖੇਤਾਂ ਵਿਚ ਕੰਮ ਕਰਦਾ,ਏਹਨੇ ਆਪ ਜਵਾਨੀ ਗਾਲ਼ ਲਈ ਉਥੇ ਈ। ਜਦੋਂ ਮੈਂ ਵਿਆਹੀ ਆਈ ਤਾਂ ਕਰਜ਼ਾ ਤਦ ਵੀ ਏਨਾ ਈ ਸੀ, ਜਿੰਨਾ ਹੁਣ ਐ। ਸਾਡੇ ਤਾਂ ਪਿਓ ਦਾ ਕਰਜ਼ਾ ਉਤਾਰਨ ਵਾਲਾ ਵੀ ਨਹੀਂ ਜੰਮਿਆ।" ਆਖਦੀ ਕੇਸੋ ਦਾ ਗੱਚ ਭਰ ਆਇਆ। ਥੋੜ੍ਹਾ ਸੰਭਲ ਕੇ ਫਿਰ ਬੋਲੀ, "ਮੈਂ ਤਾਂ ਸਾਰੇ ਸਾਊਆਂ ਨੂੰ ਸੌ ਦੀ ਇਕੋ ਈ ਕਹਿਨੀ ਆਂ, ਸਰਦਾਰਾਂ ਦੇ ਪੈਸੇ ਮੁੜਵਾਉਣ ਤਾਂ ਆ ਗਏ ਓ, ਕੋਈ ਸਾਡੀ ਗੁਜ਼ਰ ਚੁੱਕੀ ਜਵਾਨੀ ਵੀ ਮੁੜਵਾਏਗਾ? ਏਹ ਸਾਡੀ ਜਵਾਨੀ ਮੋੜ ਦੇਣ, ਅਸੀ ਹੱਸ ਕੇ ਇਕ ਜਨਮ ਹੋਰ ਇਨ੍ਹਾਂ ਦੇ ਖੇਤਾਂ ਵਿਚ ਗੁਜ਼ਾਰ ਦਿਆਂਗੇ।"

ਕਿਸੇ ਨੂੰ ਉਮੀਦ ਹੀ ਨਹੀਂ ਸੀ ਕਿ ਇਕ ਜ਼ਨਾਨੀ ਪੂਰੀ ਪੰਚਾਇਤ ਨੂੰ ਨਿਰ-ਉੱਤਰ ਕਰ ਜਾਵੇਗੀ। ਸਾਰੇ ਇਕ-ਦੂਜੇ ਵੱਲ ਬਿੱਟ-ਬਿੱਟ ਝਾਕ ਰਹੇ ਸਨ। ਸਿਆਣੇ ਸਰਪੰਚ ਕੋਲ ਵੀ ਇਸ ਦਾ ਕੋਈ ਜੁਆਬ ਨਹੀਂ ਸੀ। ਸਾਰਿਆ ਦੀ ਚੁੱਪ ਨੂੰ ਤੋੜਨ ਦੀ ਕੋਸ਼ਿਸ਼ ਕਰਦਿਆਂ ਕੇਸੋ ਨੇ ਚੁੱਪ ਬੈਠੇ ਆਪਣੇ ਪਤੀ ਨੰਜੀ ਨੂੰ ਗੁੱਟੋਂ ਫੜ ਕੇ ਜੇਤੂ ਅੰਦਾਜ਼ ਵਿਚ ਸੱਥ 'ਚੋਂ ਤੁਰਦਿਆਂ ਕਿਹਾ, "ਸਰਦਾਰ ਜੀ, ਜੁਆਬ ਤਾਂ ਦੇਣਾ ਈ ਪੈਣਾ?"

ਸ਼ਬਦ ਚਿੱਤਰ:

# ਚੰਡੀਗੜ੍ਹ ਇਕ ਉਦਾਸ ਸ਼ਹਿਰ ਹੈ

**-ਡਾ. ਜਨਮੀਤ**

ਸ਼ੁਕੀਨ ਸਿੰਘ ਸੈਕਟਰੀਏਟ ਦੇ ਪਿਛਲੇ ਪਾਸੇ ਉਜਾੜ ਵਿਚ ਦਾਰੂ ਪੀਣ ਦਾ ਸ਼ੌਕੀਨ ਸੀ। ਪਤਾ ਨਹੀਂ ਕਿਉਂ ਉਹ ਪ੍ਰੈਸ ਤੋਂ ਦੂਰ ਭੱਜਦਾ। ਸਕੂਟਰ ਉੱਤੇ ਦੋ ਦੋਸਤਾਂ ਨੂੰ ਬਿਠਾਉਂਦਾ, ਡਿੱਗੀ ਵਿਚ ਨਮਕੀਨ, ਗਲਾਸ ਤੇ ਬੋਤਲ ਰੱਖਦਾ। ਉਜਾੜ ਵਿਚ ਸਕੂਟਰ ਖੜਾ ਕਰਕੇ ਕਾਠੀ ’ਤੇ ਗਲਾਸ ਰੱਖਦਾ। ਪੈੱਗ ਬਣਾਉਂਦਾ। ਅਮਿਤੋਜ ਦੇ ਹੱਥ ਵਿਚ ਗਲਾਸ ਫੜਾਉਂਦਿਆਂ ਕਹਿੰਦਾ, “ਲਾ ਹੇਕ...।”

“ਅੱਲਾ ਮੇਰੇ ਬਖਸ਼ੀਂ ਬੋਲ–ਕਬੋਲ। ਮੌਲਾ ਮੇਰੇ ਬਖਸ਼ੀਂ ਬੋਲ–ਕਬੋਲ।”

ਅਮਿਤੋਜ ਉੱਚੀ–ਉੱਚੀ ਗਾਉਣ ਲੱਗ ਪੈਂਦਾ। ਉਹ ਸ਼ਾਂਤੀ ਦੇ ਦਿਨ ਸਨ। ਉੱਥੇ ਦੂਰ ਤੱਕ ਕੋਈ ਸ਼ੋਰ ਨਹੀਂ ਸੀ ਹੁੰਦਾ। ਕੋਈ ਸਿਪਾਹੀ ਨਹੀਂ, ਕੋਈ ਥਾਣੇਦਾਰ ਨਹੀਂ। ਅਗਲੀ ਤੁਕ ਅਸੀਂ ਇਕੱਠੇ ਗਾਉਂਦੇ।

“ਰੁੱਸ ਕੇ ਜੋ ਨਾਲ ਮੇਰੇ ਤੁਰ ਗਏ ਨੇ ਯਾਰ ਮੇਰੇ, ਪਹੁੰਚੇ ਤਾਂ ਨਹੀਂ ਉਹ ਤੇਰੇ ਕੋਲ। ਅੱਲਾ ਮੇਰੇ...।”

ਅਮਿਤੋਜ ਇਹ ਗਾਉਂਦਾ ਬਿਲਕੁੱਲ ਫ਼ਕੀਰ ਲੱਗਦਾ ਸੀ। ਮੌਤ ਬਾਰੇ ਉਸ ਦਾ ਸੰਕਲਪ ਫ਼ਰੀਦ ਤੇ ਸ਼ਿਵ ਵਾਲਾ ਸੀ।

ਉਹ ਬਹੁਤ ਉਦਾਸ ਵਿਅਕਤੀ ਸੀ। ਉਹ ਕਹਿੰਦਾ “ਚੰਡੀਗੜ੍ਹ ਇਕ ਉਦਾਸ ਸ਼ਹਿਰ ਹੈ। ਇਹਦੀਆਂ ਸੜਕਾਂ ਬਿਲਡਿੰਗਾਂ ਤੇ ਰੌਸ਼ਨੀਆਂ ਸਭ ਉਦਾਸ ਹਨ।”

“ਤੇ ਯੂਨੀਵਰਸਿਟੀਆਂ?” ਮੈਂ ਪੁੱਛਦਾ।

“ਇਹਦੀ ਰੌਣਕ ਉਦਾਸ ਕਰਦੀ ਹੈ।” ਸ਼ਾਇਦ ਇਸੇ ਲਈ ਉਹ ਦਿਨੇਂ ਬਹੁਤ ਘੱਟ ਬਾਹਰ ਨਿਕਲਦਾ। ਕਮਰੇ ਵਿਚ ਸੁੱਤਾ ਰਹਿੰਦਾ। ਡਾ. ਵੀ.ਐਨ. ਤਿਵਾੜੀ ਨੂੰ ਉਸ ਦੀ ਤਲਬ ਉੱਠਦੀ ਤਾਂ ਉਹ ਸੇਵਾਦਾਰ ਨੂੰ ਹੋਸਟਲ ਭੇਜਦਾ। ਅਮਿਤੋਜ ਸੇਵਾਦਾਰ ਨੂੰ ਪੰਜ ਰੁਪਏ ਰਿਸ਼ਵਤ ਦੇ ਦਿੰਦਾ। ਉਹ ਜਾ ਕੇ ਦੱਸਦਾ ਕਿ ਅਮਿਤੋਜ ਦੇ ਕਮਰੇ ਨੂੰ ਬਾਹਰੋਂ ਜਿੰਦਰਾ ਵੱਜਾ ਹੋਇਆ ਹੈ। ਬੜੀ ਦੇਰ ਬਾਅਦ ਤਿਵਾੜੀ ਸਾਹਿਬ ਨੂੰ ਪਤਾ ਲੱਗਾ ਕਿ ਬਾਹਰੋਂ ਜਿੰਦਰਾ ਕੋਈ ਦੋਸਤ ਲਾ ਦਿੰਦਾ ਸੀ ਜਾਂ ਫਿਰ ਮੈੱਸ ਦਾ ਨੌਕਰ, ਸੁੱਚਾ। ਸੁੱਚਾ ਉਸ ਦਾ ਬੜਾ ਖਿਆਲ ਰੱਖਦਾ ਹੈ। ਜਦੋਂ ਪਿੰਡੋਂ ਅਸ਼ੋਕ (ਅਮਿਤੋਜ ਦਾ ਛੋਟਾ ਭਰਾ) ਪੈਸੇ ਪੁੱਜਦੇ ਕਰਨ ਵਿਚ ਲੇਟ ਹੋ ਜਾਂਦਾ ਤਾਂ ਅਮਿਤੋਜ ਸੁੱਚੇ ਤੋਂ ਪੈਸੇ ਉਧਾਰ ਲੈ ਲੈਂਦਾ। ਜੇ ਉਧਾਰ ਦੋ ਸੌ ਰੁਪਏ ਹੁੰਦਾ ਤਾਂ ਉਹ ਢਾਈ ਸੌ ਵਾਪਸ ਕਰਦਾ। ਪੈਸੇ ਦੇ ਮਾਮਲੇ ਵਿਚ ਉਹ ਬੜਾ ਫਰਾਖ ਦਿਲ ਸੀ।

ਤਿਵਾੜੀ ਉਸ ਨੂੰ ਆਪਣਾ ਪੁੱਤਰ ਕਹਿੰਦਾ ਸੀ। ਉਸ ’ਤੇ ਬੜਾ ਮਾਣ ਕਰਦਾ ਸੀ। ਤਿਵਾੜੀ ਸਾਹਿਬ ਨੂੰ ਪਤਾ ਹੁੰਦਾ ਸੀ ਅਮਿਤੋਜ ਝੂਠ ਬੋਲਦਾ ਹੈ, ਬਹਾਨੇ ਬਣਾਉਂਦਾ ਹੈ, ਕਰਦਾ ਕੁਝ ਹੈ, ਆਉਂਦਾ ਕਿਤਿਓਂ ਹੋਰ ਹੈ, ਦਸਦਾ ਕਿਤਿਓਂ ਹੋਰ ਹੈ। ਫਿਰ ਵੀ ਤਿਵਾੜੀ ਸਾਹਿਬ ਗੁੱਸਾ ਨਹੀਂ ਕਰਦੇ ਸਨ। ਉਹ ਸ਼ੁੱਧ ਸ਼ਾਕਾਹਾਰੀ ਸਨ। ਇਕ ਵਾਰ ਡਾ. ਕੰਵਰ ਪੰਜਾਬੀ ਦੇ ਇਕ ਖੋਜ ਵਿਦਿਆਰਥੀ ਦਾ ਵਾਈਵਾ ਲੈਣ ਆਏ ਨੇ ਦੁਪਹਿਰੇ ਹੀ ਸ਼ਰਾਬ ਪੀ ਲਈ। ਡਾ. ਤਿਵਾੜੀ

ਨੂੰ ਪਤਾ ਲੱਗ ਗਿਆ। ਉਹ ਡਾ. ਕੰਵਰ ਨੂੰ ਤਾਂ ਕੁਝ ਕਹਿ ਨਹੀਂ ਸਨ ਸਕਦੇ। ਖੋਜ ਵਿਦਿਆਰਥੀ ਨੂੰ ਉਨ੍ਹਾਂ ਦਫ਼ਤਰ ਵਿਚ ਤਲਬ ਕਰ ਲਿਆ। ਕੁਦਰਤੀ ਮੈਂ ਉਥੇ ਬੈਠਾ ਸੀ। ਤਿਵਾੜੀ ਸਾਹਿਬ ਮੈਨੂੰ ਸਿੱਖਿਆ ਦੇ ਰਹੇ ਸਨ, "ਤੇਰੀ ਇਸ ਕਿਤਾਬ ਦੀਆਂ ਕਵਿਤਾਵਾਂ ਵਲਗਰ ਹਨ। ਤੂੰ ਗਾਰਗੀ ਵਾਂਗ ਸੈਕਸ ਵੇਚਣ ਲੱਗ ਪਿਆ ਹੈਂ। ਰੇਪ, ਸੁਸਾਇਟੀ ਗਰਲ, ਕਾਲ ਗਰਲ, ਪੇਸ਼ਾਵਾਰ ਔਰਤ ਇਹ ਵੀ ਕੋਈ ਟਾਈਟਲ ਹੋਏ। ਇਨ੍ਹਾਂ ਕਵਿਤਾਵਾਂ ਨੂੰ ਕੱਢ ਕੇ ਦੁਬਾਰਾ ਕਿਤਾਬ ਛਪਵਾ...।" ਉਨ੍ਹਾਂ ਨੇ ਅਜੇ ਹੋਰ ਬਹੁਤ ਕੁਝ ਕਹਿਣਾ ਸੀ ਕਿ ਖੋਜ ਵਿਦਿਆਰਥੀ ਅੰਦਰ ਆਇਆ। ਤਿਵਾੜੀ ਸਾਹਿਬ ਇਕਦਮ ਭੜਕ ਪਏ।

"ਪਿਲਾਓ ਸ਼ਰਾਬਾਂ ਦਿੱਲੀ ਵਾਲਿਆਂ ਨੂੰ। ਦਿਓ ਆਪਣੀਆਂ ਧੀਆਂ ਭੈਣਾਂ... ਲਓ ਪੀ ਐੱਚ ਡੀਆਂ...ਡੋਬ ਦਿਓ ਡਾ. ਤਿਵਾੜੀ ਦਾ ਨਾਂਅ ਸੁਖਨਾ ਝੀਲ ਵਿਚ ਸ਼ਰਮ ਕਰੋ...ਸ਼ਰਮ ਕਰੋ।"

ਡਾ. ਤਿਵਾੜੀ ਗੁੱਸੇ ਵਿਚ ਕੰਬ ਰਹੇ ਸਨ ਤੇ ਖੋਜ ਵਿਦਿਆਰਥੀ ਡਰ ਨਾਲ।

"ਗੈੱਟ ਆਉਟ" ਡਾ. ਤਿਵਾੜੀ ਦਹਾੜੇ।

ਖੋਜ ਵਿਦਿਆਰਥੀ ਵਾਪਸ ਮੁੜ ਕੇ ਦਰਵਾਜ਼ੇ ਵਿਚ ਪਹੁੰਚਿਆ ਸੀ ਕਿ ਡਾ. ਤਿਵਾੜੀ ਫਿਰ ਗਰਜੇ? "ਕਮ ਬੈਕ!"

ਖੋਜ ਵਿਦਿਆਰਥੀ ਅਬਾਊਟ ਟਰਨ ਹੋ ਗਿਆ ਤੇ ਹੱਥ ਜੋੜ ਕੇ ਖਲੋ ਗਿਆ।

"ਹੋਰ ਕੌਣ ਕੌਣ ਸਨ ਮਹਿਫ਼ਲੇ ਮੈਅ ਵਿਚ।" ਉਨ੍ਹਾਂ ਪੁੱਛਿਆ।

"ਜੀ...ਅਮਿਤੋਜ...ਨਾਲੇ...." ਖੋਜ ਵਿਦਿਆਰਥੀ ਦੱਸਣ ਲੱਗਾ।

"ਚੱਲ ਦਫ਼ਾ ਹੋ।" ਤਿਵਾੜੀ ਸਾਹਿਬ ਦਾ ਗੁੱਸਾ ਕਾਫ਼ੂਰ ਹੋ ਗਿਆ।

ਅਮਿਤੋਜ ਦੀ ਕੋਈ ਵੀ ਹਰਕਤ ਉਨ੍ਹਾਂ ਨੂੰ ਗ਼ਲਤ ਨਹੀਂ ਸੀ ਲੱਗਦੀ। ਫਿਰ ਉਨ੍ਹਾਂ ਅਮਿਤੋਜ ਨੂੰ ਡੀਪਾਰਟਮੈਂਟ ਵਿਚ ਲੈਕਚਰਾਰ ਰੱਖ ਲਿਆ। ਸਵੇਰੇ ਸਵੇਰੇ ਉੱਠ ਕੇ ਤਿਆਰ ਹੋਣਾ, ਫਿਰ ਨੌਂ ਵਜੇ ਜਾ ਕੇ ਪੀਰਡ ਲਾਉਣਾ। ਇਹ ਅਮਿਤੋਜ ਦੇ ਸੁਭਾਅ ਵਿਚ ਨਹੀਂ ਸੀ। ਉਹ ਤਿੰਨ ਚਾਰ ਦਿਨ ਤਾਂ ਬੜਾ ਬਣ ਠਣ ਕੇ ਪੀਰਡ ਪੜ੍ਹਾਉਣ ਜਾਂਦਾ ਰਿਹਾ। ਇਕ ਸ਼ਾਮ ਦਾਰੂ ਪੀ ਕੇ ਨਾ ਪੜ੍ਹਾਉਣ ਦਾ ਐਸਾ ਬਹਾਨਾ ਘੜਿਆ ਕਿ ਵਿਕਲ ਕਹਿਣ ਲੱਗਾ, "ਮੈਂ ਲੱਗਭਗ ਤੁਮਾਰੀ ਬਾਤ ਸੇ ਸਹਿਮਤ ਹੂੰ, ਜੋ ਤਰਕ ਤੁਮ ਨੇ ਦੀਆ ਹੈ, ਵੋਹ ਮੁਝੇ ਜਚ ਗਿਆ ਹੈ। ਦੇਖੋ, ਮੈਂ ਕੋਈ ਕਲਰਕੀ ਕਰਨੇ ਕੇ ਲੀਏ ਪੈਦਾ ਤੋਂ ਨਹੀਂ ਨਾ ਹੂਆ। ਫਿਰ ਵੀ ਕਲਰਕ ਹੂੰ, ਪਾਪੀ ਪੇਟ ਕੀ ਖਾਤਰ...ਲੇਕਿਨ ਮੈਂ ਵਹਾਂ ਕੋਈ ਕਾਮ ਨਹੀਂ ਕਰਤਾ, ਮੇਰੇ ਸਾਥ ਵਾਲੇ ਕਲਰਕ ਹੀ ਕਰਤੇ ਹੈਂ ਮੇਰਾ ਕਾਮ। ਤੁਮ ਭੀ ਮਤ ਪੜ੍ਹਾਓ...।" ਬਹਾਨਾ ਇਹ ਸੀ ਕਿ ਜੋ ਲੇਖਕ ਅਮਿਤੋਜ ਨੂੰ ਪਸੰਦ ਹੀ ਨਹੀਂ, ਉਹ ਸਿਲੇਬਸ ਵਿਚ ਲੱਗੇ ਹੋਏ ਹਨ। ਸਿਲੇਬਸ, ਜੋੜ-ਤੋੜ ਕਰਕੇ ਬਣਾਇਆ ਗਿਆ ਹੈ, ਇਸ ਲਈ ਕਿਉਂ ਪੜ੍ਹਾਇਆ ਜਾਵੇ। ਜੇ ਪੜ੍ਹਾਉਣਾ ਨਹੀਂ ਤਾਂ ਫਿਰ ਤਨਖਾਹ ਲੈਣਾ ਵੀ ਠੀਕ ਨਹੀਂ। ਸੋ ਕੀ ਕੀਤਾ ਜਾਵੇ? ਫੈਸਲਾ ਹੋਇਆ ਕਿ ਲੋਕਨਾਥ ਪੀਰੀਅਡ ਪੜ੍ਹਾਇਆ ਕਰੇਗਾ। ਲੋਕਨਾਥ ਇਕਦਮ ਮੰਨ ਗਿਆ।

"ਅਸੀਂ ਬ੍ਰਾਹਮਣ ਹੁਨੇ ਆਂ। ਸਦੀਆਂ ਤੋਂ ਗਿਆਨ ਦਿੰਦੇ ਆਂ।" ਲੋਕੀਂ ਖੁਸ਼ ਸੀ। ਸੱਚਮੁੱਚ ਉਹ ਬੜਾ ਉੱਚ ਕੋਟੀ ਦਾ ਟੀਚਰ ਸਾਬਤ ਹੋਇਆ। ਪੜ੍ਹਾਉਂਦਾ ਲੋਕੀਂ ਰਿਹਾ। ਤਨਖਾਹ ਅਮਿਤੋਜ ਲੈਂਦਾ ਰਿਹਾ। ਦਾਰੂ ਯਾਰ-ਦੋਸਤ ਪੀਂਦੇ ਰਹੇ।

ਅਮਿਤੋਜ ਡਾ. ਤਿਵਾੜੀ ਦੀ ਨਾਲ ਵਾਲੀ ਸੀਟ 'ਤੇ ਬੈਠਦਾ। ਤਿਵਾੜੀ ਸਾਹਿਬ ਆਪ ਕਾਰ ਚਲਾਉਂਦੇ। ਪਿਛਲੀਆਂ ਸੀਟਾਂ 'ਤੇ ਬੈਠਣ ਵਾਲੇ ਕਵੀ, ਸਾਹਿਤਕਾਰ ਬਦਲਦੇ ਰਹਿੰਦੇ। ਇਕ ਦਿਨ ਸੇਖੋਂ ਸਾਹਿਬ, ਮੈਂ ਤੇ ਅਮਿਤੋਜ ਨੇ ਕਿਸੇ ਫੰਕਸ਼ਨ ਉੱਤੇ ਜਾਣਾ ਸੀ। ਸੇਖੋਂ ਸਾਹਿਬ ਤਿਵਾੜੀ ਸਾਹਿਬ ਦੇ ਨਾਲ ਵਾਲੀ ਸੀਟ 'ਤੇ ਬੈਠਣ ਲਈ ਦਰਵਾਜ਼ਾ ਖੋਲ੍ਹਣ ਲੱਗੇ। ਤਿਵਾੜੀ ਸਾਹਿਬ ਇਕਦਮ ਜਿਵੇਂ ਮੌਕਾ ਸੰਭਾਲਣਾ ਹੁੰਦਾ ਹੈ, ਡਰਾਈਵਿੰਗ ਸੀਟ ਤੋਂ ਉੱਤਰ ਕੇ, ਪਿਛਲੇ ਦਰਵਾਜ਼ਾ ਖੋਲ੍ਹ ਕੇ ਬੋਲੇ, "ਸੇਖੋਂ ਸਾਹਿਬ ਤੁਸੀਂ ਪੰਜਾਬੀ ਦੀ ਸਭ ਤੋਂ ਅਜ਼ੀਮ ਸ਼ਖ਼ਸੀਅਤ। ਸਾਡੇ ਮਾਲਕ, ਤੁਸੀਂ ਅਗਲੀ ਸੀਟ 'ਤੇ ਬੈਠੋਗੇ? ਮਾਲਕ ਹਮੇਸ਼ਾ ਪਿਛਲੀ ਸੀਟ 'ਤੇ ਬੈਠਦੇ ਹਨ। ਮੈਂ ਤੇ ਸੇਖੋਂ ਸਾਹਿਬ ਪਿਛਲੀ ਸੀਟ 'ਤੇ ਬੈਠ ਗਏ ਤੇ ਅਮਿਤੋਜ ਡਾ. ਤਿਵਾੜੀ ਦੇ ਨਾਲ। ਇਕ ਦਿਨ ਸ਼ਾਮ ਨੂੰ ਸੁਖਨਾ ਝੀਲ ਵੱਲ ਜਾਂਦਿਆਂ ਮੈਂ ਪੁੱਛ ਹੀ ਲਿਆ, "ਤਿਵਾੜੀ ਸਾਹਿਬ ਤੁਸੀਂ ਅਮਿਤੋਜ ਨੂੰ ਹੀ ਨਾਲ ਕਿਉਂ ਬਿਠਾਉਂਦੇ ਹੋ, ਇਸ ਪਿੱਛੇ ਕੀ ਰਾਜ਼ ਹੈ? ਇਹ ਸੀਟ ਅਮਿਤੋਜ ਨੇ ਅਰਨ ਕੀਤੀ ਹੋਈ ਹੈ।" ਡਾ. ਤਿਵਾੜੀ ਦੀ ਛਾਤੀ ਹੋਰ ਚੌੜੀ ਹੋ ਗਈ ਲੱਗਦੀ ਸੀ। ਇਹ ਮੈਂ ਕਹਿ ਨਹੀਂ ਸਕਦਾ ਸੀ ਕਿ ਇਹ ਅਮਿਤੋਜ ਪ੍ਰਤੀ ਡਾ. ਤਿਵਾੜੀ ਦਾ ਮੋਹ ਸੀ ਜਾਂ ਅਮਿਤੋਜ ਦੀ ਡਾ. ਤਿਵਾੜੀ ਪ੍ਰਤੀ ਸ਼ਰਧਾ। ਡਾ. ਤਿਵਾੜੀ ਨਾ ਰਹੇ। ਅਮਿਤੋਜ ਫਿਰ ਪੰਜਾਬੀ ਡਿਪਾਰਟਮੈਂਟ ਨਹੀਂ ਗਿਆ।

"ਹੁਣ ਮੈਂ ਇਸ ਸ਼ਹਿਰ ਵਿਚ ਨਹੀਂ ਰਹਿ ਸਕਦਾ।" ਪਰ ਉਹ ਫਿਰ ਵੀ ਬੜੀ ਦੇਰ ਉੱਤੇ ਰਹਿੰਦਾ ਰਿਹਾ। ਆਪਣੇ ਫਲੈਟ ਵਿਚ। "ਮੈਨੂੰ ਲੱਗਦਾ ਹੈ ਮੈਂ ਕਿਸੇ ਦਿਨ ਖ਼ੁਦਕੁਸ਼ੀ ਕਰ ਲਵਾਂਗਾ।" ਪਰ ਉਸ ਨੇ ਅਜਿਹਾ ਵੀ ਨਾ ਕੀਤਾ। ਸ਼ੁਕੀਨ ਦੀ ਮੌਤ ਤੋਂ ਬਾਅਦ ਤਾਂ ਉਹ ਜਮਾਂ ਈ ਟੁੱਟ ਗਿਆ। "ਖਾਣ ਨੂੰ ਆਉਂਦਾ ਹੈ ਇਹ ਸ਼ਹਿਰ ਹੁਣ।" ਕਈ ਵਾਰ ਸਵੇਰੇ ਹੀ ਉਠ ਠੇਕੇ 'ਤੇ ਪਹੁੰਚਿਆ ਹੁੰਦਾ। ਪਹਿਲਾਂ ਵਿਸਕੀ ਜਾਂ ਰਮ ਪੀਤੀ ਜਾਂਦੀ ਜਦ ਪੈਸੇ ਘੱਟ ਹੁੰਦੇ ਤਾਂ ਦੇਸੀ ਵੀ ਚੱਲਦੀ। ਇਹ ਉਹ ਸਮਾਂ ਸੀ ਜਦੋਂ ਉਸ ਨੂੰ ਸ਼ਰਾਬ ਚੜ੍ਹਨ ਲੱਗ ਪਈ ਸੀ।

ਇਕ ਸਰਦ ਰਾਤ ਤੇਜ਼ ਪੈਂਦੇ ਮੀਂਹ ਵਿਚ ਭਿੱਜਦਾ ਉਹ ਮੇਰੇ ਕਮਰੇ ਵਿਚ ਆਇਆ। ਰੱਜਿਆ ਹੋਇਆ। ਲੜਖੜਾਉਂਦਾ ਹੋਇਆ। ਹੱਥ ਵਿਚ ਬਰਫ਼ੀ ਦਾ ਡੱਬਾ..."ਬਰਫ਼ੀ ਖਾਹ" ਕਹਿਣ ਲੱਗਾ। "ਤੈਨੂੰ ਪਤਾ ਈ ਐ ਮੈਂ ਮਿੱਠਾ ਨਹੀਂ ਖਾਂਦਾ।" ਮੇਰੀ ਸਵੀਟ ਡਿੱਸ਼ ਹਮੇਸ਼ਾ ਲੋਕੀ ਖਾਂਦਾ ਹੁੰਦਾ ਸੀ। ਮੈਨੂੰ ਵਹਿਮ ਸੀ ਕਿ ਮੈਨੂੰ ਸ਼ੂਗਰ ਹੈ। ਦਰਅਸਲ ਮੇਰਾ ਜ਼ਖਮ ਛੇਤੀ ਠੀਕ ਨਹੀਂ ਸੀ ਹੁੰਦਾ, ਇਸ ਲਈ ਬਿਨਾਂ ਚੈੱਕ ਹੀ ਮੈਂ ਆਪਣੇ ਆਪ ਨੂੰ ਸ਼ੂਗਰ ਦਾ ਮਰੀਜ਼ ਸਮਝਦਾ ਸੀ। "ਮੇਰੇ ਲਈ ਪਰਾਉਂਠੇ ਲਿਆ।" ਉਸ ਨੂੰ ਬੜੀ ਭੁੱਖ ਲੱਗੀ ਹੋਈ ਸੀ। ਰਾਤ ਦੇ ਬਾਰਾਂ ਵਜੇ ਪਰਾਉਂਠੇ ਕਿੱਥੇ ਮਿਲਣੇ ਸਨ। ਮੇਰੇ ਕੋਲ ਥੋੜ੍ਹੀ ਜਿਹੀ ਵਿਸਕੀ ਬਚੀ ਪਈ ਸੀ। "ਇਹ ਪੀ ਮੈਂ ਕੁਝ ਕਰਦਾਂ।" ਮੈਂ ਲੋਕਨਾਥ ਕੋਲ ਗਿਆ, ਵੈਦ ਕੋਲ ਗਿਆ, ਅਨਿਲ ਬਹਾਦਰ ਕੋਲ ਗਿਆ, ਭੱਲੇ ਕੋਲ ਗਿਆ। ਬਿਸਕੁਟਾਂ ਦੇ ਦੋ ਪੈਕਟ ਹੀ ਮਿਲੇ। ਉਹ ਦੋਵੇਂ ਪੈਕਟ ਖਾ ਗਿਆ। ਬਰਫ਼ੀ ਦਾ ਸਾਰਾ ਡੱਬਾ ਵੀ ਖਾ ਗਿਆ। "ਇਹ ਬਰਫ਼ੀ ਕਿੱਥੋਂ ਲਿਆਇਆ ਸੀ?" ਮੈਂ ਪੁੱਛਿਆ। "ਮੈਂ ਉਹਦੀ ਬੇਟੀ ਲਈ ਖਰੀਦੀ ਸੀ।", "ਕਿਹਦੀ ਬੇਟੀ ਲਈ?", "ਜਿਹਨੇ ਮੈਨੂੰ ਘਰੋਂ ਕੱਢ ਦਿੱਤਾ। ਬੜੀ ਸੈਲਫਿਸ਼ ਔਰਤ ਹੈ" ਇਕ ਇਕ ਕਰਕੇ ਚੰਡੀਗੜ੍ਹ ਦੇ ਘਰਾਂ ਦੇ ਦਰਵਾਜ਼ੇ ਉਸ ਲਈ ਬੰਦ ਹੋਣੇ ਸ਼ੁਰੂ ਹੋ ਗਏ। ਫਿਰ ਉਹ ਕਿਉਂ ਰਹਿੰਦਾ ਉਸ ਸ਼ਹਿਰ ਵਿਚ। ਉਸ ਨੂੰ ਹੁਣ ਇਹ ਸ਼ਹਿਰ ਇਕ ਪਲ ਵੀ ਖੁਸ਼ੀ ਨਹੀਂ ਸੀ ਦੇ ਸਕਦਾ ਤੇ ਉਸ ਨੇ ਇਹ ਉਦਾਸ ਸ਼ਹਿਰ ਛੱਡ ਦਿੱਤਾ।

ਮੈਨੂੰ ਪਹਿਲੀ ਵਾਰ ਉਸ ਰਾਤ ਮਹਿਸੂਸ ਹੋਇਆ ਕਿ ਅਮਿਤੋਜ ਦਾ ਘਰ ਹੋਣਾ ਚਾਹੀਦਾ ਹੈ। ਚੰਡੀਗੜ੍ਹ ਦੀਆਂ ਤਿਤਲੀਆਂ, ਰੌਣਕਾਂ, ਸਟੂਡੈਂਟਸ ਸੈਂਟਰ, ਪ੍ਰੈੱਸ ਕਲੱਬਾਂ, ਮਹਿਫ਼ਲਾਂ, ਕੰਸਰਟਾਂ, ਹੁਣ ਇਸ ਨੂੰ ਸਾਂਭ ਨਹੀਂ ਸਕਦੀਆਂ। ਸਰੀਰ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਇਕ ਸ਼ੁੱਧ ਹਿੰਦੁਸਤਾਨੀ ਪਤਨੀ ਚਾਹੀਦੀ ਹੈ ਇਸ ਨੂੰ। ਉਹ ਮੇਰੇ ਮੰਜੇ ’ਤੇ ਸੌਂ ਚੁੱਕਾ ਸੀ। ਉਸ ਦੇ ਵਿਆਹ ਦੀ ਕਲਪਨਾ ਕਰਦਾ ਕਰਦਾ ਪਤਾ ਨਹੀਂ ਕਦੋਂ ਸੁੱਤਾ। ਸਵੇਰੇ ਉੱਠਿਆ। ਉਹ ਕਮਰੇ ਵਿਚ ਨਹੀਂ ਸੀ। ਫੇਰ ਉਹ ਬੜੀ ਦੇਰ ਨਜ਼ਰ ਨਾ ਆਇਆ। ਇਨ੍ਹਾਂ ਹੀ ਦਿਨਾਂ ਵਿਚ ਮੇਰਾ ਯਕੀਨ ਬਣਨ ਲੱਗ ਪਿਆ। ਚੰਡੀਗੜ੍ਹ ਸੱਚਮੁੱਚ ਇਕ ਉਦਾਸ ਸ਼ਹਿਰ ਹੈ। ਤਨੋਂ, ਮਨੋਂ, ਦਿਲੋਂ ਤੇ ਆਤਮਾ ਤੋਂ। ਚੰਡੀਗੜ੍ਹ ਇਕ ਉਦਾਸ ਸ਼ਹਿਰ ਹੈ। ਫਿਰ ਮੈਂ ਵੀ ਇਹ ਸ਼ਹਿਰ ਛੱਡ ਦਿੱਤਾ। ਹੁਣ ਜਦੋਂ ਕੋਈ ਆਪਣਾ ਕਹਿੰਦਾ ਹੈ। “ਛੱਡ ਇਸ ਪਿੰਡ ਵਰਗੇ ਸ਼ਹਿਰ ਹੁਸ਼ਿਆਰਪੁਰ ਨੂੰ। ਚੰਡੀਗੜ੍ਹ ਚਲਾ ਜਾਹ। ਉੱਥੇ ਘਰ ਬਣਾ ਲੈ।” ਮੈਨੂੰ ਡਰ ਲੱਗਣ ਲੱਗ ਪੈਂਦਾ ਹੈ। ਅਮਿਤੋਜ ਦੇ ਸ਼ਬਦ ਮੂੰਹ ’ਤੇ ਆਪ ਮੁਹਾਰੇ ਆ ਜਾਂਦੇ ਹਨ। “ਚੰਡੀਗੜ੍ਹ ਇਕ ਉਦਾਸ ਸ਼ਹਿਰ ਹੈ।”

ਉਸ ਦੇ ਵਿਆਹ ਬਾਰੇ ਪਤਾ ਨਹੀਂ ਕਿਉਂ ਕੋਈ ਵੀ ਦੋਸਤ ਅਪਟੀਮਿਸਟਿਕ ਨਹੀਂ ਸੀ। ਹਰ ਕੋਈ ਕਹਿੰਦਾ, “ਇਹਨੇ ਕਿੱਥੇ ਵਿਆਹ ਕਰਵਾਉਣੈ। ਬਸ ਭੀੜੀ ਗਲੀ ਨਿਕਲ ਜਾਣੈ।” ਪਰ ਮੈਨੂੰ ਉਲਟਾ ਇਹ ਲੱਗਦਾ ਸੀ ਕਿ ਅਮਿਤੋਜ ਦਾ ਵਿਆਹ ਹੋ ਹੀ ਜਾਣਾ ਚਾਹੀਦੈ।

“ਤੈਨੂੰ ਵਿਆਹ ਕਰਵਾ ਲੈਣਾ ਚਾਹੀਦੈ।” ਮੈਂ ਕਿਹਾ।

“ਕੀਹਦੇ ਨਾਲ?” ਉਸ ਨੇ ਮਜ਼ਾਕ ਵਿਚ ਟਾਹਣਾ ਚਾਹਿਆ।

“ਥੋੜ੍ਹੀਆਂ ਨੇ, ਜੀਹਦਾ ਮਰਜ਼ੀ ਹੱਥ ਫੜ ਲੈ। ਕੋਈ ਨਾਂਹ ਨਹੀਂ ਕਰਨ ਲੱਗੀ। ਭਰਿਆ ਪਿਆ ਚੰਡੀਗੜ੍ਹ। ਇਕ ਤੋਂ ਇਕ ਸੁਹਣੀ, ਇਕ ਤੋਂ ਇਕ ਜਵਾਨ। ਚੱਲ ਉਹਦੇ ਨਾਲ ਹੀ ਕਰਵਾ ਲੈ।” ਮੈਂ ਉਸ ਦੀ ਇਕ ਦੋਸਤ ਦਾ ਨਾਂ ਲੈ ਕੇ ਕਿਹਾ।

ਉਹ ਉੱਚੀ ਉੱਚੀ ਹੱਸਣ ਲੱਗ ਪਿਆ।

“ਉਹਦੇ ਨਾਲ ਤਾਂ ਬਿਲਕੁਲ ਨਹੀਂ ਹੋ ਸਕਦਾ।” ਉਹ ਬੋਲਿਆ।

“ਕਿਉਂ ਕੀ ਕਮੀ ਐ ਉਸ ਵਿਚ?”ਮੈਂ ਪੁੱਛਿਆ।

“ਉਹ ਰਾਧਾ ਸੁਆਮਣ ਹੋ ਗਈ ਹੈ।” ਕਹਿਣ ਲੱਗਾ।

ਇਸ ਗੱਲ ’ਤੇ ਹਾਸਾ ਤਾਂ ਮੈਨੂੰ ਵੀ ਬਹੁਤ ਆਇਆ, ਪਰ ਮੈਂ ਫਿਰ ਵੀ ਆੜਿਆ ਰਿਹਾ।

“ਭਾਵੇਂ ਕਿਸੇ ਭੂਤਨੀ ਨਾਲ ਕਰਵਾ ਲੈ, ਭਾਵੇਂ ਚੁੜੇਲ ਨਾਲ, ਭਾਵੇਂ ਪਰੀ ਨਾਲ, ਪਰ ਕਰਵਾ ਲੈ। ਤੈਨੂੰ ਲੋੜ ਐ ਘਰ ਦੀ ਤੇ ਘਰ ਪਤਨੀ ਨਾਲ ਈ ਹੁੰਦੈ। ਰਾਧਾ ਸੁਆਮਣ ਸਾਰੀਆਂ ਹੁੰਦੀਆਂ ਹਨ, ਸਗੋਂ ਤੇਰੇ ਉੱਤੇ ਵੀ ਕੰਟਰੋਲ ਰੱਖੇਗੀ। ਇਕ ਰੁਟੀਨ ਹੋਵੇਗੀ। ਸਵੇਰੇ ਨ੍ਹਾ ਧੋ ਕੇ ਅਖ਼ਬਾਰ ਪੜ੍ਹੋ। ਪਤਨੀ ਬਰੇਕਫਾਸਟ ਲੈ ਕੇ ਆਵੇਗੀ। ਪਿਆਰ ਨਾਲ ਡਾਈਨਿੰਗ ਟੇਬਲ ’ਤੇ ਰੱਖੇਗੀ...।”

“ਬੱਸ...ਐਵੇਂ ਨਾ ਇਮੈਜੀਨੇਟਿਵ ਗੱਲਾਂ ਕਰ...। ਇਹ ਕੰਮ ਤਾਂ ਸੁੱਚਾ ਵੀ ਕਰਦਾ ਹੈ।” ਉਸ ਨੇ ਮੈਨੂੰ ਟੋਕ ਦਿੱਤਾ।

“ਪਰ ਸੁੱਚਾ ਨੌਕਰ ਹੈ। ਪਤਨੀ ਨਹੀਂ।” ਮੈਂ ਅਜੇ ਵੀ ਅੜਿਆ ਹੋਇਆ ਸਾਂ।

“ਸੁੱਚੇ ਨੂੰ ਕਹਿ ਦਿੰਦੇ ਹਾਂ ਸਲਵਾਰ ਕਮੀਜ਼ ਪਾ ਕੇ ਬਰੇਕਫ਼ਾਸਟ ਲੈ ਆਇਆ ਕਰੇ।

ਤੁਹਾਡੇ ਡੀਪਾਰਟਮੈਂਟ ਵਿਚ ਵੀ ਤਾਂ ਏਦਾਂ ਹੁੰਦਾ ਹੀ ਹੈ। ਜਦੋਂ ਮੁੰਡੇ ਨੂੰ ਸਾੜ੍ਹੀ ਪੁਆ ਕੇ ਕੰਮ ਸਾਰ ਲੈਂਦੇ ਓ।" ਉਸ ਵਿਚ ਸੈਂਸ ਆਫ ਹਿਊਮਰ ਬਹੁਤ ਜ਼ਿਆਦਾ ਸੀ। ਮੈਂ ਅਜੇ ਵੀ ਅੜਿਆ ਹੋਇਆ ਸਾਂ।

"ਉਹ ਥੀਏਟਰ ਹੈ। ਤੇਰੀ ਜ਼ਿੰਦਗੀ ਦਾ ਸਵਾਲ ਹੈ।"

"ਥੀਏਟਰ ਤੇ ਜ਼ਿੰਦਗੀ ਵਿਚ ਕੀ ਫਰਕ ਐ। ਫਿਰ ਤੂੰ ਜਾਣਦਾ ਈ ਐਂ, ਅਸੀਂ ਕਿਹੜੀ ਅਸਲੀ ਜ਼ਿੰਦਗੀ ਜਿਊਂਦੇ ਹਾਂ। ਸਾਡਾ ਸਭ ਕੁਝ ਨਕਲੀ ਨਹੀਂ? ਇਸ ਸ਼ਹਿਰ ਦੇ ਸਾਰੇ ਲੋਕ ਨਕਲੀ ਜ਼ਿੰਦਗੀ ਜਿਊਂਦੇ ਹਨ।"

"ਇਸ ਸ਼ਹਿਰ ਦੀ ਨਾ ਸਹੀ, ਕਿਸੇ ਪਿੰਡ ਦੀ ਕੁੜੀ ਨਾਲ ਹੀ ਸਹੀ ਵਿਆਹ ਤਾਂ ਕਰਵਾ ਲੈ। ਜੇ ਤੇਰਾ ਪਿਓ ਹੁੰਦਾ ਜਿਊਂਦਾ ਤਾਂ ਉਸ ਨੇ ਜ਼ਬਰਦਸਤੀ ਤੇਰਾ ਵਿਆਹ ਕਰ ਦੇਣਾ ਸੀ।"

"ਵਿਆਹ ਜ਼ਬਰਦਸਤੀ ਨਹੀਂ ਹੁੰਦੇ। ਨਾਲੇ ਤੂੰ ਮੇਰਾ ਪਿਓ ਬਣਨ ਦੀ ਕੋਸ਼ਿਸ਼ ਕਿਉਂ ਕਰ ਰਿਹੈਂ? ਅੱਠ ਸਾਲ ਛੋਟਾ ਏਂ ਮੈਥੋਂ।" ਉਹ ਖਿਝ ਗਿਆ ਸੀ।(ਉਦੋਂ ਮੈਨੂੰ ਇਹ ਸੁਪਨਾ ਵੀ ਨਹੀਂ ਸੀ ਕਿ ਸੱਚਮੁੱਚ ਉਸ ਦੇ ਵਿਆਹ ਵੇਲੇ ਮੈਨੂੰ ਅਰਦਾਸ ਸਮੇਂ ਬਾਪ ਦੀ ਥਾਵੇਂ ਖੜ੍ਹਨਾ ਹੋਵੇਗਾ) "ਤੂੰ ਵਿਆਹਿਆ ਹੋਇਆ ਦਾ ਹਾਲ ਦੇਖ। ਗਾਰਗੀ ਦਾ ਕੀ ਬਣਿਆ? ਓਬਰਾਏ ਦੇ ਚਿਹਰੇ ਦੀ ਉਦਾਸੀ ਪੜ੍ਹੀ ਐ ਕਦੇ। ਜਗਤਾਰ ਭਾਜੀ ਕਿੰਨਾ ਕੁ ਖੁਸ਼ ਨੇ ਵਿਆਹੁਤਾ ਜੀਵਨ ਤੋਂ। ਕੁਮਾਰ ਵਿਕਲ ਦੀ ਬੀਵੀ ਕਿੰਨੀ ਭਲੀ ਲੋਕ ਹੈ, ਫਿਰ ਵੀ ਉਹ ਭਟਕਿਆ ਹੋਇਐ। ਕਮਲ ਤਿਵਾੜੀ ਨੂੰ ਕੀ ਘਾਟਾ ਹੈ ਭਲਾ। ਉਹ ਵੀ ਚੀਕਾਂ ਮਾਰਦਾ ਰਹਿੰਦੈ। ਕੀਹਦੀ ਬੀਵੀ, ਕੀਹਦੇ ਨਾਲ ਫਲਰਟ ਕਰ ਰਹੀ ਹੈ।" ਉਸ ਨੇ ਅਜਿਹੇ ਕਈ ਸਾਹਿਤਕਾਰ ਗਿਣਾਉਂਦੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਦੀਆਂ ਬੀਵੀਆਂ ਉਨ੍ਹਾਂ ਨੂੰ ਕੁੱਟ ਵੀ ਲੈਂਦੀਆਂ ਸਨ।

"ਗੌਤਮ ਨੇ ਠੀਕ ਫੈਸਲਾ ਕੀਤਾ ਹੈ। ਉਸ ਨੇ ਵਿਆਹ ਬਾਰੇ ਸੋਚਣਾ ਵੀ ਨਹੀਂ।" ਉਹ ਬੋਲਿਆ।

"ਉਹ ਨੂੰ ਪਤਾ ਕਿ ਉਹਦਾ ਵਿਆਹ ਹੋਣਾ ਈ ਨਈਂ। ਏਨੇ ਕੰਜੂਸ ਬੰਦੇ ਨਾਲ ਕੌਣ ਕਰਾਏਗੀ। ਵਿਆਹ ਉਤੋਂ ਉਸ ਦੀਆਂ ਫਿਲਾਸਫ਼ੀਆਂ ਕਿਹੜੀ ਸੁਣੇਗੀ? ਉਸ ਨੂੰ ਤਾਂ ਵਿਆਹ ਕਰਾਉਣ ਲਈ ਬੰਗਾਲ ਜਾਣਾ ਪਵੇਗਾ।"

"ਇਸ ਗੱਲੋਂ ਮੈਂ ਦੀਪਕ ਸਾਹਿਬ ਦਾ ਫ਼ੈਨ ਆਂ। ਉਹ ਛੜਿਆ ਦਾ ਸਿਰਤਾਜ ਐ। ਦੇਖ ਲਵੀਂ ਉਸ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਉਣਾ।"

"ਦੀਪਕ ਸਾਹਿਬ ਦਾ ਵੱਸ ਚੱਲੇ ਤਾਂ ਉਹ ਕਿਸੇ ਦਾ ਵੀ ਵਿਆਹ ਨਾ ਹੋਣ ਦੇਣ। ਉਹ ਤਾਂ ਕੁੜੀਆਂ ਨੂੰ ਇਹੀ ਮੱਤਾਂ ਦਿੰਦੇ ਰਹਿੰਦੇ ਹਨ, ਵਿਆਹ ਨਾ ਕਰਵਾਈ...ਵਿਆਹ ਨਾ ਕਰਵਾਈ। ਨਾਲੇ ਉਨ੍ਹਾਂ ਨੂੰ ਹੋ ਸਕਦਾ ਹੈ ਵਿਆਹ ਦੀ ਲੋੜ ਨਾ ਹੋਵੇ, ਪਰ ਤੈਨੂੰ ਹੈ।"

"ਤੂੰ ਕਿੰਨਾ ਕੁ ਖੁਸ਼ ਐ ਵਿਆਹ ਕਰਵਾ ਕੇ?" ਉਸ ਨੇ ਸਿੱਧਾ ਮੈਨੂੰ ਹੀ ਪੁੱਛ ਲਿਆ।

"ਬਹੁਤ ਜ਼ਿਆਦਾ। ਮੇਰੀ ਬੀਵੀ ਬੜੀ ਚੰਗੀ ਹੈ। ਪਤੀਵਰਤਾ ਹਿੰਦੁਸਤਾਨਣ। ਮੇਰੀ ਹਰ ਗੱਲ ਮੰਨਦੀ ਹੈ। ਦਾਰੂ ਪੀਣ ਤੋਂ ਵੀ ਨਹੀਂ ਰੋਕਦੀ। ਮੈਂ ਵੀ ਅਸੂਲ ਬਣਾਇਆ ਹੋਇਐ। ਕਦੇ ਉਸ ਤੋਂ ਗਿਲਾਸ ਨਹੀਂ ਮੰਗਣਾ। ਬੋਤਲ ਨਹੀਂ ਮੰਗਣੀ। ਉਹ ਏਸੇ ਵਿਚ ਹੀ ਖੁਸ਼ ਹੈ। ਉਹ ਨੂੰ ਲੱਗਦਾ ਮੈਂ ਸੈਂਸੀਬਲ ਸ਼ਰਾਬੀ ਹਾਂ। ਨਾਲੇ ਮੈਂ ਉਹਨੂੰ ਕਿਹਾ ਹੋਇਆ ਹੈ ਕਿ ਜਦੋਂ ਮੈਨੂੰ ਲੱਗਾ ਕਿ ਹੁਣ ਸ਼ਰਾਬ ਚੜ੍ਹਨ ਲੱਗ ਪਈ ਹੈ, ਉਦੋਂ ਹੀ ਪੀਣੀ ਛੱਡ ਦਿਆਂਗਾ। ਦੇਖ ਲੈ ਸਰਦੀਆਂ ਅਜੇ ਪੂਰੀ ਤਰ੍ਹਾਂ ਉਤਰੀਆਂ ਨਹੀਂ। ਉਹ ਦੋ ਸੌ ਕਿਲੋਮੀਟਰ ਦਾ ਸਫ਼ਰ ਕਰਕੇ ਰਜ਼ਾਈ ਦੇ ਵੀ ਗਈ ਹੈ। ਇਹੋ

ਜਿਹੇ ਕੰਮ ਮਸ਼ੂਕਾਂ ਨਹੀਂ ਕਰਦੀਆਂ ਹੁੰਦੀਆਂ। ਮੇਰੀ ਗੱਲ ਮੰਨ ਲੈ ਵਿਆਹ ਕਰਵਾ ਲੈ।" ਮੈਂ ਅਜੇ ਵੀ ਆਪਣੀ ਜ਼ਿੱਦ 'ਤੇ ਅੜਿਆ ਹੋਇਆ ਸਾਂ।

"ਦੇਖ ਤੂੰ ਕੀ ਲੈਣਾ-ਦੇਣਾ। ਮੈਂ ਛੜਾ ਰਹਾਂ ਜਾਂ ਵਿਆਹਿਆ ਤੈਨੂੰ ਕੀ..." ਉਹਨੇ ਲੜ ਹੀ ਪੈਣਾ ਸੀ ਕਿ ਲੋਕੀ ਨਮੂਦਾਰ ਹੋ ਗਿਆ।

"ਲੋਕਿਆ! ਖਹਿੜਾ ਛੁਡਾ ਮੇਰਾ ਇਹ ਤੋਂ ਵਿਆਹ-ਵਿਆਹ-ਵਿਆਹ ਤੋਤੇ ਵਾਂਗ ਰਟੀ ਜਾਂਦੈ। ਇਹਦਾ ਆਪਣਾ ਤਾਂ ਬਾਲ-ਵਿਆਹ ਹੋ ਗਿਆ ਸੀ। ਹੁਣ ਚਾਹੁੰਦਾ ਸਾਰੇ ਇਸ ਨਰਕ ਵਿਚ ਫਸ ਜਾਣ।" ਫਿਰ ਮੈਨੂੰ ਕਹਿਣ ਲੱਗਾ, "ਬਹੁਤਾ ਈ ਸ਼ੌਕ ਐ ਵਿਚੋਲਗਿਰੀ ਦਾ ਤਾਂ ਲੋਕੀ ਦਾ ਕਰਵਾ ਦੇ ਵਿਆਹ। ਨਾਲੇ ਘੋੜੀ ਤੇ ਸਿਹਰੇ ਲਾ ਕੇ ਬੈਠਾ ਬ੍ਰਾਹਮਣ ਦੇਖਾਂਗੇ ਕਿਹੋ ਜਿਹਾ ਲੱਗਦਾ ਹੈ।"

ਲੋਕੀ ਅੱਜ ਚਹਿਕਿਆ ਹੋਇਆ ਸੀ। ਬੋਲਿਆ, "ਮੇਰੀ ਵਿਚੋਲਗਿਰੀ ਤਾਂ ਇਹਨੇ ਕਰ ਹੀ ਦਿੱਤੀ ਐ, ਪਰਸੋਂ ਰਾਤੀਂ ਤੂੰ ਦਿੱਲੀ ਗਿਆ ਹੋਇਆ ਸੀ, ਇਸ ਲਈ ਤੈਨੂੰ ਦੱਸ ਨਹੀਂ ਹੋਇਆ। ਅੱਜ ਮੈਨੂੰ ਫੈਲੋਸ਼ਿਪ ਦਾ ਚੈੱਕ ਮਿਲਿਆ। ਮੇਰਾ ਵਿਆਹ ਤਾਂ ਇਹਨੇ ਆਪਣੇ ਵੱਲੋਂ ਪੱਕਾ ਕਰ ਦਿੱਤੈ। ਮੈਂ ਸੁੱਚੇ ਨੂੰ ਭੇਜਿਆ ਹੈ। ਉਹ ਹੁਣੇ ਸੋਲਨ ਦੀ ਬੋਤਲ ਲੈ ਕੇ ਹਾਜ਼ਰ ਹੋ ਰਿਹਾ। ਵਿਕਲ ਨੂੰ ਵੀ ਤਨਖਾਹ ਮਿਲੀ ਹੈ। ਪਹਿਲੀ ਤਰੀਖ ਨੂੰ ਹਮੇਸ਼ਾ ਭਾਬੀ ਮੀਟ ਤੇ ਖੀਰ ਬਣਾਉਂਦੀ ਹੈ। ਮੈਂ ਤੁਹਾਨੂੰ ਲੈਣ ਹੀ ਆਇਆਂ। ਅੱਜ ਓਥੇ ਹੀ ਮਹਿਫਿਲੇ ਮੈਅ ਜੰਮੇਂਗੀ। ਵਿਕਲ ਨੇ ਡੱਡੇ ਨੂੰ (ਵਿਕਲ ਦਾ ਛੋਟਾ ਲੜਕਾ) ਭੇਜ ਹੀ ਦਿੱਤਾ ਹੋਣੈ ਮੀਟ ਲੈਣ।

"ਅੱਜ ਲੋਕੀ ਦਾ ਵਿਆਹ ਫਿਕਸ ਹੋਣ ਦੀ ਪਾਰਟੀ ਹੈ।" ਮੈਂ ਪਹਿਲਾ ਪੈੱਗ ਪਾਉਂਦਿਆਂ ਕਿਹਾ, ਭਾਬੀ ਦੀ ਖੁਸ਼ੀ ਦੀ ਤਾਂ ਹੱਦ ਨਾ ਰਹੀ। "ਅੱਛਾ! ਬੜਾ ਚੰਗਾ ਹੋਇਆ।" ਉਹ ਬੋਲੀ। ਭਾਬੀ ਲੋਕ ਨਾਥ ਦੀ ਹੋਣ ਵਾਲੀ ਵਹੁਟੀ ਨੂੰ ਜਾਣਦੀ ਹੀ ਨਹੀਂ ਸੀ, ਪਿਆਰ ਵੀ ਬਹੁਤ ਕਰਦੀ ਸੀ। ਵਿੰਦਰ ਕਈ ਵਾਰੀ ਭਾਬੀ ਕੋਲ ਰਹਿ ਪੈਂਦੀ। ਉਹ ਕਿਚਨ ਵਿਚ ਉਸ ਨਾਲ ਕੰਮ ਕਰਵਾਉਂਦੀ। "ਕਦੋਂ ਹੋਈ ਗੱਲਬਾਤ?" ਭਾਬੀ ਨੇ ਪੁੱਛਿਆ।

"ਮੁਝੇ ਤੋ ਯੇ ਬਾਤ ਹੀ ਝੂਠ ਲੱਗਤੀ ਹੈ, ਲਗਭਗ....ਮਹਿਜ਼ ਦਾਰੂ ਪੀਨੇ ਕਾ ਬਹਾਨਾ।" ਵਿਕਲ ਨੂੰ ਯਕੀਨ ਨਹੀਂ ਸੀ।

"ਨਹੀਂ ਨਹੀਂ ਬਸ ਗੱਲ ਚੱਲ ਹੀ ਪਈ ਹੈ। ਬੱਸ ਪੱਕੀ ਸਮਝੋ।" ਲੋਕੀ ਬੋਲਿਆ।

"ਇਹ ਜਨਮੀਤ ਦੀ ਕਰਤੂਤ ਹੈ। ਬ੍ਰਾਹਮਣ ਨੂੰ ਫਾਂਸੀ ਚੜ੍ਹਾਉਣ ਦੀ। ਇਹ ਤਾਂ ਮੇਰੇ ਵੀ ਮਗਰ ਪਿਆ ਹੋਇਐ। ਸਿਰ ਖਾ ਲਿਆ ਮੇਰਾ। ਪਹਿਲਾਂ ਵਿਆਹ ਕਰਾਏਗਾ ਫਿਰ ਕਹੇਗਾ 'ਅੱਛਾ ਸ਼ਾਦੀ ਕਰ ਲੀ ਹੈ, ਜਾ ਅਬ ਬੱਚੇ ਪੈਦਾ ਕਰ।' ਮੇਰਾ ਅਜਿਹਾ ਕੋਈ ਇਰਾਦਾ ਨਹੀਂ।" ਅਮਿਤੋਜ ਬੋਲਿਆ।

"ਲਗਭਗ ਇਸ ਬਾਤ ਸੇ ਸਹਿਮਤ ਨਹੀਂ ਹੂੰ ਮੈਂ। ਆਦਮੀ, ਆਦਮੀ ਪਹਿਲੇ ਹੈ ਕਵੀ ਬਾਅਦ ਮੈਂ। ਉਸ ਕੀ ਸ਼ਾਦੀ ਹੋਣੀ ਜ਼ਰੂਰੀ ਹੈ। ਦੇਖੋ ਅਬ ਡੱਡਾ ਮੀਟ ਲੇਨੇ ਗਯਾ ਹੈ। ਦਾਰੂ ਕੀ ਬੋਤਲ ਖ਼ਤਮ ਹੋਤੇ ਹੀ ਦੂਸਰੀ ਲੇਕਰ ਆਏਗਾ। ਬੀਵੀ ਕਿਚਨ ਮੇਂ ਖੀਰ ਬਣਾ ਰਹੀ ਹੈ। ਘਰ ਹੈ ਤੋ ਯੇ ਸਬ ਕੁਛ ਹੈ। ਜਨਮੀਤ ਠੀਕ ਹੈ। ਇਸ ਨੇ ਅੱਛਾ ਕੀਆ ਜੋ ਠੀਕ ਵਕਤ ਪਰ ਸ਼ਾਦੀ ਕਰ ਲੀ।" ਵਿਕਲ ਮੇਰੇ ਹੱਕ ਵਿਚ ਸੀ।

"ਪਰ ਇਹ ਦੋ-ਦੋ ਮਹੀਨੇ ਘਰ ਤਾਂ ਜਾਂਦਾ ਨਹੀਂ। ਇਹਨੂੰ ਕਹਿ ਘਰ ਜਾ ਕੇ ਰਹੇ। ਬੀਵੀ ਕੋਲ। ਟਰੈਕਟਰ ਚਲਾਵੇ। ਖੇਤੀ ਕਰੇ, ਟਰੈਕਟਰ 'ਤੇ ਬੈਠ ਕੇ ਗਾਵੇ। ਮੇਰੇ ਦੇਸ਼ ਕੀ ਧਰਤੀ ਸੋਨਾ

ਉਗਲੇ, ਉਗਲੇ ਹੀਰੇ ਮੋਤੀ....।" ਅਮਿਤੋਜ ਹੁਣ ਮੈਨੂੰ ਤੰਗ ਕਰਨਾ ਚਾਹੁੰਦਾ ਸੀ।

"ਤੂੰ ਵੀ ਤਾਂ ਕਹਿਨੈਂ, ਮੈਂ ਰਹਿਣਾ ਨਹੀਂ ਹੁਣ ਚੰਡੀਗੜ੍ਹ। ਤੇਰੇ ਸਿਆੜ ਵੀ ਤਾਂ ਖੁੱਲ੍ਹੇ ਹਨ। ਟਰੈਕਟਰ ਵੀ ਹੈ। ਨੌਕਰ ਚਾਕਰ ਹਨ। ਘਰ ਵੀ ਹੈ, ਬਸ ਇਕ ਅਦਦ ਬੀਵੀ ਲੈ ਆ। ਲੋਕਨਾਥ ਵੀ ਤਾਂ ਕਰਵਾ ਈ ਰਿਹੈ ਵਿਆਹ।" ਮੈਂ ਅਜੇ ਵੀ ਅੜਿਆ ਹੋਇਆ ਸਾਂ।

"ਲੋਕੀ ਦੀ ਗੱਲ ਕਿਵੇਂ ਸਿਰੇ ਚੜ੍ਹੀ।"

ਬਸ ਮੈਂ ਵਿੰਦਰ ਨੂੰ ਕਿਹਾ, ਆਪਣੇ ਪਿਤਾ ਜੀ ਨੂੰ ਬੁਲਾ ਲੈ ਇਕ ਦਿਨ ਅਤੇ ਲੋਕੀ ਨੂੰ ਵੀ? ਦੋਵੇਂ ਬੁੜ੍ਹੇ ਇਕੱਠੇ ਬਿਠਾ ਦਿੱਤੇ ਆਹਮੋ-ਸਾਹਮਣੇ ਕੁਰਸੀਆਂ 'ਤੇ। ਆਪ ਮੈਂ ਤੇ ਲੋਕੀ ਮੰਜੇ 'ਤੇ ਬੈਠ ਗਏ। ਪਤਾ ਦੋਵਾਂ ਬੁੜ੍ਹਿਆਂ ਨੂੰ ਹੀ ਸੀ ਕਿ ਕੀ ਗੱਲ ਹੋਣੀ ਹੈ, ਪਰ ਬੋਲੇ ਕੋਈ ਵੀ ਨਾ ਮਲਵਈ ਤਾਂ ਜਮਾਂ ਈ ਸਿੱਧਰੇ ਹੁੰਦੇ ਹਨ। ਵਿੰਦਰ ਦਾ ਡੈਡੀ ਲੱਗਾ ਸੰਤਾਲੀ ਦੇ ਵੱਢ-ਟੁੱਕ ਦੀਆਂ ਗੱਲਾਂ ਕਰਨ। ਅਖੇ ਮੁਸਲਮਾਨਾਂ ਨੇ ਸਾਡੀਆਂ ਔਰਤਾਂ ਦੀਆਂ ਛਾਤੀਆਂ ਤਲਵਾਰਾਂ ਨਾਲ ਵੱਢ ਦਿੱਤੀਆਂ। ਖੂਨ ਦੀ ਭਰੀ ਗੱਡੀ ਆਈ। ਗੱਲ ਵਿਆਹ ਦੀ ਕਰਨੀ ਸੀ। ਕਮਰੇ ਵਿਚ ਵੀਭਤਸ ਰਸ ਛਾ ਗਿਆ। ਖ਼ੈਰ ਮੈਂ ਬੜਾ ਮੁਅੱਜਜ਼ ਬਣ ਕੇ ਦੋਵਾਂ ਦੀ ਕਲਾਸ ਫੈਲੋ ਹੋਣ ਦੀ, ਸਮਝਦਾਰ ਹੋਣ ਦੀ, ਭੂਮਿਕਾ ਬਣਾ ਕੇ ਕਹਿ ਹੀ ਦਿੱਤਾ ਕਿ ਦੋਵਾਂ ਦੀ ਸ਼ਾਦੀ ਹੋ ਜਾਵੇ ਤਾਂ ਸਭ ਨੂੰ ਖੁਸ਼ੀ ਹੋਵੇਗੀ। ਵਿੰਦਰ ਦਾ ਪਿਤਾ ਜੱਟ ਕਹਿਣ ਲੱਗਾ, "ਜਦੋਂ ਕਹੋਗੇ ਕਰ ਦੇਵਾਂਗੇ।" ਪਰ ਸਾਹਮਣੇ ਬੈਠੇ ਸਨ ਪੰਡਤ ਦੀਨਾ ਨਾਥ ਜੀ। ਬੜੇ ਹੀ ਵਿਵਦਤਾ ਭਰੇ ਅੰਦਾਜ਼ ਵਿਚ ਮੈਨੂੰ ਮੁਖਾਤਿਬ ਹੋਏ "ਪਰ ਕਾਕਾ ਅਜੇ ਇਹ ਦੋਵੇਂ ਜ਼ੇਰੇਤਾਲੀਮ ਹਨ। ਜਦੋਂ ਬਰਸਰੇ-ਰੁਜ਼ਗਾਰ ਹੋ ਗਏ ਤਾਂ ਸ਼ਾਦੀ ਕਰਾਂਗੇ।"

"ਫੇਰ ਵੀ ਮੇਰਾ ਪਿਓ ਐ।" ਲੋਕ ਨਾਥ ਨੂੰ ਬੜਾ ਮਾਣ ਸੀ ਮਝੈਲ ਬ੍ਰਾਹਮਣ ਮਲਵਈ ਜੱਟ ਤੋਂ ਸਿਆਣੀ ਗੱਲ ਕਰ ਗਿਆ।

"ਪਰ ਤੁਮ ਤੋਂ ਬਰਸਰੇ ਰੁਜ਼ਗਾਰ ਹੋ। ਤੁਮ ਤੋਂ ਕਰਲੋ ਸ਼ਾਦੀ। ਮੈਂ ਨਿਰੂਪਮਾ ਦੀਦੀ ਸੇ ਕਹੂੰਗਾ ਵੁਹ ਤੁਮ ਪਰ ਜ਼ੋਰ ਡਾਲੇ।" ਵਿਕਲ ਗੰਭੀਰ ਸੀ।

"ਮੈਂ ਮਹਿੰਦਰ ਸਿੰਘ ਜੀ ਨੂੰ ਸਕ੍ਰਿਪਟ ਫੜਾ ਕੇ ਆਇਆ। ਉਦੋਂ ਤੱਕ ਡੱਡਾ ਵੀ ਆ ਜਾਵੇਗਾ। ਦੂਸਰੀ ਬੋਤਲ ਲੈ ਕੇ।" ਮਹਿੰਦਰ ਸਿੰਘ ਜੀ ਦਾ ਘਰ ਵਿਕਲ ਦੇ ਘਰ ਤੋਂ 100 ਕੁ ਗਜ਼ ਦੀ ਦੂਰੀ 'ਤੇ ਸੀ। ਅਮਿਤੋਜ ਚਲਾ ਗਿਆ। ਅਸੀਂ ਉਡੀਕਦੇ ਰਹੇ। ਡੱਡੇ ਨੂੰ ਭੇਜਿਆ ਦੇਖ ਕੇ ਆਵੇ। ਕਿਤੇ ਮਹਿੰਦਰ ਜੀ ਸਕ੍ਰਿਪਟ ਸੁਣਾਉਣ ਲੱਗ ਪਿਆ ਹੋਵੇ। ਡੱਡੇ ਨੇ ਵਾਪਸ ਆ ਕੇ ਦੱਸਿਆ ਉਹ ਮਹਿੰਦਰ ਜੀ ਦੇ ਘਰ ਗਿਆ ਹੀ ਨਹੀਂ ਸੀ।

"ਬਸ ਨਿਕਲ ਗਿਆ ਭੀੜੀ ਗਲੀ" ਲੋਕ ਨਾਥ ਬੋਲਿਆ। ਅਮਿਤੋਜ ਵਿਆਹ ਦੀਆਂ ਗੱਲਾਂ ਤੋਂ ਖਿਝ ਗਿਆ ਸੀ ਤੇ ਭੀੜੀ ਗਲੀ ਨਿਕਲ ਗਿਆ ਸੀ। ਉਸ ਦੀ ਖ਼ਾਸੀਅਤ ਸੀ। ਜਦੋਂ ਉਸ ਨੂੰ ਕੋਈ ਗੱਲ ਜਾਂ ਸਿਚੂਏਸ਼ਨ ਚੰਗੀ ਨਹੀਂ ਸੀ ਲੱਗਦੀ, ਉਹ ਲੜਦਾ ਝਗੜਦਾ ਨਹੀਂ ਸੀ। ਬੱਸ ਭੀੜੀ ਗਲੀ ਨਿਕਲ ਜਾਂਦਾ ਸੀ। ਇਸ ਤਰ੍ਹਾਂ ਐਸਕੇਪ ਕਰਨ ਵਿਚ ਉਹ ਮਾਹਰ ਸੀ। ਵਿਆਹ ਤੋਂ ਬੇਹੱਦ ਡਰ ਲੱਗਦਾ ਸੀ ਉਸ ਨੂੰ। ਮੈਨੂੰ ਯਾਦ ਹੈ ਬਰਾਤ ਚੜ੍ਹਨ ਵੇਲੇ ਵੀ ਉਹ ਭੀੜੀ ਗਲੀ ਨਿਕਲ ਜਾਣਾ ਚਾਹੁੰਦਾ ਸੀ। ਪਰ ਚੰਗੀ ਕਿਸਮਤ ਨੂੰ ਉਸ ਨੇ ਵਿਆਹ ਕਰਵਾ ਹੀ ਲਿਆ। ਜੇ ਇਹ ਵਿਆਹ ਨਾ ਹੁੰਦਾ ਤਾਂ ਉਸ ਨੇ ਬਹੁਤ ਸਾਲ ਪਹਿਲਾਂ ਮਰ ਜਾਣਾ ਸੀ।

ਅਕਤੂਬਰ ਦਾ ਮਹੀਨਾ। ਪਤਲੀ ਪਤਲੀ ਠੰਢ ਉਤਰ ਰਹੀ। ਸਰੀਰ ਵਿਚ ਗਰਮ-ਸਰਦ ਅੰਗੜਾਈ। ਇੰਡੀਅਨ ਥੀਏਟਰ ਦੇ ਕਾਰੀਡੋਰ ਵੱਲ ਜਾਂਦੀ ਭੀੜੀ ਗਲੀ। ਮੈਂ ਸਵੇਰ ਵਾਂਗ

ਤਰੋਤਾਜ਼ਾ ਪੱਥਰਾਂ ਦੀ ਦੀਵਾਰ ਨੂੰ ਛੂੰਹਦਾ ਹੋਇਆ ਡੀਪਾਰਟਮੈਂਟ ਜਾ ਰਿਹਾ ਸਾਂ। ਗੀਤ ਗੁਣਗੁਣਾਉਂਦਾ ਹੋਇਆ ਤੇ ਉਹ ਵੀ ਉੱਚੀ-ਉੱਚੀ, "ਦੇਖਾ ਏਕ ਖਾਬ ਤੋ ਯੇ ਸਿਲਸਿਲੇ ਹੂਏ, ਦੂਰ ਤੱਕ ਨਿਗਾਹ ਮੇਂ ਹੈਂ ਗੁਲ ਖਿਲੇ ਹੂਏ।" ਦੀਵਾਰ ਦੇ ਓਹਲਿਓਂ ਅਵਾਜ਼ ਆਈ, "ਯੇ ਗਿਲਾ ਹੈ ਆਪਕੀ ਨਿਗਾਹੋਂ ਸੇ, ਫੂਲ ਭੀ ਹੋਂ ਦਰਮਯਾਂ ਤੋਂ ਫ਼ਾਸਲੇ ਹੂਏ..." ਅਮਿਤੋਜ ਨਮੂਦਾਰ ਹੋਇਆ। ਮੈਂ ਹੈਰਾਨ ਏਡੀ ਸਵੇਰ...(ਉਹ ਅਕਸਰ ਲੇਟ ਉਠਦਾ ਸੀ), "ਛੱਡ ਅੱਜ ਡਿਪਾਰਟਮੈਂਟ ਨਾ ਜਾਹ। ਐਵੇਂ ਓਥੇ ਗੁੰਡਿਆਂ ਵਾਲੀ ਮੇਕਅੱਪ ਕਰਕੇ ਕਲੀਆਂ ਵਰਗੀਆਂ ਕੁੜੀਆਂ ਨੂੰ ਡਰਾਉਂਦਾ ਰਹਿੰਨੈ।" ਮੈਨੂੰ ਲੱਗਾ ਉਹ ਮੈਨੂੰ ਪੰਜਾਬੀ ਡਿਪਾਰਟਮੈਂਟ ਲੈ ਜਾਵੇਗਾ। ਓਥੇ ਜ਼ਰੂਰ ਕੋਈ ਸ਼ਾਇਰ ਜਾਂ ਸ਼ਾਇਰਾ ਆਈ ਹੋਵੇਗੀ। ਡਾ. ਵੀ.ਐਨ. ਤਿਵਾੜੀ ਸਾਨੂੰ ਕੈਂਪਸ ਦੇ ਕਵੀਆਂ ਵਜੋਂ ਪੇਸ਼ ਕਰੇਗਾ, ਕਾਫ਼ੀ ਪੀਤੀ ਜਾਵੇਗੀ। ਡਾ. ਤਿਵਾੜੀ ਅਮਿਤੋਜ ਨੂੰ ਆਪਣਾ ਵੱਡਾ ਪੁੱਤਰ ਕਹਿੰਦਾ ਹੁੰਦਾ ਸੀ, ਪਰ ਅਮਿਤੋਜ ਪੰਜ ਨੰਬਰ ਹੋਸਟਲ ਵੱਲ ਮੁੜ ਪਿਆ।

ਗਾਂਧੀ ਭਵਨ ਦੇ ਬਾਹਰ ਫੁੱਲਾਂ ਦੀ ਕਿਆਰੀ ਸੀ। ਮੈਂ ਕਿਹਾ, "ਮੈਨੂੰ ਫੁੱਲ ਬਹੁਤ ਚੰਗੇ ਲੱਗਦੇ ਹਨ, ਚੱਲ ਬੋਟੈਨੀਕਲ ਗਾਰਡਨ ਚਲੀਏ।"

ਅਮਿਤੋਜ ਬੋਲਿਆ, "ਮੈਨੂੰ ਕਲੀਆਂ ਚੰਗੀਆਂ ਲੱਗਦੀਆਂ ਨੇ।"

ਮੈਂ ਕਿਹਾ, "ਉਹ ਵੀ ਓਥੇ ਹੋਣਗੀਆਂ, ਮੈਂ ਫੁੱਲ ਦੇਖ ਲਵਾਂਗਾ, ਤੂੰ ਕਲੀਆਂ ਦੇਖ ਲਵੀਂ।"

"ਕਲੀ ਫੁੱਲ ਤੋਂ ਸੋਹਣੀ ਹੁੰਦੀ ਹੈ।" ਉਹ ਬੋਲਿਆ।

"ਨਹੀਂ ਫੁੱਲ ਕਲੀ ਤੋਂ ਸੋਹਣਾ ਹੁੰਦਾ ਹੈ।" ਮੈਂ ਕਿਹਾ।

"ਸਿੱਧ ਕਰਕੇ ਦਿਖਾ।" ਉਸ ਕਿਹਾ।

"ਫੁੱਲ ਖੁਸ਼ਬੂ ਨਾਲ ਭਰਿਆ ਹੁੰਦਾ ਹੈ।" ਮੈਂ ਦਲੀਲ ਦਿੱਤੀ।

"ਕਲੀ ਨੇ ਇਹ ਖੁਸ਼ਬੂ ਸੀਨੇ ਵਿਚ ਸਾਂਭੀ ਹੁੰਦੀ ਹੈ।" ਉਸ ਦੀ ਦਲੀਲ ਸੀ।

"ਤਾਂ ਕਲੀ ਦਾ ਸੀਨਾ ਵੀ ਹੁੰਦਾ ਹੈ?" ਮੇਰਾ ਜਵਾਬ ਸੀ।

"ਹਾਂ..." ਉਹ ਗੰਭੀਰ ਹੋ ਗਿਆ, "ਪਰ ਕਦੇ ਦੇਖਿਆ ਨਹੀਂ।"

ਕਹਿਣ ਲੱਗਾ, "ਚੱਲ ਅੱਜ ਰੱਜ ਕੇ ਕਲੀਆਂ ਦੇਖੀਏ। ਕਲੀਆਂ ਧੀਆਂ ਵਰਗੀਆਂ ਹੁੰਦੀਆਂ ਹਨ। ਮੁਲਾਇਮ, ਕੋਮਲ, ਪਵਿੱਤਰ।"

"ਤੇ ਫੁੱਲ ਪੁੱਤਰਾਂ ਵਰਗੇ।" ਮੈਂ ਕਿਹਾ।

ਉਸ ਦਾ ਚਿਹਰਾ ਚਮਕ ਪਿਆ। "ਸਿੱਧ ਹੋ ਗਿਆ ਸਿੱਧ ਹੋ ਗਿਆ।"

"ਕੀ?" ਮੈਂ ਪੁੱਛਿਆ।

"ਇਵੇਂ। ਮੈਂ ਪੁੱਤਰ ਆਂ, ਤੂੰ ਵੀ ਪੁੱਤਰ ਏਂ, ਲੋਕ ਨਾਥ ਵੀ ਪੁੱਤਰ ਐ। ਹਰਨਾਮ ਵੀ ਪੁੱਤਰ ਐ, ਅਮਰੀਕ ਵੀ ਪੁੱਤਰ ਐ। ਜੇ ਅਸੀਂ ਸਾਰੇ ਫੁੱਲ ਆਂ ਤਾਂ ਫਿਰ ਇਸ ਤੋਂ ਘਟੀਆ ਹੋਰ ਕੀ ਹੋ ਸਕਦੇ ਨੇ ਫੁੱਲ। ਕੋਈ ਵੀ ਸਾਡੇ ਵਿਚੋਂ ਸਾਲ-ਸਾਲ ਘਰ ਨਹੀਂ ਵੜਦਾ। ਕੋਈ ਮੋਹ ਨਹੀਂ, ਮੁੱਹਬਤ ਨਹੀਂ। ਨਿਰੁਪਮਾ ਕਲੀ ਹੈ, ਮਨਜੀਤ ਵੀ, ਗੀਟਾ ਵੀ।"

"ਸੋ ਅਸੀਂ ਫੁੱਲ ਤਾਂ ਨਿਰਮੋਹੇ ਹਾਂ। ਇਨ੍ਹਾਂ ਕਲੀਆਂ ਦਾ ਸੀਨਾ ਹੈ।" ਮੈਂ ਸ਼ਾਇਦ ਗਲਤ ਸਵਾਲ ਪੁੱਛ ਗਿਆ ਸਾਂ। ਉਹ ਉਦਾਸ ਹੋ ਗਿਆ।

ਬੋਟੈਨੀਕਲ ਗਾਰਡਨ ਵਿਚ ਨਾ ਫੁੱਲ ਸਨ, ਨਾ ਕਲੀਆਂ।

ਮਨਘੜਤ ਦਰੱਖਤ, ਝਾੜੀਆਂ, ਬੂਝੇ, ਥੋਹਰਾਂ। ਬੋਟਨੀ ਦੇ ਹੈੱਡਾਂ ਨੂੰ ਪੰਜ-ਸੱਤ ਗਾਲ੍ਹਾਂ

ਕੱਢੀਆਂ। ਵਾਪਸ ਮੁੜ ਪਏ। ਹਿੱਲੀ ਹੋਈ ਡਿਸਕ ਕਰਕੇ ਢੀਚਕ ਚਾਲੇ ਚਲਦਾ ਵਿਕਲ ਗੇਟ ’ਤੇ ਮਿਲ ਪਿਆ।

“ਢੂੰਡ ਲਿਆ ਨਾ। ਤੁਮ ਦੋਨੋਂ ਬਹੁਤ ਬਦਮਾਸ਼ ਹੋ। ਰਾਤ ਕੀ ਬਚੀ ਹੂਈ ਰਮ ਯਹਾਂ ਜੰਗਲ ਮੇਂ ਬੈਠ ਕਰ ਅਕੇਲੇ-ਅਕੇਲੇ ਪੀਨਾ ਚਾਹਤੇ ਥੇ। ਸਾਲੇ ਪੰਜਾਬੀ ਕੇ ਟੁੱਟੇ ਕਵੀ। ਘਟੀਆ ਕਵੀ ਲੜਕੀਓਂ ਪਰ ਕਵਿਤਾ ਲਿਖਤੇ ਰਹਿਤੇ ਹੋ। ਕਭੀ ਧੂਪ ਪਰ ਕਵਿਤਾ ਲਿਖਾ ਕਰੋ। ਸੂਰਜ ਪਰ ਲਿਖਾ ਕਰੋ। ਰਿਕਸ਼ਾ ਵਾਲੇ ਪਰ ਲਿਖਾ ਕਰੋ। ਕਲਰਕ ਪਰ ਲਿਖਾ ਕਰੋ। ਖਤਮ ਕਰ ਦੀ ਹੈ ਯਾ ਬੜੇ ਭਾਈ ਕੇ ਲੀਏ ਭੀ ਰਖੀ ਹੈ ਦੋ ਪੈੱਗ?

ਤਿੰਨ ਪੈੱਗਾਂ ਬਾਅਦ ਵਿਕਲ ਚਹਿਕ ਪਿਆ, “ਹਿੰਦੀ ਕੇ ਕਵੀਓਂ ਕੋ ਕਵੀ ਨਹੀਂ ਸਮਝਤੇ। ਸਾਲੋ ਤੁਮ ਉਰਦੂ ਔਰ ਪੰਜਾਬੀ ਵਾਲੇ ਮਿਲ ਕਰ ਜਿਤਨੀ ਪੀ ਸਕਤੇ ਹੋ, ਮੈਂ ਰਾਸ਼ਟਰੀਏ ਭਾਸ਼ਾ ਕਾ ਅਕੇਲਾ ਸਭ ਸੇ ਬੜਾ ਕਵੀ ਉਤਨੀ ਪੀ ਸਕਤਾ ਹੂੰ।”

ਉਨ੍ਹਾਂ ਦਿਨਾਂ ਵਿਚ ਮਲੰਗੀ ਬਹੁਤ ਚੰਗੀ ਲੱਗਦੀ ਸੀ। ਪਾਸ਼, ਪਰਮਿੰਦਰਜੀਤ, ਵਿਕਲ, ਅਮਿਤੋਜ, ਬਾਜਵਾ, ਅਮਰੀਕ, ਮੋਹਨਜੀਤ, ਹਰਨਾਮ, ਲੋਕੀ, ਜ਼ਾਹਿਦ ਸਭ ਮਲੰਗੀ ਹੰਢਾਉਂਦੇ ਸਨ। ਮਲੰਗਾਂ ਨੂੰ ਮਾਡਲ ਸਮਝਿਆ ਜਾਂਦਾ ਸੀ। ਉਨ੍ਹਾਂ ਦੀ ਕਦਰ ਹੁੰਦੀ ਸੀ। ਅਮਿਤੋਜ ਵੱਡਾ ਮਲੰਗ ਸੀ। ਉਹਦੀ ਜੇਬ ਵਿਚ ਪੈਸੇ ਹੁੰਦੇ ਸਨ, ਚੰਗੇ ਕੱਪੜੇ ਪਾਉਂਦਾ ਸੀ। ਬੈਗ ਵਿਚ ਵਧੀਆ ਪੈੱਨ ਹੁੰਦਾ ਸੀ, ਡਾਇਰੀ ਹੁੰਦੀ ਸੀ, ਸ਼ਰਾਬ ਹੁੰਦੀ ਸੀ, ਸਿਗਰਟਾਂ ਹੁੰਦੀਆਂ ਸਨ। ਦੋ-ਤਿੰਨ ਹੋਸਟਲਾਂ ਵਿਚ ਅਕਾਊਂਟ ਚੱਲਦਾ ਸੀ। ਪ੍ਰੈਸ ਵਾਲੇ ਸਾਰੇ ਜਾਣਦੇ ਸਨ। ਥੀਏਟਰ ਵਾਲੇ ਵਿਸ਼ੇਸ਼ ਤੌਰ ’ਤੇ ਬੁਲਾਉਂਦੇ ਸਨ। ਮੈਨੂੰ ਲੱਗਦਾ ਸੀ ਉਸ ਦੀ ਝੋਲੀ ਵਿਚ ਬਹੁਤ ਫੁੱਲ ਸਨ, ਬਹੁਤ ਕਲੀਆਂ।

ਪਰ ਇਹ ਚੰਡੀਗੜ੍ਹ ਸੀ। ਫੁੱਲਾਂ ਵਿਚ ਖੁਸ਼ਬੂ ਨਹੀਂ ਸੀ। ਕਲੀਆਂ ਵਿਚ ਸੀਨਾ ਨਹੀਂ ਸੀ। ਸਵੇਰੇ ਉਸ ਨੇ ਮੇਰੇ ਗੀਤ ਦੀ ਅਧੂਰੀ ਤੁੱਕ ਨੂੰ ਠੀਕ ਹੀ ਪੂਰਾ ਕੀਤਾ ਸੀ। “ਫੂਲ ਭੀ ਹੋਂ ਦਰਮਯਾਂ ਤੋਂ ਫਾਸਲੇ ਹੂਏ।”

ਮੇਰੇ ਕਾਲਜ ਦੇ ਆਂਗਨ ਵਿਚ ਬਹੁਤ ਸਾਰੇ ਫੁੱਲ ਸਨ, ਬਹੁਤ ਸਾਰੀਆਂ ਕਲੀਆਂ। ਸਵੇਰੇ ਪੌਣੇ ਪੰਜ ਵਜੇ ਅੰਮ੍ਰਿਤਾ ਦਾ ਫੋਨ ਆਇਆ, “ਅਮਿਤੋਜ ਚਲਾ ਗਿਆ, ਆ ਜਾਹ।” ਮੈਂ ਬਾਹਰ ਆਇਆ। ਕਾਲਜ ਦੇ ਬੋਟੈਨੀਕਲ ਗਾਰਡਨ ਵਿਚ ਫੁੱਲ ਖਿੜੇ ਹੋਏ ਸਨ। ਕਲੀਆਂ ਉੱਤੇ ਤ੍ਰੇਲ ਦੇ ਤੁਪਕੇ ਤਰੋਤਾਜ਼ਾ ਸਨ। ਜੀ ਕੀਤਾ ਜਸਮੀਨ ਦੀਆਂ ਕਲੀਆਂ ਦਾ ਰੁੱਗ ਭਰ ਕੇ ਲੈ ਜਾਵਾਂ ਤੇ ਅਮਿਤੋਜ ਦੇ ਸੀਨੇ ’ਤੇ ਰੱਖ ਦਿਆਂ। ਪਤਾ ਨਹੀਂ ਕਿਉਂ ਮਨ ਦੀਆਂ ਮਨ ਹੀ ਜਾਣਦਾ ਹੈ। ਮੈਂ ਇਕ ਵੀ ਕਲੀ ਤੋੜ ਨਾ ਸਕਿਆ। ਮੈਨੂੰ ਲੱਗਿਆ ਮਰੇ ਹੋਏ ਅਮਿਤੋਜ ਦੇ ਸੀਨੇ ਉੱਤੇ ਪਈਆਂ ਹੋਈਆਂ ਕਲੀਆਂ ਨਾਲ ਕਿਤੇ ਉਸ ਨੂੰ ਦਰਦ ਨਾ ਹੋਵੇ। ਮੈਂ ਫੁੱਟ-ਫੁੱਟ ਕੇ ਰੋ ਪਿਆ।

ਅਰਥੀ ਉੱਤੇ ਫੁੱਲ ਚੜ੍ਹਾਉਂਦਿਆਂ ਮੈਂ ਲੋਰੀ (ਅਮਿਤੋਜ ਦੀ ਬੇਟੀ) ਵੱਲ ਦੇਖਿਆ। ਉਹ ਮੈਨੂੰ ਬਿਲਕੁੱਲ ਕਲੀ ਜਾਪੀ। ਮੈਂ ਉਸ ਨੂੰ ਹਾਰ ਫੜਾਇਆ। ਉਸ ਨੇ ਆਗੋਸ਼ (ਅਮਿਤੋਜ ਦਾ ਬੇਟਾ) ਨੂੰ ਫੜਾ ਦਿੱਤਾ। ਅਮਿਤੋਜ ਇਕ ਕਲੀ ਅਤੇ ਇਕ ਫੁੱਲ ਛੱਡ ਗਿਆ ਹੈ। ਕਾਸ਼! ਕਲੀ ਵਿਚ ਸੀਨਾ ਧੜਕੇ ਤੇ ਫੁੱਲ ਦੀ ਖ਼ੁਸ਼ਬੂ ਮਹਿਕੇ।

# ਭਾਰਤ ਵਿੱਚ ਕ੍ਰਾਂਤੀਕਾਰੀ ਅੰਦੋਲਨਾਂ ਦੀ ਪਰੰਪਰਾ ਅਤੇ ਖੱਬੇ ਪੱਖੀ ਲਹਿਰ

## (ਪੰਜਾਬ ਅਤੇ ਬੰਗਾਲ ਦੇ ਵਿਸ਼ੇਸ਼ ਪ੍ਰਸੰਗ ਵਿੱਚ)

**ਜਗਜੀਤ ਸਿੰਘ**

ਭਾਰਤ ਵਿਚ ਕ੍ਰਾਂਤੀਕਾਰੀ ਅੰਦੋਲਨਾ ਦੀ ਪੰਰਪਰਾ ਨੂੰ ਇਕ ਲੜੀ ਵਿਚ ਵੇਖੀਏ ਤਾਂ ਮੁਢਲੇ ਨਾਸਤਿਕ ਖੇਮਿਆਂ ਤੋਂ ਲੈ ਕੇ ਖੱਬੇ-ਪੱਖੀ ਵਿਚਾਰਧਾਰਾ ਦੇ ਪ੍ਰਵੇਸ਼ ਸਮੇਂ ਨੂੰ ਤਿੰਨ ਅਹਿਮ ਪੜਾਵਾਂ ਵਿਚ ਵੰਡ ਕੇ ਕ੍ਰਾਂਤੀਕਾਰੀ ਅੰਦੋਲਨਾ ਦੀ ਪਰੰਪਰਾ ਵਿਚ ਆਏ ਪਰਿਵਰਤਨਾਂ ਨੂੰ ਸਮਝਿਆ ਜਾ ਸਕਦਾ ਹੈ। ਸ਼ੁਰੂਆਤੀ ਦੌਰ ਵਿੱਚ ਇਸ ਵਿਰੋਧ ਜਾਂ ਵਿਦਰੋਹ ਦੀ ਅਭਿਵਿਅਕਤੀ ਵਿਚਾਰਾਂ ਦੀ ਟੱਕਰ ਦੇ ਪੱਧਰ 'ਤੇ ਹੁੰਦੀ ਹੈ। ਲੜਾਈ ਹਮੇਸ਼ਾ ਹਥਿਆਰਾਂ ਨਾਲ ਹੀ ਨਹੀਂ ਲੜੀ ਜਾਂਦੀ, ਇਹ ਵਿਚਾਰਾਂ ਨਾਲ ਵੀ ਲੜੀ ਜਾਂਦੀ ਹੈ। ਸਮਾਜ ਦੇ ਹਰ ਦੌਰ ਵਿੱਚ ਨੇਕੀ ਤੇ ਬਦੀ ਵਿਚਕਾਰ ਟੱਕਰ ਹੁੰਦੀ ਰਹੀ ਹੈ। ਇਸ ਲਈ ਜਦੋਂ ਅਸੀਂ ਅੰਦੋਲਨ ਦੀ ਗੱਲ ਕਰ ਰਹੇ ਹਾਂ ਤਾਂ ਅੰਦੋਲਨ ਹਮੇਸ਼ਾ ਵਿਵਹਾਰਕ ਹੀ ਨਹੀਂ ਹੁੰਦਾ ਇਹ ਵਿਚਾਰਧਾਰਕ ਵੀ ਹੁੰਦਾ ਹੈ, ਇਹ ਸਿਧਾਂਤਕ ਵੀ ਹੋ ਸਕਦਾ ਹੈ। ਇਸ ਲਈ ਮੁੱਢਲੇ ਰੂਪ ਵਿੱਚ ਸਮਾਜ ਵਿਚਲੀ ਨੇਕੀ ਤੇ ਬਦੀ ਦੀ ਟੱਕਰ\ਸੰਘਰਸ਼ ਦੀ ਅਭਿਵਿਅਕਤੀ ਸਾਨੂੰ ਵਿਚਾਰਧਾਰਕ ਅੰਦੋਲਨਾਂ ਦੇ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ ਹੋ ਰਹੇ ਸ਼ੋਸ਼ਣ ਦੇ ਪ੍ਰਤੀਰੋਧ ਵਜੋਂ ਵਿਚਾਰਧਾਰਕ ਵਿਦਰੋਹੀ ਅੰਦੋਲਨ ਉੱਭਰਨ ਲੱਗਦੇ ਹਨ ਜੋ ਸਮਾਜ ਨੂੰ ਕ੍ਰਾਂਤੀਕਾਰੀ ਬਦਲ ਵੱਲ ਸੇਧਤ ਕਰਦੇ ਹਨ। ਜਿਵੇਂ-ਜਿਵੇਂ ਸਮਾਜ ਆਪਣੇ ਵੱਖ-ਵੱਖ ਪੜਾਵਾਂ ਵਿਚੋਂ ਦੀ ਲੰਘਦਾ ਰਿਹਾ, ਕਿਸੇ ਨਾ ਕਿਸੇ ਵਿਚਾਰਧਾਰਾ ਨੇ ਸੱਤਾ ਦੀ ਵਿਚਾਰਧਾਰਾ ਦੇ ਵਿਰੁੱਧ ਖੜ੍ਹ ਕੇ ਲੁਕਾਈ ਦੀ ਬਾਂਹ ਫੜੀ ਹੈ। ਇਸ ਤਰ੍ਹਾਂ ਇਹ ਵਿਚਾਰਧਾਰਕ ਸੰਘਰਸ਼ ਵੈਦਿਕ ਕਾਲ ਤੋਂ ਹੀ ਸ਼ੁਰੂ ਹੋ ਗਿਆ ਸੀ। ਰਾਹੁਲ ਸ਼ਾਂਕ੍ਰਿਤਿਆਇਨ ਦੇ ਮੱਤ ਅਨੁਸਾਰ;

ਧਰਮ ਦੇ ਝਮੇਲਿਆਂ ਵਿੱਚ ਪੈ ਕੇ ਉਹ ਆਪਣੀ ਮੌਜੂਦਾ ਹਾਲਤ ਨੂੰ 'ਦੇਵਤਿਆਂ ਦਾ ਇਨਸਾਫ਼' ਸਮਝ ਰਹੇ ਸਨ। ਲੁੱਟੀ ਜਾਂਦੀ ਜਨਤਾ ਨੂੰ ਅਸਲ ਇਨਸਾਫ਼ ਕਰਾਉਣ ਲਈ ਤਿਆਰ ਕਰਨ ਵਾਸਤੇ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਧਰਮ ਦੇ ਜਾਲ ਤੋਂ ਆਜ਼ਾਦ ਕਰਵਾਇਆ ਜਾਵੇ। ਇਹ ਮਕਸਦ ਨਾਸਤਿਕਵਾਦ (ਦੇਵਤਿਆਂ ਤੇ ਪਰਲੋਕ ਤੋਂ ਇਨਕਾਰੀ) ਭੌਤਿਕਵਾਦ ਦਾ ਹੈ। ...ਬ੍ਰਾਹਮਣ ਆਪਣੀ ਦੱਖਣਾ ਸੰਭਾਲਣ 'ਚ ਲੱਗੇ ਸਨ, ਉਨ੍ਹਾਂ ਨੂੰ ਘਾਹ ਦੇ ਢੇਰ ਅੰਦਰ ਧੁਖਦੀ ਇਸ ਚਿੰਗਾਰੀ ਦੀ ਪਰਵਾਹ ਨਹੀਂ ਸੀ।[1]

ਉਪਰੋਕਤ ਮੱਤ ਅਨੁਸਾਰ ਜਦੋਂ ਪਿਛਲ-ਝਾਤ ਮਾਰਦਿਆਂ ਭਾਰਤੀ ਦਰਸ਼ਨ ਦੇ ਰੂ-ਬ-ਰੂ ਹੁੰਦੇ ਹਾਂ ਤਾਂ ਸਾਨੂੰ ਦੋ ਪ੍ਰਕਾਰ ਦੀਆਂ ਬਿਰਤੀਆਂ ਵੇਖਣ ਨੂੰ ਮਿਲਦੀਆਂ ਹਨ। ਅਸਲ ਵਿੱਚ ਜਿਸ ਸਮੇਂ ਭਾਰਤ ਵਿੱਚ ਉਪਨਿਸ਼ਦਾਂ ਦੀ ਫ਼ਿਲਾਸਫੀ ਵੱਧ ਫੁੱਲ ਰਹੀ ਸੀ ਉਸੇ ਕਾਲ ਵਿੱਚ ਉਸ ਤੋਂ ਉਲਟ ਵਿਚਾਰਧਾਰਾਵਾਂ ਵੀ ਆਪਣਾ ਸਿਰ ਕੱਢ ਚੁੱਕੀਆਂ ਸਨ, ਜਿਨ੍ਹਾਂ ਦਾ ਭੌਤਿਕਵਾਦ ਵੱਲ ਝੁਕਾਅ ਸੀ। ਕਿਹਾ ਜਾ ਸਕਦਾ ਹੈ ਕਿ ਇਹ ਨਾਸਤਿਕ ਖ਼ਾਸੇ ਵਾਲੇ ਭੌਤਿਕਵਾਦੀ ਦਰਸ਼ਨ ਦੀ ਉਤਪਤੀ ਬ੍ਰਾਹਮਣਵਾਦੀ ਵਿਚਾਰਵਾਦ ਦੇ ਉਲਟ ਹੋਈ ਕ੍ਰਾਂਤੀ ਦਾ ਸਿੱਟਾ ਸਨ। ਜਿਨ੍ਹਾਂ ਵਿਚ ਅਸੀਂ ਲੋਕਾਇਤ, ਨਿਯਾਅ ਵਿਸ਼ੇਸ਼ਕਾ, ਅਤੇ ਸ਼ਾਂਖ ਨਾਮ ਦੇ ਖ਼ੇਮੇ ਸਾਹਮਣੇ ਆਏ। ਲੋਕਾਇਤ ਨੇ ਬ੍ਰਾਹਮਣਵਾਦੀ ਧਰਮ ਦੇ ਆਧਾਰ ਪਿਲਰਾਂ ਵਿਚੋਂ ਈਸ਼ਵਰਵਾਦ,

ਪਰਲੋਕਵਾਦ, ਆਤਮਾਵਾਦ ਦਾ ਖੰਡਨ ਕਰਦੇ ਹੋਏ ਬ੍ਰਾਹਮਣਵਾਦੀ ਧਰਮ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਦੇਵੀ ਪ੍ਰਸ਼ਾਦ ਚਟੋਪਾਧਿਯਾ ਦੇ ਮੱਤ ਅਨੁਸਾਰ;

ਲੋਕਾਇਤ ਕਹਿੰਦੇ ਹਨ ਕਿ ਆਤਮਾ ਅਤੇ ਪਵਿੱਤਰ ਅਪਵਿੱਤਰ ਕਰਮਾਂ ਦਾ ਸਿੱਟਾ ਕਹੇ ਜਾਣ ਵਾਲੇ ਮੁਕਤੀ, ਪੁੰਨ, ਪਾਪ ਆਦਿ ਕਿਸੇ ਦੀ ਵੀ ਕੋਈ ਹੋਂਦ ਨਹੀਂ ਹੈ। ...ਜੋ ਬੀਤ ਗਿਆ ਕਦੇ ਵਾਪਸ ਨਹੀਂ ਆ ਸਕਦਾ। ਸਰੀਰ ਚਾਰ ਪਦਾਰਥਕ ਤੱਤਾਂ ਪ੍ਰਿਥਵੀ, ਜਲ, ਅਗਨੀ, ਵਾਯੂ (ਇੱਥੇ ਪੰਜਵੇਂ ਤੱਤ ਆਕਾਸ਼ ਦਾ ਨਾਮ ਨਹੀਂ) ਦਾ ਬਸ ਇੱਕ ਸੁਮੇਲ ਮਾਤਰ ਹੈ।...ਇਸ ਲਈ ਚਾਰਵਾਕ (ਲੋਕਾਇਤ) ਦਾਅਵਾ ਕਰਦੇ ਹਨ ਕਿ ਜੋ ਕਦੀ ਵੀ ਨਹੀਂ ਦੇਖਿਆ ਗਿਆ (ਜਿਵੇਂ ਕਿ ਸਵਰਗ ਦਾ ਸੁਖ ਅਨੰਦ), ਉਸਦੇ ਪਿੱਛੇ ਭੱਜਦੇ ਰਹਿਣ ਅਤੇ ਜੋ ਅਸਲ ਵਿੱਚ ਦਿਖਾਈ ਦਿੰਦਾ ਹੈ। (ਜਿਵੇਂ ਕਿ ਇਸ ਸੰਸਾਰ ਦੇ ਸੁਖ ਅਨੰਦ) ਉਸਦਾ ਤਿਆਗ ਕਰਨਾ ਮੂਰਖਤਾ ਹੈ।[2]

ਉਪਰੋਕਤ ਮੱਤ ਵਿੱਚ ਲੋਕਾਇਤ ਦੀ ਪਦਾਰਥਵਾਦੀ ਦ੍ਰਿਸ਼ਟੀਕੋਣ ਦੀ ਅਭਿਵਿਆਕਤੀ ਸਾਫ਼ ਵੇਖੀ ਜਾ ਸਕਦੀ ਹੈ। ਜਿਸ ਰਾਹੀਂ ਉਨ੍ਹਾਂ ਨੇ ਆਤਮਾ (ਚੇਤਨਾ) ਦੇ ਅਧਿਆਤਮਵਾਦੀ ਖ਼ਾਸੇ ਦਾ ਖੰਡਨ ਕੀਤਾ। ਇਸ ਤਰ੍ਹਾਂ ਲੋਕਾਇਤ ਨੇ ਬ੍ਰਾਹਮਣੀ ਗ਼ਲਬੇ ਵਾਲੇ ਵਿਚਾਰਵਾਦੀ ਫ਼ਲਸਫੇ ਨੂੰ ਜ਼ਬਰਦਸਤ ਟੱਕਰ ਦਿੱਤੀ। ਇਸੇ ਤਰ੍ਹਾਂ ਸਾਂਖ ਪ੍ਰਣਾਲੀ ਨੇ ਵੈਦਿਕ ਫ਼ਲਸਫੇ ਦਾ ਪਦਾਰਥਵਾਦੀ ਨਜ਼ਰੀਏ ਤੋਂ ਖੰਡਨ ਕਰਦੇ ਹੋਏ ਵਿਚਾਰਵਾਦ (ਜਿਸ ਨੂੰ ਉਹ ਖ਼ੁਦ ਆਖਦੇ ਹਨ) ਢਾਂਚੇ ਦੇ ਪਰਖਚੇ ਉਡਾ ਦਿੱਤੇ। ਗਾਰਬੇ ਦੇ ਮਤ ਅਨੁਸਾਰ; "ਸਾਂਖ ਫ਼ਲਸਫ਼ਾ ਆਪਣੇ ਇਸ ਤੱਤ ਰੂਪ ਵਿੱਚ, ਸਿਰਫ਼ ਨਾਸਤਿਕ ਹੀ ਨਹੀਂ ਸਗੋਂ ਵੇਦਾਂ ਪ੍ਰਤੀ ਵੈਰ ਭਾਵ ਰੱਖਣ ਵਾਲਾ ਫ਼ਲਸਫ਼ਾ ਵੀ ਹੈ।...ਸਾਂਖ ਫ਼ਲਸਫ਼ਾ ਆਪਣੇ ਅਸਲੀ ਤੱਤ ਰੂਪ ਵਿੱਚ ਅਤੇ ਅੱਜ ਤੱਕ ਵੀ ਗ਼ੈਰ ਵੈਦਿਕ ਬ੍ਰਾਹਮਣੀ ਰਵਾਇਤ ਤੋਂ ਆਜ਼ਾਦ ਰਿਹਾ ਹੈ"[3] ਉਪਰੋਕਤ ਵਿਦਵਾਨ ਦੇ ਵਿਚਾਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 'ਸਾਂਖ ਪ੍ਰਣਾਲੀ' ਵਿਚਾਰਵਾਦੀ ਦਰਸ਼ਨ ਦੇ ਮੁੱਖ ਵਿਰੋਧੀਆਂ ਵਿਚੋਂ ਇਕ ਸੀ। ਜਿਸਨੇ ਆਪਣੇ ਢੰਗ ਤਰੀਕਿਆਂ ਰਾਹੀਂ ਦਾਰਸ਼ਨਿਕ ਸੰਘਰਸ਼ ਦੇ ਅੰਦੋਲਨ ਵਿੱਚ ਆਪਣਾ ਯੋਗਦਾਨ ਪਾਇਆ। ਤੀਜਾ ਨਾਮ ਭਾਰਤੀ ਵਿਚਾਰਵਾਦ ਦੇ ਠੋਸ ਵਿਰੋਧੀ ਖ਼ੇਮੇ ਵਿਚ ਨਿਆਯਾ-ਵੈਸ਼ੇਸਿਕਾ  ਦਾ ਆਉਂਦਾ ਹੈ। ਇਸ ਪ੍ਰਣਾਲੀ ਨੇ ਵਿਚਾਰਵਾਦ ਦਾ ਖੰਡਨ ਬੜੇ ਹੀ ਬੇਬਾਕ ਢੰਗ ਰਾਹੀਂ ਕੀਤਾ। ਦੇਵੀ ਪ੍ਰਸ਼ਾਦ ਚਟੋਪਾਧਿਯਾ ਦੇ ਮੱਤ ਅਨੁਸਾਰ;

ਭਾਰਤੀ ਫ਼ਲਸਫ਼ੇ ਦੇ ਜੋਬਨ ਦੇ ਦੌਰ ਨਾਲ ਸਬੰਧਿਤ ਕਿਸੇ ਵੀ ਉੱਘੇ ਫ਼ਿਲਾਸਫ਼ਰ ਨੇ ਉਸ ਪੈਂਤੜੇ ਤੋਂ ਭਾਰਤੀ ਵਿਚਾਰਵਾਦ ਦਾ ਪੂਰਨ ਰੂਪ ਵਿੱਚ ਖੰਡਨ ਕਰਨ ਲਈ ਵਾਹ ਨਹੀਂ ਲਾਈ। ਇਹ ਕੰਮ ਲੋਕਾਇਤ ਤੋਂ ਇਲਾਵਾ ਨਿਆਯਾ-ਵੈਸ਼ੇਸਿਕ ਚਿੰਤਕਾਂ ਨੇ ਹੀ ਕੀਤਾ। ਉਹ ਪੂਰੀ ਤਰ੍ਹਾਂ ਤਰਕ ਅਤੇ ਪ੍ਰਮਾਣਵਾਦ ਨੂੰ ਪ੍ਰਣਾਏ ਹੋਏ ਹਨ। ...ਵਿਚਾਰਵਾਦ ਦੇ ਖੰਡਨ ਲਈ ਵਿਕਸਿਤ ਭਾਰਤੀ ਫ਼ਲਸਫ਼ਿਆਂ ਵਿਚੋਂ ਨਿਆਯਾ-ਵੈਸ਼ੇਸ਼ਿਕ ਸਭ ਤੋਂ ਗੰਭੀਰ ਫ਼ਲਸਫ਼ਾ ਹੈ।[4]

ਇਸ ਤਰ੍ਹਾਂ ਨਿਆਯਾ-ਵੈਸ਼ੇਸ਼ਿਕ ਨੇ ਭਾਰਤੀ ਬ੍ਰਾਹਮਣਵਾਦੀ ਵਿਚਾਰਵਾਦ ਦੇ ਦਾਰਸ਼ਨਿਕ ਪੱਧਰ 'ਤੇ ਖੰਡਨ ਹਿਤ ਉਨ੍ਹਾਂ ਦੇ ਅਮਲ ਦੇ ਸਿਧਾਂਤ, ਸੁਪਨੇ ਅਤੇ ਭਰਮ, ਅੰਧਵਿਸ਼ਵਾਸ, ਕੱਟੜਤਾਵਾਦ ਅਤੇ ਵਿਸ਼ੇਸ਼ ਰੂਪ ਵਿੱਚ ਪ੍ਰਮਾਣੂਵਾਦ ਵਰਗੇ ਪੈਂਤੜਿਆਂ ਦਾ ਪ੍ਰਯੋਗ ਕਰਦੇ ਹੋਏ ਵਿਚਾਰਵਾਦ ਨੂੰ ਵੰਗਾਰਿਆ ਅਤੇ ਇਸ ਨੂੰ ਜਬਰਦਸਤ ਟੱਕਰ ਦਿੱਤੀ ਅਤੇ ਵਿਚਾਰਵਾਦ ਦੇ ਗ਼ਲਬੇ ਨੂੰ ਤੋੜਨ ਵਿੱਚ ਵੱਡੀ ਭੂਮਿਕਾ ਨਿਭਾਈ।

ਭਾਰਤੀ ਦਰਸ਼ਨ ਦੀ ਪਰੰਪਰਾ ਵਿਚ ਉਪਰੋਕਤ ਤਿੰਨੋਂ ਖ਼ੇਮੇ ਮੂਲ ਰੂਪ ਵਿੱਚ ਨਾਸਤਿਕ ਖ਼ਾਸੇ ਵਾਲੇ ਸਨ ਪਰ ਇਸ ਤੋਂ ਬਾਅਦ ਵਿਚਾਰਵਾਦੀਆਂ ਦੇ ਅਡੰਬਰਵਾਦ ਦੇ ਖੰਡਨ ਲਈ ਕਈ ਅਧਿਆਤਮਵਾਦੀ ਖ਼ੇਮੇ ਵੀ ਉਭਰਕੇ ਸਾਹਮਣੇ ਆਏ। ਜੋ ਅਧਿਆਤਮਵਾਦੀ ਬਿਰਤੀ ਦੇ ਹੋਣ ਦੇ ਬਾਵਜੂਦ ਤਰਕਵਾਦੀ ਅਤੇ ਪਦਾਰਥਵਾਦੀ ਖ਼ਾਸਾ ਵੀ ਰੱਖਦੇ ਸਨ। ਰਾਹੁਲ ਸ਼ਾਂਕ੍ਰਿਤਿਆਇਨ ਨੇ ਇਸ ਦੌਰ ਵਿੱਚ ਹੋਂਦ ਸਥਾਪਿਤ ਕਰਨ ਵਾਲੀਆਂ ਧਾਰਨਾਵਾਂ ਨੂੰ 'ਸੁਤੰਤਰ ਵਿਚਾਰਕ'[5] ਕਿਹਾ ਹੈ। ਜੈਨ ਅਤੇ ਬੁੱਧ ਧਰਮ ਇਸ ਬਿਰਤੀ ਦੇ ਖੇਮੇ ਰਹੇ। ਇਹ ਖ਼ੇਮੇ ਪਦਾਰਥਵਾਦੀ ਦ੍ਰਿਸ਼ਟੀ ਅਪਣਾਉਂਦੇ ਹੋਏ ਬ੍ਰਾਹਮਣਵਾਦੀ ਵਿਚਾਰਵਾਦ ਲਈ ਇੱਕ ਵੰਗਾਰ ਬਣ ਕੇ ਖੜ੍ਹ ਗਏ ਅਤੇ ਪਦਾਰਥ ਨੂੰ ਬ੍ਰਹਿਮੰਡ ਦਾ ਮੂਲ ਸਰੋਤ ਘੋਸ਼ਿਤ ਕੀਤਾ। ਜੈਨ ਧਰਮ ਵੀ ਵੇਦਾਂ ਨੂੰ ਮੰਨਣ ਤੋਂ ਇਨਕਾਰੀ ਸੀ ਅਤੇ ਕਿਸੇ ਈਸ਼ਵਰ ਦੀ ਹੋਂਦ ਤੋਂ ਵੀ ਮੁਨਕਰ। ਜੈਨ ਧਰਮ ਅਨੁਸਾਰ ਇਸ ਸੰਸਾਰ ਨੂੰ ਚਲਾਉਣ ਵਾਲੀ ਕੋਈ ਈਸ਼ਵਰ ਨਾਮ ਦੀ ਹਸਤੀ ਨਹੀਂ ਹੈ। ਇਸ ਤਰ੍ਹਾਂ ਉਹ ਪੂਰੀ ਤਰ੍ਹਾਂ ਬ੍ਰਾਹਮਣਵਾਦੀ ਵੈਦਿਕ ਗਿਆਨ ਦਾ ਖੰਡਨ ਕਰਦਾ ਹੈ। ਰਾਹੁਲ ਸ਼ਾਂਕ੍ਰਿਤਿਆਇਨ ਅਨੁਸਾਰ: "ਈਸ਼ਵਰ ਨੂੰ ਮੰਨਣ ਦੇ ਮਾਮਲੇ ਵਿੱਚ ਜੈਨ ਵੀ ਚਾਰਵਾਕ ਤੇ ਬੋਧ ਫ਼ਲਸਫ਼ੇ ਨਾਲ ਖੜ੍ਹੇ ਹਨ।"[6] ਇਸ ਤਰ੍ਹਾਂ ਈਸ਼ਵਰ ਦੇ ਸੰਕਲਪ ਨੂੰ ਹੀ ਨਕਾਰ ਦੇਣਾ ਇਹ ਕੱਟੜਪੰਥੀ ਬ੍ਰਾਹਮਣਵਾਦੀ ਕਾਲ ਵਿੱਚ ਸੱਚੀਂ ਹੀ ਇੱਕ ਵੱਡੀ ਗੱਲ ਹੈ। ਇਸ ਤਰ੍ਹਾਂ ਬੁੱਧ ਮੱਤ ਵੀ ਪਦਾਰਥਵਾਦੀ ਦ੍ਰਿਸ਼ਟੀ ਅਪਣਾਉਂਦਾ ਹੈ ਅਤੇ ਬ੍ਰਾਹਮਣਵਾਦੀ ਪਰਾਪੇਗੰਡੇ ਨਾਲ ਟੱਕਰ ਲੈਂਦਾ ਹੋਇਆ ਵੈਦਿਕ ਗਿਆਨ ਤੋਂ ਮੁਨਕਰ ਹੋ ਉਸਦਾ ਖੰਡਨ ਕਰਦਾ ਹੈ। ਬੁੱਧ ਦਰਸ਼ਨ ਦੀ ਸਮਾਜ ਸ਼ਾਸਤਰੀ ਦ੍ਰਿਸ਼ਟੀ ਸਮਾਜ ਵਿਚਲੇ ਨਿੱਜੀ ਜਾਇਦਾਦ ਦੇ ਸੰਕਲਪ ਨੂੰ ਕਾਫ਼ੀ ਹੱਦ ਤੱਕ ਤੋੜਨ ਦੀ ਦਿਸ਼ਾ ਵੱਲ ਲੈ ਕੇ ਤੁਰਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਬੁੱਧ ਧਰਮ ਆਪਣੇ ਪਦਾਰਥਵਾਦੀ ਖ਼ਾਸੇ ਨੂੰ ਆਧਾਰ ਬਣਾ ਕੇ ਵਿਚਾਰਵਾਦੀ ਖ਼ੇਮੇ ਦਾ ਖੰਡਨ ਕਰਦੇ ਹੋਏ ਦਾਰਸ਼ਨਿਕ ਵਿਦਰੋਹੀ ਅੰਦੋਲਨਾਂ ਦੀ ਲੜੀ ਵਿੱਚ ਵਾਧਾ ਕਰਦਾ ਹੈ।

ਪ੍ਰਚੀਨ ਕਾਲ ਵਿਚ ਉਪਰੋਕਤ ਦਰਸ਼ਨਾਂ ਨੇ ਸਮਾਜਿਕ ਖ਼ਾਸੇ ਅਨੁਸਾਰ ਆਪਣੀ ਪ੍ਰਤੀਰੋਧੀ ਭੂਮਿਕਾ ਬਾਖ਼ੂਬੀ ਨਿਭਾਈ ਜਿਸ ਨੇ ਭਾਰਤੀ ਲੋਕਾਂ ਵਿਚ ਮੁੱਢਲੇ ਵਿਦਰੋਹੀ ਅੰਸ਼ ਭਰੇ ਅਤੇ ਪ੍ਰਤੀਰੋਧੀ ਪਰੰਪਰਾ ਦਾ ਆਗਾਜ਼ ਕੀਤਾ। ਇਸ ਪ੍ਰਤੀਰੋਧੀ ਪ੍ਰਤੀਕਿਰਿਆ ਦੀ ਲਗਾਤਾਰਤਾ ਸਾਨੂੰ ਮੱਧਕਾਲੀ ਦੌਰ ਵਿਚ ਵੀ ਵੇਖਣ ਨੂੰ ਮਿਲਦੀ ਹੈ। ਜਿਵੇਂ ਸੂਫ਼ੀ ਅਤੇ ਗੁਰਮਤ ਕਾਵਿ ਧਾਰਾ ਨੇ ਦਾਰਸ਼ਨਿਕ ਵਿਦਰੋਹੀ ਅੰਦੋਲਨਾਂ ਦੀ ਅਗਵਾਈ ਵਿਚ ਅੰਦੋਲਨਾਂ ਦੀ ਅਗਲੀ ਕੜੀ ਜੁੜਦੀ ਹੈ। ਬ੍ਰਾਹਮਣਵਾਦੀ ਕੋੜ-ਘਾੜਿਆਂ ਵਾਂਗ ਹੀ ਕਾਜ਼ੀ ਮੁੱਲ੍ਹਾ ਕਾਬਜ਼ ਸੱਤਾ ਦੇ ਪਿੱਠ-ਥਾਪੜੂ ਬਣੇ ਅਤੇ ਸੱਤਾ ਨਾਲ ਗੰਢ-ਤੁਪ ਕਰ ਆਪਣੀ ਲੁੱਟ ਨੂੰ ਬਰਕਰਾਰ ਰੱਖਣ ਲਈ ਲੋਕਾਈ ਨੂੰ ਧਾਰਮਿਕ ਕਰਮ-ਕਾਂਡਾਂ ਦਾ ਖ਼ੌਫ਼ ਦੇ ਕੇ ਉਨ੍ਹਾਂ ਦਾ ਮਾਨਸਿਕ, ਸਮਾਜਿਕ ਅਤੇ ਆਰਥਿਕ ਸ਼ੋਸ਼ਣ ਕਰਦੇ ਰਹੇ। ਇਸ ਵਿਵਸਥਾ ਖ਼ਿਲਾਫ਼ ਵੀ ਛੇਤੀ ਹੀ ਵਿਦਰੋਹੀ ਸੁਰਾਂ ਉੱਠਣੀਆਂ ਸ਼ੁਰੂ ਹੋ ਗਈਆਂ ਜੋ ਸੱਤਾ ਅਤੇ ਮੁੱਲ੍ਹਾਂ ਕਾਜ਼ੀਆਂ ਦੁਆਰਾ ਕੀਤੀ ਜਾ ਰਹੀ ਲੁੱਟ ਅਤੇ ਸ਼ੋਸ਼ਣ ਨੂੰ ਬੇ-ਪਰਦ ਕਰਦੀ ਸੀ। ਇਹ ਕੰਮ ਇਸਲਾਮਿਕ ਸੂਫ਼ੀਆਨਾ ਖ਼ਾਸੇ ਵਾਲੇ ਖ਼ੇਮੇ ਵਿੱਚ ਪੈਦਾ ਹੋਈ ਸੂਫ਼ੀ ਪਰੰਪਰਾ ਨੇ ਕੀਤਾ । ਇਹ ਵਿਦਰੋਹੀ ਚੇਤਨਾ ਸੂਫ਼ੀਆਨਾ ਸ਼ਰੀਅਤ ਦੀ ਬੁੱਕਲ ਵਿਚੋਂ ਫ਼ੁੱਟੇ ਕਿਸੇ ਵਿਦਰੋਹੀ ਅੰਦੋਲਨ ਤੋਂ ਘੱਟ ਨਹੀਂ ਸੀ। ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਦੇ ਮੱਤ ਅਨੁਸਾਰ "ਸੂਫ਼ੀ ਸਾਹਿਤ ਦੀ ਵੱਡੀ ਵਿਸ਼ੇਸ਼ਤਾ

ਇਹ ਸੀ ਕਿ ਇਸ ਅੰਦਰ ਸ਼ਰ੍ਹਾ ਦੀ ਕੱਟੜਪ੍ਰਸਤੀ ਵਿਰੁੱਧ ਵਿਦਰੋਹ ਤੇ ਉਦਾਰਵਾਦੀ ਮਾਨਵਤਾ ਵਾਲਾ ਦ੍ਰਿਸ਼ਟੀਕੋਣ ਸੀ।"[7] ਇਸ ਦੌਰ ਦੀ ਵਿਦਰੋਹੀ ਸੁਰ ਦਾ ਸਿਖਰ ਬੁੱਲ੍ਹਾ ਹੋ ਨਿੱਬੜਿਆ। ਨਾਲ ਹੀ ਇਸ ਦੇ ਸਮਕਾਲ ਵਿਚ ਚੱਲ ਰਹੀ ਗੁਰਮਤਿ ਧਾਰਾ ਨੇ ਭਾਰਤ ਦੀ ਸਮਾਜਿਕ ਕ੍ਰਾਂਤੀ ਵਿੱਚ ਇੱਕ ਅਹਿਮ ਭੂਮਿਕਾ ਨਿਭਾਈ। ਡਾ. ਕੁਲਵੀਰ ਸਿੰਘ ਕਾਂਗ ਦੇ ਮੱਤ ਅਨੁਸਾਰ;

ਸਮਾਜਿਕ ਕ੍ਰਾਂਤੀ ਕੇਵਲ ਇੱਕ ਪੱਖੀ ਨਹੀਂ ਹੁੰਦੀ ਇਹ ਸਰਵ-ਪੱਖੀ ਹੁੰਦੀ ਹੈ। ਇਸ ਲਈ ਗੁਰੂ ਜੀ ਨੇ ਸਰਵ-ਦਿਸ਼ਾਵੀਂ ਕ੍ਰਾਂਤੀ ਦੀ ਨੀਂਹ ਰੱਖੀ। ਉਨ੍ਹਾਂ ਨੇ ਸਮਾਜਿਕ ਦਵੈਸ਼ ਆਰਥਕ ਲੁੱਟ-ਖਸੁੱਟ ਅਤੇ ਰਾਜਸੀ ਕੁਕਰਮਾਂ ਅਰਥਾਤ ਸਭ ਉੱਤੇ ਪ੍ਰਹਾਰ ਕੀਤਾ। ਗੁਰੂ ਨਾਨਕ ਸਾਹਿਬ ਨੇ ਸਮਾਜਿਕ ਯਥਾਰਥ ਦਾ ਵਿਸ਼ਲੇਸ਼ਣ ਕਰਕੇ, ਆਪਣੀ ਕਾਵਿ-ਬਾਣੀ ਦੁਆਰਾ ਸਾਨੂੰ ਅਜਿਹੀ ਸਰਬ-ਕਾਲੀ ਕ੍ਰਾਂਤੀਕਾਰੀ ਵਿਚਾਰ-ਵਿਧਾ ਦਿੱਤੀ ਹੈ ਜੋ ਯੁੱਗਾਂ-ਯੁੱਗਾਂਤਰਾਂ ਤੱਕ ਸਾਡੀ ਅਗਵਾਈ ਕਰਦੀ ਰਹੇਗੀ।[8]

ਲੇਖਕ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਸਮਾਜ ਸੁਧਾਰਕ ਬਾਬਾ ਨਾਨਕ ਕ੍ਰਾਂਤੀਕਾਰੀ ਭੂਮਿਕਾ ਨਿਭਾਉਂਦੇ ਹੋਏ ਸਮਾਜਿਕ ਕੁਰੀਤੀਆਂ ਖ਼ਿਲਾਫ਼ ਬੇਬਾਕ ਬੋਲੇ ਅਤੇ ਗੁਰਮਿਤ ਪੈਰੋਕਾਰ ਸਮਾਜ ਵਿਚਲੀਆਂ ਇਹਨਾਂ ਬੁਰਾਈਆਂ ਨਾਲ ਨਿਰੰਤਰ ਦਸਤ-ਪੰਜਾ ਲੈਂਦੇ ਰਹੇ। ਜਸਵੰਤ ਸਿੰਘ ਨੇਕੀ ਦੇ ਮੱਤ ਅਨੁਸਾਰ; "ਗੁਰੂ ਨਾਨਕ ਦੇਵ ਨੇ ਮੱਧਕਾਲੀ ਭਾਰਤ ਦੇ ਇਤਿਹਾਸ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦੀ ਸਭਿਆਚਾਰਕ ਕ੍ਰਾਂਤੀ ਨੂੰ ਜਨਮ ਦਿੱਤਾ।"[9] ਇਸ ਤਰ੍ਹਾਂ ਗੁਰਮਤਿ ਦੇ ਬਾਨੀ ਗੁਰੂ ਨਾਨਕ ਦੇਵ ਨੇ ਸਮਾਜ ਵਿਚਲੀ ਹਰ ਉਸ ਅਲਾਮਤ ਦੇ ਵਿਰੁੱਧ ਆਵਾਜ਼ ਉਠਾਈ ਜੋ ਸਮਾਜ ਨੂੰ ਖੁੰਢਾ ਕਰਨ' 'ਚ ਲੱਗੀ ਹੋਈ ਸੀ।

ਭਾਰਤ ਵਿੱਚ ਅੰਗਰੇਜ਼ ਰਾਜ ਸਮੇਂ ਕ੍ਰਾਂਤੀਕਾਰੀ ਅੰਦੋਲਨ: - ਭਾਰਤ ਵਿੱਚ ਅੰਗਰੇਜ਼ ਸੱਤਾ ਕਾਬਜ਼ ਹੋਣ ਬਾਅਦ ਨਵੀਆਂ ਰੁਚੀਆਂ, ਨਵੇਂ ਵਿਚਾਰ ਅਤੇ ਨਵੀਆਂ ਲੋਕ ਸ਼ਕਤੀਆਂ, ਲੋਕ ਸੰਘਰਸ਼ਾਂ ਅਤੇ ਵਿਦਰੋਹਾਂ ਦਾ ਉਭਾਰ ਵੀ ਵੇਖਣ ਨੂੰ ਮਿਲਿਆ। ਭਾਰਤੀ ਸਮਾਜ ਵਿੱਚ ਲੰਮੇ ਅਰਸੇ ਤੱਕ ਜਗੀਰਦਾਰੀ ਪ੍ਰਣਾਲੀ ਨੇ ਆਪਣੇ ਪੈਰ ਜਮਾਈ ਰੱਖੇ, ਜੋ ਇੱਥੋਂ ਦੀ ਲੁਕਾਈ ਦੀ ਕਿਰਤ ਉੱਤੇ ਪਲ਼ਦੀ ਰਹੀ। ਸਾਮਰਾਜਵਾਦੀ ਸ਼ਕਤੀਆਂ ਦੇ ਚੁੰਗਲ ਵਿੱਚ ਭਾਰਤੀ ਵਿਵਸਥਾ ਆ ਗਈ ਤਾਂ ਇਸ ਨੇ ਵੀ ਰੱਜ ਕੇ ਮਿਹਨਤਕਸ਼ ਤਬਕੇ ਦੀ ਕਿਰਤ ਦੀ ਲੁੱਟ ਕੀਤੀ। ਭਾਵ ਇਨ੍ਹਾਂ ਦੋਵਾਂ ਹੀ ਪ੍ਰਣਾਲੀਆਂ ਨੇ ਮਿਲ ਕੇ ਭਾਰਤੀ ਲੋਕਾਈ ਦਾ ਰੱਜ ਕੇ ਸ਼ੋਸ਼ਣ ਕੀਤਾ। ਇਸ ਸ਼ੋਸ਼ਣ ਦੇ ਵਿਰੁੱਧ ਉੱਠੀ ਆਵਾਜ਼ ਨੇ ਭਾਰਤ ਵਿੱਚ ਸੰਘਰਸ਼ਸ਼ੀਲ ਜੁਝਾਰੂ ਵਿਦਰੋਹਾਂ ਤੇ ਅੰਦੋਲਨਾਂ ਦੀ ਇੱਕ ਲੰਮੀ ਪਰੰਪਰਾ ਦਾ ਆਗਾਜ਼ ਕੀਤਾ। ਅੰਗਰੇਜ਼ ਸੱਤਾ ਅਤੇ ਇਸ ਦੀ ਪਿੱਠੂ ਜਗੀਰੂ ਤਾਕਤਾਂ ਵੱਲੋਂ ਮਿਹਨਤਕਸ਼ ਕਿਰਤੀ ਲੋਕਾਈ ਦਾ ਕੀਤਾ ਜਾ ਰਿਹਾ ਸ਼ੋਸ਼ਣ ਆਪਣੀਆਂ ਹੱਦਾਂ ਲੰਘ ਚੁੱਕਾ ਸੀ। ਇਸ ਸ਼ੋਸ਼ਣ ਤੇ ਲੁੱਟ ਵਿਰੁੱਧ ਸੰਘਰਸ਼ ਉੱਠਣੇ ਸ਼ੁਰੂ ਹੋ ਗਏ। 18ਵੀਂ ਸਦੀ ਦੇ ਪਿਛਲੇ ਅੱਧ ਤੋਂ ਬਾਅਦ ਅੰਦੋਲਨ ਸ਼ਬਦ ਦੀ ਪਰਿਭਾਸ਼ਾ ਵੀ ਵੱਖਰੇ ਪ੍ਰਤੀਮਾਨ ਸਥਾਪਿਤ ਕਰਦੀ ਹੈ। ਇਸ ਦੌਰ ਵਿੱਚ ਆ ਕੇ ਅੰਦੋਲਨ ਵਿਚਾਰਧਾਰਕ ਹੋਣ ਦੇ ਨਾਲ ਨਾਲ ਵਿਵਹਾਰਿਕ ਰੂਪ ਵੀ ਅਪਣਾਉਣ ਲੱਗਦਾ ਹੈ। ਨੇਕੀ ਤੇ ਬਦੀ ਦੀ ਲੜਾਈ ਵਿਚਾਰਧਾਰਕ ਦੀ ਥਾਂ ਵਿਵਹਾਰਿਕ ਰੰਗਤ ਅਪਣਾਉਂਦੀ ਹੋਈ ਸੱਤਾ ਵਿਰੁੱਧ ਬਗ਼ਾਵਤੀ ਅੰਦੋਲਨਾਂ ਦੀਆਂ ਲਹਿਰਾਂ ਦੇ ਰੂਪ ਵਿੱਚ ਲੋਕ-ਰੋਹ ਨੂੰ ਖੜ੍ਹਾ ਕਰਦੀ ਹੈ। ਅੰਦੋਲਨ ਫ਼ਲਸਫ਼ਾਨਾ ਬਹਿਸਾਂ ਤੋਂ ਅੱਗੇ ਤੁਰਦਾ ਹੈ ਅਤੇ ਸੱਤਾ ਵਿਰੁੱਧ ਬਗ਼ਾਵਤੀ ਸੁਰ ਅਲਾਪਦਾ ਹੋਇਆ ਸੜਕਾਂ 'ਤੇ ਉੱਤਰ ਆਉਂਦਾ ਹੈ ਅਤੇ

ਲੋਕ-ਸੰਘਰਸ਼ਾਂ ਦਾ ਝੰਡਾ ਲਹਿਰਾ ਦਿੱਤਾ ਜਾਂਦਾ ਹੈ। 18ਵੀਂ ਸਦੀ ਦੇ ਪਿਛਲੇ ਅੱਧ ਤੋਂ ਬਾਅਦ ਅਤੇ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਭਾਰਤ ਬਗ਼ਾਵਤਾਂ ਅਤੇ ਵਿਦਰੋਹਾਂ ਦੇ ਰੰਗ ਵਿੱਚ ਰੰਗਿਆ ਨਜ਼ਰ ਆਉਣ ਲੱਗਦਾ ਹੈ। ਇਨ੍ਹਾਂ ਵਿਦਰੋਹਾਂ ਦੀ ਪਿੱਠ-ਭੂਮੀ ਨੇ ਹੀ 1857ਈ. ਦੀ ਪਹਿਲੀ ਆਜ਼ਾਦੀ ਦੀ ਕ੍ਰਾਂਤੀ ਨੂੰ ਉਭਾਰਿਆ। ਭਾਰਤ ਵਿੱਚ ਹੋਏ ਕਿਸਾਨ ਸੰਘਰਸ਼ਾਂ ਤੇ ਸੈਨਿਕ ਵਿਦਰੋਹਾਂ ਨੇ ਬ੍ਰਿਟਿਸ਼ ਸਾਮਰਾਜ ਲਈ ਗੰਭੀਰ ਚੁਣੌਤੀ ਖੜੀ ਕਰ ਦਿੱਤੀ, ਜਿਨ੍ਹਾਂ ਵਿਚੋਂ ਬੰਗਾਲ ਵਿੱਚ ਹੋਈ 'ਸਨਿਆਸੀਆਂ ਅਤੇ ਫ਼ਕੀਰਾਂ ਦੀ ਬਗ਼ਾਵਤ' ਆਦਿਵਾਸੀਆਂ ਦੇ ਇੱਕ ਹਿੱਸੇ ਵੱਲੋਂ ਕੀਤੀ ਗਈ 'ਚੁਆਰ ਬਗ਼ਾਵਤ' 'ਬਿਹਾਰ ਦੇ 'ਛੋਟਾ ਨਾਗਪੁਰ' ਅਤੇ 'ਸਿੰਘਭੂਮਾ' ਦੀਆਂ 'ਹੋ' ਅਤੇ 'ਮੁੰਡਾ' ਜਨ ਜਾਤੀਆਂ ਨੇ ਵੀ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕੀਤੀ, ਸੰਥਾਲ ਬਗ਼ਾਵਤ, ਅਹਿਲ ਬਗ਼ਾਵਤ, ਖ਼ਾਸੀ ਬਗ਼ਾਵਤ, ਪਾਗਲਪੰਥੀ ਬਗ਼ਾਵਤ, ਭੀਲ ਬਗ਼ਾਵਤ, ਕੋਲ ਬਗ਼ਾਵਤ, ਕੱਛ ਬਗ਼ਾਵਤ, ਬਘੇਰਾ ਆਦਿ ਕਈ ਅਜਿਹੀਆਂ ਬਗ਼ਾਵਤਾਂ ਅੰਗਰੇਜ਼ਾਂ ਵਿਰੁੱਧ ਲਗਾਤਾਰ ਚੱਲਦੀਆਂ ਰਹੀਆਂ। ਦੇਸ਼ ਵਿੱਚ ਹੋ ਰਹੀਆਂ ਇਨ੍ਹਾਂ ਬਗ਼ਾਵਤਾਂ ਤੋਂ ਸਾਫ਼ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸ ਸਮੇਂ ਤੱਕ ਬ੍ਰਿਟਿਸ਼ ਸੱਤਾ ਦਾ ਲੋਕ ਵਿਰੋਧੀ ਚਿਹਰਾ ਨੰਗਾਂ ਹੋ ਚੁੱਕਿਆ ਸੀ। ਲੁਕਾਈ ਹੁਣ ਕਿਸੇ ਵੀ ਹੱਦ 'ਤੇ ਆਪਣੀ ਲੁੱਟ ਨੂੰ ਜਾਰੀ ਨਹੀਂ ਰਹਿਣ ਦੇਣਾ ਚਾਹੁੰਦੀ ਸੀ। ਉਨ੍ਹਾਂ ਨੇ ਡਟ ਕੇ ਵਿਰੋਧ ਕਰਨੇ ਸ਼ੁਰੂ ਕੀਤੇ। ਭਾਰਤੀ ਲੋਕਾਂ ਦੇ ਬਗ਼ਾਵਤਾਂ ਰਾਹੀਂ ਫੁੱਟ ਰਹੇ ਰੋਹ ਨੂੰ ਵੇਖ ਕੇ ਬ੍ਰਿਟਿਸ਼ ਸਾਮਰਾਜ ਪੂਰੀ ਤਰ੍ਹਾਂ ਹਿੱਲ ਗਿਆ। ਇਹਨਾਂ ਵਿਦਰੋਹੀ ਬਗ਼ਾਵਤਾਂ ਨੇ ਦੇਸ਼ ਨੂੰ ਕ੍ਰਾਂਤੀਕਾਰੀ ਹਲੂਣਾ ਦਿੱਤਾ ਤੇ ਦੇਸ ਮਹਾਨ ਲੋਕ-ਲਹਿਰਾਂ ਖੜ੍ਹੀਆਂ ਕਰਨ ਵੱਲ ਵਧਦਾ ਗਿਆ।

**ਪੰਜਾਬ ਅਤੇ ਬੰਗਾਲ ਵਿੱਚ ਉੱਭਰੇ ਸਮਾਜ ਸੁਧਾਰਕ ਅੰਦੋਲਨ** - ਭਾਰਤ ਵਿੱਚ 19ਵੀਂ ਸਦੀ ਦੇ ਪਿਛਲੇ ਅੱਧ ਅਤੇ 20ਵੀਂ ਸਦੀ ਦੇ ਆਰੰਭਿਕ ਦੌਰ ਨੇ ਅਨੇਕਾਂ ਲੋਕ ਅੰਦੋਲਨਾਂ ਨੂੰ ਜਨਮ ਦਿੱਤਾ। ਇਹ ਅੰਦੋਲਨ ਨਿਰੋਲ ਰਾਜਨੀਤਿਕ ਵੀ ਰਹੇ ਅਤੇ ਕੁੱਝ ਸਮਾਜ ਸੁਧਾਰਕ ਵੀ ਸਨ। ਇਸ ਤਰ੍ਹਾਂ ਪੰਜਾਬ ਅਤੇ ਬੰਗਾਲ ਵਿੱਚ ਕਈ ਅੰਦੋਲਨ ਸ਼ੁਰੂ ਹੋਏ ਜਿਨ੍ਹਾਂ ਵਿਚੋਂ ਕੁੱਝ ਦਾ ਮਕਸਦ ਭਾਸ਼ਾ ਦਾ ਪ੍ਰਸਾਰ ਕਰਨਾ, ਸਮਾਜਿਕ ਕੁਰੀਤੀਆਂ ਤੋਂ ਸਮਾਜ ਨੂੰ ਬਾਹਰ ਲੈ ਕੇ ਆਉਣ ਦੇ ਨਾਲ ਨਾਲ ਕੁੱਝ ਨਿਰੋਲ ਰਾਜਨੀਤਿਕ ਉਦੇਸ਼ ਨੂੰ ਲੈ ਕੇ ਵੀ ਉੱਭਰੇ ਜਿਨ੍ਹਾਂ ਦੀ ਚਾਹਤ ਸਮਾਜ ਨੂੰ ਇੱਕ ਕ੍ਰਾਂਤੀਕਾਰੀ ਬਦਲ ਤੀਕ ਲਿਜਾਣਾ ਸੀ। ਜਿਸ ਵਿਚ ਬ੍ਰਹਮੋ ਸਮਾਜ, ਕੂਕਾ ਲਹਿਰ, ਸਿੰਘ ਸਭਾ ਲਹਿਰ, ਆਰੀਆ ਸਮਾਜ ਲਹਿਰ, ਬੱਬਰ ਅਤੇ ਅਕਾਲੀ ਲਹਿਰ ਵਰਗੀਆਂ ਸਮਾਜ ਸੁਧਾਰਕ ਲਹਿਰਾਂ ਨੇ ਅਹਿਮ ਯੋਗਦਾਨ ਪਾਇਆ।

**ਪੰਜਾਬ ਅਤੇ ਬੰਗਾਲ ਵਿੱਚ ਖੱਬੇਪੱਖੀ ਲਹਿਰ ਦਾ ਉਭਾਰ** :- ਰੂਸ ਦੀ ਕ੍ਰਾਂਤੀ ਜਿਸ ਨੇ ਆਪਣੇ ਵਿਸ਼ੇਸ਼ ਖ਼ਾਸੇ ਕਰਕੇ ਦੁਨੀਆ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ। ਪੰਜਾਬ ਅਤੇ ਬੰਗਾਲ ਵੀ ਇਸ ਤੋਂ ਪ੍ਰਭਾਵਿਤ ਹੋਣੋ ਨਾ ਰਹਿ ਸਕਿਆ। ਭਗਵਾਨ ਸਿੰਘ ਜੋਸ਼ ਦੇ ਮੱਤ ਅਨੁਸਾਰ "ਰੂਸੀ ਇਨਕਲਾਬ ਨੇ ਪੂਰਬ ਦੇ ਲੋਕਾਂ ਨੂੰ ਕੇਵਲ ਕੌਮੀ ਆਜ਼ਾਦੀ ਲਈ ਹੀ ਨਹੀਂ ਜਗਾਇਆ, ਸਗੋਂ ਇਸ ਤੋਂ ਇਲਾਵਾ ਉਨ੍ਹਾਂ ਦੀ ਸਮੁੱਚੀ ਸੋਚਣੀ ਉੱਤੇ ਵੀ ਬਹੁ-ਪੱਖੀ ਪ੍ਰਭਾਵ ਪਾਇਆ। ਜਿਸਨੇ ਪਹਿਲੀ ਵਾਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸਾਮਰਾਜੀ ਲੁੱਟ ਦੇ ਖ਼ਿਲਾਫ਼ ਜਥੇਬੰਦ ਹੋਣ ਦਾ ਦ੍ਰਿਸ਼ਟੀਕੋਣ ਸਾਹਮਣੇ ਰੱਖਿਆ।"[10] ਇਸ ਲਈ ਰੂਸ ਦੇ ਸਮਾਜਵਾਦੀ ਖ਼ਾਸੇ ਨੇ ਭਾਰਤੀ ਲੋਕਾਈ ਨੂੰ ਵੀ ਪ੍ਰਭਾਵਿਤ ਕਰਨਾ ਹੀ ਸੀ, ਜਿਸਨੇ ਦੁਨੀਆ ਭਰ ਦੀ ਰਾਜਨੀਤਿਕ

ਚੇਤਨਾ ਨੂੰ ਟੁੰਬਿਆ ਅਤੇ ਇੱਕ ਨਵੀਂ ਪ੍ਰੇਣਨਾ ਸ਼ਕਤੀ ਬਖ਼ਸ਼ੀ। ਅਸਲ ਵਿੱਚ ਇਸ ਪਿੱਛੇ ਕੰਮ ਕਰ ਰਹੀ ਉਹ ਮਾਰਕਸਵਾਦੀ ਵਿਚਾਰਧਾਰਾ ਰਹੀ ਜਿਸਨੇ ਉਸ ਵਰਗ ਦੀ ਗੱਲ ਕਰਨੀ ਸ਼ੁਰੂ ਕੀਤੀ ਜੋ ਸਦੀਆਂ ਤੋਂ ਨਪੀੜਿਆ ਜਾ ਰਿਹਾ ਸੀ। ਜਿਸ ਵਰਗ ਨੂੰ ਜਮਾਤੀ ਢਾਂਚੇ ਵਾਲੇ ਸਮਾਜ ਨੇ ਹਮੇਸ਼ਾ ਹੀ ਹਾਸ਼ੀਏ ’ਤੇ ਰੱਖਿਆ। ਭਾਰਤ ਵੀ ਇਸ ਜਮਾਤੀ ਢਾਂਚੇ ਵਾਲੇ ਰੋਗ ਤੋਂ ਗ੍ਰਸਤ ਦੇਸ਼ ਸੀ। ਇੱਥੇ ਪ੍ਰਚੀਨ ਕਾਲ ਤੋਂ ਹੀ ਸਮਾਜ ਸੁਧਾਰਕ ਧਾਰਮਿਕ ਮੁਹਿੰਮਾਂ ਅਤੇ ਸਮਾਜਿਕ ਲਹਿਰਾਂ ਚੱਲਦੀਆਂ ਰਹੀਆਂ ਜੋ ਇਸ ਦਾ ਸਬੂਤ ਹੋ ਨਿੱਬੜਦੀਆਂ ਹਨ। ਮਾਰਕਸਵਾਦੀ ਵਿਚਾਰਧਾਰਾ ਨੇ ਇਸ ਜਮਾਤੀ ਢਾਂਚੇ ਵਿਚਲੀ ਦੱਬੀ-ਕੁਚਲੀ ਜਮਾਤ ਦੀ ਬਰਾਬਰੀ ਦੀ ਗੱਲ ਹੀ ਨਹੀਂ ਸਗੋਂ ਉਸਨੂੰ ਸਮਾਜਿਕ ਤਬਦੀਲੀ ਵਿੱਚ ਕ੍ਰਾਂਤੀਕਾਰੀ ਭੂਮਿਕਾ ਨਿਭਾਉਣ ਵਾਲੀ ਮੁੱਖ ਸ਼ਕਤੀ ਦੇ ਤੌਰ ’ਤੇ ਉਭਾਰਿਆ। ਰੂਸੀ ਕ੍ਰਾਂਤੀ ਨੇ ਇਹ ਸਾਫ਼ ਕਰ ਦਿੱਤਾ ਕਿ ਸੱਤਾ ਪਲਟੇ ਤੋਂ ਬਿਨਾਂ ਸਮਾਜ ਸੁਧਾਰ ਦੇ ਕਾਰਜ, ਖੱਪੇ ਭਰਨ ਤੋਂ ਵੱਧ ਕੁੱਝ ਨਹੀਂ ਹਨ। ਪੂਰਨ ਤਬਦੀਲੀ ਲਈ ਕ੍ਰਾਂਤੀ ਲਾਜ਼ਮੀ ਸ਼ਰਤ ਹੈ। ਜਿਸ ਨੂੰ ਲੋਕ ਸੰਘਰਸ਼ਾਂ ਦਾ ਉਭਾਰ ਹੀ ਦਿਸ਼ਾ ਦੇ ਸਕਦਾ ਸੀ। ਭਾਰਤ ਦੇਸ਼ ਇਸ ਲੋਕ-ਸੰਘਰਸ਼ਾਂ ਦੇ ਰਾਹ ਤੁਰ ਚੁੱਕਿਆ ਸੀ। 15 ਦਸੰਬਰ 1918 ਈ. ਨੂੰ ਪ੍ਰਾਵਦਾ ਨੇ ਲਿਖਿਆ ਸੀ ਕਿ “ਪੂਰਵ ਲਾਲ ਹੋ ਰਿਹਾ ਹੈ। ਇਸ ਦਾ ਸਬੂਤ ਅਫ਼ਗ਼ਾਨਿਸਤਾਨ, ਮਿਸਰ ਅਤੇ ਭਾਰਤ ਵਿੱਚ ਹੋ ਰਹੀਆਂ ਬਗ਼ਾਵਤਾਂ ਅਤੇ ਰੋਸ ਦੀਆਂ ਦਰਜਨਾਂ ਰਿਪੋਰਟਾਂ ਹਨ। ਪੂਰਬ ਪਹਿਲਾਂ ਹੀ ਸੋਵੀਅਤ ਯੂਨੀਅਨ ਮਾਸਕੋ ਵੱਲ ਆਪਣੇ ਹੱਥ ਵਧਾ ਰਿਹਾ ਹੈ ਅਤੇ ਲੰਦਨ ਵੱਲੋਂ ਆਪਣਾ ਮੂੰਹ ਮੋੜ ਰਿਹਾ ਹੈ।”[11] 16 ਜੁਲਾਈ 1919 ਈ. ਨੂੰ ਕਲਕੱਤਾ ਦੇ ਮਸ਼ਹੂਰ ਕੌਮੀਵਾਦੀ ਨਾਇਕ ਨੇ ਇਹੋ ਜਿਹੀ ਹੀ ਇਕ ਹੋਰ ਵਿਸ਼ੇਸ਼ ਟਿੱਪਣੀ ਕਰਦਿਆਂ ਲਿਖਿਆ ਕਿ “ਇਸ ਯੁੱਗ ਦਾ ਲੰਬੜਦਾਰ ਬੋਲਸ਼ਵਿਕਵਾਦ ਸਾਡੀਆਂ ਦਲਹਿਜਾਂ ’ਤੇ ਹੈ।” ਭਾਰਤ ਦੇ ਕੁੱਝ ਖ਼ਿੱਤਿਆਂ ਵਿਚੋਂ ਅਲੱਗ ਅਲੱਗ ਵਿਚਾਰਧਾਰਾਵਾਂ ਦੇ ਸੰਘਰਸ਼ੀ ਬਿਰਤੀ ਵਾਲੇ ਭੱਦਰ ਪੁਰਸ਼ਾਂ ਨੇ ਲਗ-ਪਗ 1918-20 ਦੇ ਸਮੇਂ ਦੌਰਾਨ ਸਮਾਜਵਾਦੀ ਰੂਸ ਵੱਲ ਨੂੰ ਚਾਲੇ ਪਾਏ ਅਤੇ ਸੋਵੀਅਤ ਯੂਨੀਅਨ ਦੀ ਸਮਾਜਵਾਦੀ ਅਤੇ ਖੱਬੇਪੱਖੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ। ਮੁੱਖ ਰੂਪ ਵਿੱਚ ਇਹ ਗ਼ਦਰੀ ਬਾਬੇ ਸਨ ਜਿੰਨਾ ਨੇ 1913 ਵਿੱਚ ਗ਼ਦਰ ਪਾਰਟੀ ਬਣਾਈ ਸੀ। ਗ਼ਦਰ ਦੇ ਫੇਲ ਹੋ ਜਾਣ ਕਰਕੇਂ ਇਹ ਖੱਬੇਪੱਖੀ ਵਿਚਾਰਧਾਰਾ ਵੱਲ ਖਿੱਚੇ ਗਏ।

ਬੰਗਾਲ ਵਿੱਚ ਖੱਬੇ-ਪੱਖੀ ਵਿਚਾਰਧਾਰਾ ਦਾ ਉਭਾਰ ਪਹਿਲੇ ਕ੍ਰਾਂਤੀਕਾਰੀ ਗਰੁੱਪਾਂ ਅਧੀਨ ਹੋਇਆ। ਇਨ੍ਹਾਂ ਵਿੱਚ ਅਨੁਸ਼ੀਲਨ ਸਮਿਤੀ ਨਾਂ ਦੇ ਕ੍ਰਾਂਤੀਕਾਰੀ ਗਰੁੱਪਾਂ ਦੀ ਸਥਾਪਨਾ ਮਿਦਨਾਪੁਰ ਅਤੇ ਕਲਕੱਤੇ ਵਿੱਚ ਹੋ ਚੁੱਕੀ ਸੀ। ਇਸ ਤੋਂ ਇਲਾਵਾ ਬੰਗਾਲ ਵਿੱਚ ਇਕ ‘ਜੁਗਾਂਤਰ’ ਨਾਮ ਦੇ ਨਿਕਲਦੇ ਕ੍ਰਾਂਤੀਕਾਰੀ ਅਖ਼ਬਾਰ ਦੇ ਨਾਮ ਉੱਤੇ ਵੀ ਇਕ ‘ਜੁਗਾਂਤਰ’ ਕ੍ਰਾਂਤੀਕਾਰੀ ਗਰੁੱਪ ਬਣਿਆ ਹੋਇਆ ਸੀ। ਜਿਨ੍ਹਾਂ ਦਾ ਉਭਾਰ 1905 ਤੋਂ ਬਾਅਦ ਦੇਖਣ ਨੂੰ ਮਿਲਿਆ। ਇਨ੍ਹਾਂ ਦਾ ਮਕਸਦ ਭਾਰਤ ਵਿੱਚ ਹਥਿਆਰਬੰਦ ਇਨਕਲਾਬ ਕਰਨਾ ਸੀ। ਇਨ੍ਹਾਂ ਗਰੁੱਪਾਂ ਨੇ ਬੰਬ ਬਣਾ ਕੇ ਕਈ ਐਕਸ਼ਨ ਕਰਕੇ ਅੰਗਰੇਜ਼ ਅਫ਼ਸਰਾਂ ਨੂੰ ਮਾਰਨ ਦੀ ਅਸਫਲ ਕੋਸ਼ਿਸ਼ ਵੀ ਕੀਤੀ। ਇਨ੍ਹਾਂ ਦੇ ਬਹੁਤ ਸਾਰੇ ਸਾਥੀ ਗ੍ਰਿਫ਼ਤਾਰ ਕਰ ਕੇ ਸ਼ਹੀਦ ਕਰ ਦਿੱਤੇ ਗਏ। ਇਨ੍ਹਾਂ ਗਰੁੱਪਾਂ ਦਾ ਸੰਪਰਕ ਗ਼ਦਰੀਆਂ ਨਾਲ ਹੋਇਆ ਜੋ ਬਾਅਦ ਵਿਚ ਰੂਸ ਦੇ ਸਮਾਜਵਾਦ ਤੋਂ ਪ੍ਰਭਾਵਿਤ ਹੋਏ। ਭਾਵ ਸਾਡੇ ਮੁੱਢਲੇ ਕਮਿਊਨਿਸਟ ਪੰਜਾਬ ਦੇ ਗ਼ਦਰੀ ਬਾਬੇ ਅਤੇ ਬੰਗਾਲ ਦੇ ਕ੍ਰਾਂਤਾਕਾਰੀ ਗਰੁੱਪਾਂ ਦੇ ਮੈਂਬਰ ਹੋਏ ਸਨ, ਜਿਨ੍ਹਾਂ ਨੇ ਮਿਲ ਕੇ ਭਾਰਤ ਵਿੱਚ ਵਿਦਰੋਹ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਗਈਆਂ। ਉਨ੍ਹਾਂ

ਦੀ ਅੱਖ ਰੂਸ ਵਿੱਚ ਵਾਪਰ ਰਹੇ ਵਰਤਾਰੇ ਨੂੰ ਵੇਖ ਰਹੀ ਸੀ। ਜੋ ਉਨ੍ਹਾਂ ਨੂੰ ਪ੍ਰਭਾਵਿਤ ਵੀ ਕਰ ਰਹੀ ਸੀ।

ਇਸ ਤਰ੍ਹਾਂ ਇਹ ਉਹ ਪੜਾਅ ਹੈ ਜਦੋਂ ਭਾਰਤੀ ਲੋਕ ਅੰਦੋਲਨਾਂ ਨੂੰ ਇਕ ਵੱਖਰੇ ਦ੍ਰਿਸਟੀਕੋਣ ਤੋਂ ਅਗਵਾਈ ਦੇਣ ਲਈ ਅੱਲਗ ਰਣਨੀਤੀ ਉਭਾਰੀ ਜਾਂਦੀ ਹੈ। ਪਹਿਲੇ ਪੜਾਅ ਤੇ ਇਹਨਾਂ ਅੰਦੋਲਨਾਂ ਦਾ ਖਾਸਾ ਵਿਵਹਾਰਕ ਨਾ ਹੋ ਕੇ ਵਿਚਾਰਧਾਕ ਰਿਹਾ ਅਤੇ ਭੌਤਿਕਵਾਦੀ ਤੇ ਪਦਾਰਥਵਾਦੀ ਨਜਰੀਏ ਦੀ ਟੱਕਰ ਵਿਚਾਰਵਾਦ ਨਾਲ ਰਹੀ। ਅਧੁਨਿਕ ਦੌਰ ਵਿਚ ਪਰਵੇਸ਼ ਕਰਦਿਆਂ ਹੀ ਇਹ ਲੋਕ-ਅੰਦੋਲਨ ਲਾਵੇ ਵਾਂਗ ਫੁੱਟ ਪਏ ਅਤੇ ਲੋਕਾਈ ਨੇ ਸਿਧੇ ਵਿਦਰੋਹ ਦਾ ਰਾਹ ਅਪਨਾ ਲਿਆ ਤੇ ਸੱਤਾ ਨੂੰ ਹੱਥਿਆਰਬੰਦ ਟੱਕਰ ਦੇਣ ਲਈ ਤੁਰ ਪਈ। ਇਸ ਪੜਾਅ ਤੇ ਪਹੁੰਚ ਕੇ ਅੰਦਲੋਨ ਸ਼ਬਦ ਵਿਵਹਾਰਕ ਹੋ ਨਿਬੜਦਾ ਹੈ। ਅਸਲ ਵਿਚ ਇਸ ਵੱਖੋ ਵੱਖਰੇ ਅੰਦੋਲਨ ਦੇ ਸਰੂਪ ਨੇ ਵੀ ਲੋਕ ਸ਼ਕਤੀ ਨੂੰ ਇਕ ਜੁੱਟ ਹੋਣ ਤੋਂ ਰੋਕੀ ਰੱਖਿਆ ਤੇ ਲੋਕ ਰੋਹ ਨਿਕੇ ਨਿੱਕੇ ਖੇਤਰੀ ਹੱਦਾਂ ਤੋਂ ਬਾਹਰ ਨਾ ਫੈਲ ਸਕਿਆ। ਪਰ ਖੱਬੇਪੱਖੀ ਵਿਚਾਰਧਾਰਾ ਦੇ ਪ੍ਰਵੇਸ਼ ਨੇ ਇਸ ਦੇ ਖਾਸੇ ਨੂੰ ਵੱਖਰੇ ਰੂਪ ਵਿਚ ਉਭਾਰਿਆ। ਇਸ ਖੱਬੇ ਪੱਖੀ ਖੇਮੇ ਨੇ ਲੋਕ ਸੰਘਰਸ਼ਾਂ ਦੀ ਵਿਚਾਰਧਾਰਕ ਅਤੇ ਵਿਵਹਾਰਕ ਦੋਵੇਂ ਪੈਂਤੜਿਆਂ ਤੋਂ ਅਗਵਾਈ ਕੀਤੀ। ਇਸ ਤਰਾਂ ਅਸੀਂ ਵੇਖਦੇ ਹਾਂ ਕਿ ਖਬੇਪੱਖੀ ਵਿਚਾਰਧਾਰਾ ਦੇ ਉਭਾਰ ਨੇ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਅਤੇ ਹਥਿਆਰਬੰਦ ਸੰਘਰਸ਼ ਆਪਣੀ ਯੁੱਧਨੀਤੀ ਅਤੇ ਰਣਨੀਤੀ ਵਿਚ ਸ਼ਾਮਿਲ ਕੀਤਾ। ਇਸ ਦੀ ਭਾਰਤ ਵਿਚ ਸੁਰੂਆਤ ਮੁੱਢਲੇ ਗਦਰੀ ਬਾਬਿਆਂ ਤੋਂ ਹੋਈ। ਭਗਵਾਨ ਸਿੰਘ ਜੋਸ਼ ਅਨੁਸਾਰ "ਪੰਜਾਬ ਤੋਂ ਦੋ ਗ਼ਦਰੀ ਬਾਬੇ ਭਾਈ ਸੰਤੋਖ ਸਿੰਘ ਅਤੇ ਰਤਨ ਸਿੰਘ ਸਾਲ 1922-23 ਦੌਰਾਨ ਰੂਸ ਗਏ। ਉੱਥੇ ਹੋ ਰਹੀਆਂ ਤਬਦੀਲੀਆਂ ਨੇ ਉਨ੍ਹਾਂ ਦੀ ਮਾਨਸਿਕਤਾ ਉੱਤੇ ਡੂੰਘੀ ਛਾਪ ਲਾਈ।"[13] ਇਨ੍ਹਾਂ ਖੱਬੇਪੱਖੀ ਖ਼ੇਮਿਆਂ ਨੇ ਭਾਰਤ ਵਿਚ ਆਪਣੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਨੇ 1923 ਤੱਕ ਭਾਰਤ ਵਿੱਚ ਕਈ ਅਲੱਗ ਅਲੱਗ ਹਿੱਸਿਆਂ ਵਿੱਚ ਸਮਾਜਵਾਦੀ ਅਤੇ ਖੱਬੇਪੱਖੀ ਵਿਚਾਰਧਾਰਾ ਦੇ ਕੇਂਦਰਾਂ ਨੂੰ ਹੋਂਦ ਵਿੱਚ ਲਿਆਂਦਾ। ਇਨ੍ਹਾਂ ਕੇਂਦਰਾਂ ਵਿਚੋਂ ਲਾਹੌਰ ਇੱਕ ਮਹੱਤਵਪੂਰਨ ਕੇਂਦਰ ਰਿਹਾ। ਖੱਬੇਪੱਖੀਆਂ ਦੇ ਲਾਹੌਰ ਗਰੁੱਪ ਨੇ ਖੱਬੇਪੱਖੀ ਵਿਚਾਰਧਾਰਾ ਨੂੰ ਪੰਜਾਬ ਦੇ ਹਰ ਖ਼ਿੱਤੇ ਵਿੱਚ ਪਹੁੰਚਾਉਣ ਲਈ ਇੱਕ ਅਖ਼ਬਾਰ "ਇਨਕਲਾਬ"[14] ਸ਼ੁਰੂ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਇੱਕ ਹੋਰ ਅਖ਼ਬਾਰ "ਇਨਕਲਾਬ-ਏ-ਹਿੰਦ"[15] ਸ਼ੁਰੂ ਕੀਤਾ। ਜਿਸ ਵਿੱਚ ਗਰੁੱਪ ਦੀ ਵਿਚਾਰਧਾਰਾ ਸਰਲ ਅਤੇ ਸਾਫ਼ ਸ਼ਬਦਾਂ ਵਿੱਚ ਦਿੱਤੀ ਹੋਈ ਸੀ। ਪਰ ਲਾਹੌਰ ਦੇ ਖੱਬੇਪੱਖੀ ਗਰੁੱਪ ਨੂੰ 1923 ਵਿੱਚ ਸੱਤਾ ਨੇ ਹਿਰਾਸਤ ਵਿੱਚ ਲੈ ਲਿਆ ਜਿਸ ਕਾਰਨ ਉਹ ਛੇਤੀ ਖ਼ਤਮ ਹੋ ਗਿਆ। ਅੰਗਰੇਜ਼ ਸੱਤਾ ਖੱਬੇਪੱਖੀਆਂ ਦੇ ਕੰਮ ਨੂੰ ਦੇਖ ਡਰ ਗਈ ਅਤੇ ਝੂਠੇ ਪੇਸ਼ਾਵਰ ਅਤੇ ਮੇਰਠ ਸਾਜ਼ਿਸ਼ ਵਿੱਚ ਮੁਕੱਦਮਾ ਚਲਾ ਕੇ ਕਈ ਖੱਬੇਪੱਖੀਆਂ ਨੂੰ ਸਜਾ ਸੁਣਾਈ ਗਈ। ਪੰਜਾਬ ਦੇ ਖੱਬੇਪੱਖੀਆਂ ਵੱਲੋਂ ਕਿਸਾਨ ਮਜ਼ਦੂਰਾਂ ਵਿੱਚ ਆਪਣੀ ਗੱਲ ਲਿਜਾਣਾ ਲਈ ਇਕ ਹੋਰ ਅਖ਼ਬਾਰ "ਜੰਗੇ ਆਜ਼ਾਦੀ"[16] ਸ਼ੁਰੂ ਕੀਤਾ ਗਿਆ। ਗ਼ਦਰ ਗਰੁੱਪ ਵੱਲੋਂ ਇਸ ਸਮੇਂ ਪੰਜ ਹੋਰ ਗਦਰੀਆਂ ਨੂੰ ਰੂਸ ਖੱਬੇਪੱਖੀ ਵਿਚਾਰਧਾਰਾ ਦੀ ਟਰੇਨਿੰਗ ਲੈਣ ਲਈ ਭੇਜਿਆ ਗਿਆ। 1926 ਵਿੱਚ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਹੋ ਜਾਂਦੀ ਹੈ। 12 ਅਪ੍ਰੈਲ 1928 ਨੂੰ ਕਿਰਤੀ ਪਾਰਟੀ ਹੋਂਦ ਵਿੱਚ ਆਈ ਜੋ 1942 ਤੱਕ ਜਾਂਦਿਆਂ-2 ਸੀ.ਪੀ.ਆਈ. ਵਿੱਚ ਜਾ ਮਿਲੀ। ਡਾ ਗਜਰਾਨੀ ਦੇ ਮੱਤ

ਅਨੁਸਾਰ; "ਸਮਾਜਵਾਦੀਆਂ ਅਤੇ ਖੱਬੇਪੱਖੀਆਂ ਨੇ ਕਈ ਇਨਕਲਾਬੀ ਲਹਿਰਾਂ ਦੀ ਅਗਵਾਈ ਕੀਤੀ, ਜਿਸ ਤਰ੍ਹਾਂ ਕਿਰਤੀ ਲਹਿਰ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ ਅਤੇ ਪੈਪਸੂ ਮੁਜ਼ਾਰਾ ਲਹਿਰ ਆਦਿ।"[17] ਸੋ ਗੱਲ ਕਰੀਏ ਕਿ ਸ਼ੁਰੂ ਦੇ ਦੌਰ ਵਿੱਚ ਇਹ ਮੁੱਢਲਾ ਖੱਬੇਪੱਖੀ ਖ਼ੇਮਾ ਆਪਣੀ ਦਿਸ਼ਾ ਵਿੱਚ ਅਣਥੱਕ ਮਿਹਨਤ ਕਰਦਾ ਹੋਇਆ ਛੋਟੇ ਛੋਟੇ ਗਰੁੱਪਾਂ ਵਿੱਚ ਕੰਮ ਕਰਦਾ ਰਿਹਾ। ਪੈਪਸੂ ਮੁਜ਼ਾਰਾ ਲਹਿਰ ਵਿੱਚ ਇਸ ਦਾ ਅਹਿਮ ਰੋਲ ਰਿਹਾ। 'ਪੰਜਾਬ ਵਿੱਚ 1937-38 ਵਿੱਚ ਉੱਠੀ ਇਸ ਕਿਸਾਨ ਲਹਿਰ ਨੇ ਜਗੀਰਦਾਰਾਂ ਦੇ ਜ਼ੁਲਮਾਂ ਵਿਰੁੱਧ ਨਹੀਂ ਸਗੋਂ ਪੂਰੀ ਤਰ੍ਹਾਂ ਜਗੀਰਦਾਰ ਨੂੰ ਬੇਦਖ਼ਲ ਕਰਕੇ ਭੋਂ ਦੀ ਮਾਲਕੀ ਮੁਜ਼ਾਰੇ ਨੂੰ ਦੇਣ ਦੀ ਮੰਗ ਉਠਾਈ। ਇਸ ਸੰਘਰਸ਼ ਨੂੰ ਤਿਖਾ ਕਰਨ ਲਈ ਜਮਾਤੀ ਜੱਦੋ-ਜਹਿਦ ਨੂੰ ਤੇਜ਼ ਕੀਤਾ ਗਿਆ ਅਤੇ ਭਵਿੱਖੀ ਹਥਿਆਰਬੰਦ ਟੱਕਰ ਦੇ ਆਸਾਰ ਹੋਣ ਕਰਕੇ ਲੋਕਾਂ ਨੂੰ ਹਥਿਆਰਬੰਦ ਸਿਖਲਾਈ ਦਿੱਤੀ ਗਈ ਤਾਂ ਜੋ ਮੌਕੇ ਤੇ ਉਹ ਆਪਣੀ ਰੱਖਿਆ ਕਰ ਸਕਣ। ਇੱਕ ਲੰਮੇ ਸੰਘਰਸ਼ ਤੋਂ ਬਾਅਦ 1952 ਵਿੱਚ ਖੱਬੇਪੱਖੀਆਂ ਦੀ ਅਗਵਾਈ ਵਿੱਚ ਇਸ ਸੰਘਰਸ਼ ਨੇ ਜਿੱਤ ਪ੍ਰਾਪਤ ਕੀਤੀ। ਰਾਜਪਾਲ ਅਨੁਸਾਰ "8 ਜਨਵਰੀ 1948 ਨੂੰ ਤੇਜਾ ਸਿੰਘ ਸੁਤੰਤਰ ਅਤੇ ਕਿਰਤੀ ਧੜੇ ਦੇ ਹੋਰ ਸਾਥੀਆਂ ਨੇ ਲਾਲ ਕਮਿਊਨਿਸਟ ਪਾਰਟੀ ਬਣਾ ਲਈ ਅਤੇ ਮੁਜ਼ਾਰਾ ਲਹਿਰ ਨੂੰ ਸਿੱਟੇ ਤੱਕ ਪਹੁੰਚਾਉਣ ਲਈ ਸੰਘਰਸ਼ ਵਿੱਚ ਲੱਗ ਗਏ" ਇਸ ਸੰਘਰਸ਼ ਨੇ ਪੰਜਾਬ ਦੇ ਮੁਜ਼ਾਰਿਆਂ ਵਿੱਚ ਆਤਮ ਵਿਸ਼ਵਾਸ ਭਰਿਆ। ਖੱਬੇ ਪੱਖੀਆਂ ਦੀ ਇਹ ਇੱਕ ਵੱਡੀ ਜਿੱਤ ਸੀ। ਇਨ੍ਹਾਂ ਖੱਬੇਪੱਖੀਆਂ ਨੇ ਆਪਣੇ ਸਮਕਾਲ ਵਿੱਚ ਸਮਾਜਵਾਦੀ ਦਿਸ਼ਾ ਵਿੱਚ ਕੰਮ ਕਰ ਰਹੇ ਗਰੁੱਪਾਂ ਨਾਲ ਸਾਂਝ ਬਣਾਈ ਅਤੇ ਇਸ ਤਰ੍ਹਾਂ ਦੀਆਂ ਕਈ ਅਗਵਾਈਆਂ ਕੀਤੀਆਂ। ਸੋ ਮੁੱਢਲੇ ਖੱਬੇਪੱਖੀ ਸਮਾਜਵਾਦੀਆਂ ਦੇ ਉਭਾਰ ਨੇ ਲੋਕਾਂ ਸਾਹਮਣੇ ਉਨ੍ਹਾਂ ਤਾਕਤਾਂ ਨੂੰ ਨੰਗਿਆਂ ਕੀਤਾ ਜਿਹੜੀਆਂ ਸਾਮਰਾਜਵਾਦ ਦੀ ਮਦਦ ਕਰ ਰਹੀਆਂ ਸਨ। ਉਨ੍ਹਾਂ ਨੇ ਇਨ੍ਹਾਂ ਤਾਕਤਾਂ ਦੀ ਪਛਾਣ ਰਜਵਾੜਾ ਸ਼ਾਹੀ, ਜ਼ਿਮੀਦਾਰੀ ਅਤੇ ਪੂੰਜੀਵਾਦੀ ਤਾਕਤਾਂ ਦੇ ਤੌਰ ਤੇ ਕੀਤੀ ਤੇ ਇਨ੍ਹਾਂ ਨੂੰ ਲੋਕਾਈ ਅੱਗੇ ਨਸ਼ਰ ਕੀਤਾ। ਇਨ੍ਹਾਂ ਨੇ ਮਾਰਕਸਵਾਦ ਤੇ ਲੈਨਿਨਵਾਦ ਅਤੇ ਮਾਓਵਾਦ ਦੇ ਸਿਧਾਂਤਾਂ ਨੂੰ ਠੋਸ ਅਤੇ ਤਰਕਵਾਦੀ ਢੰਗ-ਤਰੀਕਿਆਂ ਰਾਹੀਂ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸਮਝਾਉਂਦੇ ਹੋਏ ਚੇਤਨ ਕਰਨ ਦੀ ਕੋਸ਼ਿਸ਼ ਕੀਤੀ। ਕਿਸਾਨ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਅਤੇ ਪੂਰਨ ਆਜ਼ਾਦੀ ਦੇ ਘੋਲ਼ ਲਈ ਸੰਗਠਿਤ ਕੀਤਾ। ਇਹ ਪਹਿਲੇ ਗਰੁੱਪ ਸਨ ਜਿਨ੍ਹਾਂ ਨੇ ਇਨਕਲਾਬੀ ਨੀਤੀ ਦਾ ਪ੍ਰਚਾਰ ਕਰਨ ਦੇ ਨਾਲ ਨਾਲ ਕਿਸਾਨ ਮਜ਼ਦੂਰ ਅਤੇ ਹੋਰ ਸਮਾਜਿਕ ਭਾਈਚਾਰੇ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਅਤੇ ਆਜ਼ਾਦੀ ਪ੍ਰਾਪਤੀ ਦੇ ਘੋਲ਼ ਦੇ ਹੱਕ ਵਿੱਚ ਹਿੱਸਾ ਲੈਣ ਲਈ ਅਣਥੱਕ ਪ੍ਰਚਾਰ ਕੀਤਾ। 1967 ਤੱਕ ਖੱਬੇਪੱਖੀ ਵਿਚਾਰਧਾਰਾ ਇਕ ਰੁੱਖ ਵਾਂਗ ਪੂਰੇ ਭਾਰਤ ਵਿਚ ਫੈਲ ਜਾਂਦੀ ਹੈ। ਨਕਸਲਬਾੜੀ ਦੀ ਘਟਨਾ ਇਹਨਾਂ ਕ੍ਰਾਂਤੀਕਾਰੀ ਅੰਦੋਲਨਾਂ ਦੀ ਸਿਖਰ ਹੋ ਨਿਬੜਦੀ ਹੈ, ਜਿਸ ਵਿਚ ਬੰਗਾਲ ਨੇ ਆਪਣੇ ਹਜਾਰਾਂ ਨੌਜਵਾਨਾਂ ਦੀ ਕੁਰਬਾਨੀ ਦੇ ਕੇ ਖੱਬੇਪੱਖੀ ਲਹਿਰ ਨੂੰ ਲੋਕ ਲਹਿਰ ਦੇ ਤੌਰ ਤੇ ਸਥਾਪਿਤ ਕੀਤਾ ਤੇ ਪੰਜਾਬ ਨੇ ਵੀ ਇਸ ਨੂੰ ਆਪਣੇ ਪਿੰਡੇ ਤੇ ਹੰਡਾਇਆ ਨਕਸਲਬਾੜੀ ਲਹਿਰ ਭਾਰਤੀ ਇਤਿਹਾਸ ਵਿੱਚ ਵਿਦਰੋਹੀ ਵਿਸਫੋਟ ਦੇ ਤੌਰ 'ਤੇ ਉੱਭਰੀ। ਸੱਤਾ ਨੇ ਇਸ ਨੂੰ ਦਬਾਉਣ ਲਈ ਵਹਿਸ਼ੀਆਨਾ ਢੰਗ-ਤਰੀਕਾ ਅਪਣਾਉਂਦੇ ਹੋਏ ਅਨੇਕਾਂ ਖੱਬੇਪੱਖੀ ਕਾਰਕੁਨਾਂ ਦਾ ਝੂਠੇ ਮੁਕਾਬਲੇ ਬਣਾ ਕੇ ਕਤਲ ਕੀਤੇ। ਖੱਬੇਪੱਖੀਆਂ ਨੇ ਹੱਸ ਕੇ ਆਪਣੀਆਂ ਕੁਰਬਾਨੀਆਂ ਦਿੱਤੀਆਂ। ਆਖ਼ਰ ਸੱਤਾ ਦੇ ਅਣਮਨੁੱਖੀ ਤਸ਼ੱਦਦ ਨੇ ਖੱਬੇਪੱਖੀ ਲਹਿਰ

ਨੂੰ ਇੱਕ ਸਮੇਂ ਲਈ ਦਬਾ ਦਿੱਤਾ। ਬੰਗਾਲ ਦੇ ਖੱਬੇਪੱਖੀ ਖ਼ੇਮੇ ਨੇ ਇਸ ਲਹਿਰ ਦੌਰਾਨ ਅਣਗਿਣਤ ਕੁਰਬਾਨੀ ਦਿੱਤੀਆਂ ਤੇ ਪੰਜਾਬ ਇਸ ਲਹਿਰ ਵਿੱਚ ਬੰਗਾਲ ਨਾਲ ਮੋਢੇ ਨਾਲ ਮੋਢਾ ਜੋੜ ਖੜਿਆ ਰਿਹਾ। ਨਕਸਲਬਾੜੀ ਲਹਿਰ ਨੇ ਭਾਰਤ ਵਿੱਚ ਖੱਬੇ-ਪੱਖੀਆਂ ਨੂੰ ਸੰਘਰਸ਼ੀ ਅਤੇ ਸਿਦਕੀ ਯੋਧਿਆਂ ਦੇ ਤੌਰ 'ਤੇ ਉੱਭਾਰਿਆ।

ਪੰਜਾਬ, ਬੰਗਾਲ ਅਤੇ ਹੋਰ ਭਾਰਤੀ ਅੰਦੋਲਨ ਤੇ ਖੱਬੇ-ਪੱਖੀ ਲਹਿਰ: ਤੁਲਨਾਤਮਕ ਝਾਤ – ਭਾਰਤ ਵਿੱਚ ਕ੍ਰਾਂਤੀਕਾਰੀ ਅੰਦੋਲਨਾ ਦੀ ਪਰੰਪਰਾ ਦਾ ਇਕ ਲੰਮਾ ਇਤਿਹਾਸ ਰਿਹਾ ਹੈ। ਭਾਰਤ ਦੇ ਵੱਖ ਵੱਖ ਕੋਨਿਆਂ ਵਿਚਲੇ ਅੰਦੋਲਨਾਂ ਨੂੰ ਇਕ ਲੜੀ ਵਿੱਚ ਵੇਖਣਾ ਹੋਵੇ ਤਾਂ ਸਭ ਤੋਂ ਅਹਿਮ ਪੱਖ ਭਾਰਤੀ ਲੋਕਾਂ ਵਿੱਚ ਪ੍ਰਤੀਰੋਧ ਦੀ ਅਭਿਵਿਅਕਤੀ ਰਹੀ ਹੈ। ਇਹ ਪ੍ਰਤੀਰੋਧੀ ਬਿਰਤੀ ਭਾਰਤੀ ਲੋਕਾਂ ਦੇ ਸੰਘਰਸ਼ਸ਼ੀਲ ਅੰਦੋਲਨਾ ਨੂੰ ਇੱਕਮੁੱਠ ਕਰਦੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਤਰ੍ਹਾਂ ਭਾਰਤ ਇਕ ਵਿਸ਼ਾਲ ਭੂ-ਖੰਡ ਹੋਣ ਦੇ ਕਾਰਨ ਇਸ ਵਿਚਲੇ ਕੁੱਝ ਅੰਦੋਲਨ ਇਲਾਕਾਈ, ਭਾਸ਼ਾਈ ਜਾਂ ਭੂਗੋਲਿਕ ਹਾਲਤਾਂ ਕਰਕੇ ਇਕ ਦੂਜੇ ਤੋਂ ਸੁਤੰਤਰ ਜਰੂਰ ਚੱਲਦੇ ਰਹੇ ਪਰ ਇਨ੍ਹਾਂ ਸੰਘਰਸ਼ਾਂ ਦੀ ਮੂਲ ਭਾਵਨਾ (ਸ਼ੋਸ਼ਣ ਅਤੇ ਲੁੱਟ ਰਹਿਤ ਸਮਾਜ ਦੀ) ਸਾਂਝੀ ਹੀ ਰਹੀ ਅਤੇ ਕੁੱਝ ਅੰਦੋਲਨ ਇਕ ਦੂਸਰੇ ਨਾਲ ਵਿਸ਼ੇਸ਼ ਰੂਪ ਵਿੱਚ ਜੁੜੇ ਵੀ ਰਹੇ ਸਨ। ਇਸ ਤਰ੍ਹਾਂ ਜੇਕਰ ਅਸੀਂ ਵੇਖੀਏ ਤਾਂ 1857 ਦੇ ਵਿਦਰੋਹ ਨੇ ਪੂਰੇ ਭਾਰਤ ਨੂੰ ਪ੍ਰਭਾਵਿਤ ਕੀਤਾ ਅਤੇ ਮੁੱਢਲੇ ਰੂਪ ਵਿਚ ਵਿਦਰੋਹੀ ਬਿਰਤੀ ਨੂੰ ਵਿਵਹਾਰਕ ਰੂਪ ਦਿੱਤਾ। ਇਸ ਵਿਦਰੋਹ ਦੇ ਪ੍ਰਭਾਵ ਅਧੀਨ ਹੀ ਪੰਜਾਬ ਵਿਚ ਕੂਕਾ ਲਹਿਰ ਉੱਭਰੀ ਜਿੱਸ ਨੇ ਅੰਗਰੇਜ਼ ਸੱਤਾ ਦਾ ਖੁੱਲ੍ਹਕੇ ਵਿਰੋਧ ਕੀਤਾ। ਰਾਜਸਥਾਨ ਦਾ ਬਿਜੌਲਿਆ ਕਿਸਾਨ ਅੰਦੋਲਨ ਭਾਰਤ ਦੇ ਹੋਰਨਾਂ ਸਮਕਾਲੀ ਅੰਦੋਲਨਾਂ ਤੋਂ ਪੂਰੀ ਤਰ੍ਹਾਂ ਸੁਤੰਤਰ ਹੋਣ ਦੇ ਬਾਵਜੂਦ ਭਾਰਤ ਦੇ ਹੋਰਨਾਂ ਅੰਦੋਲਨਾ ਲਈ ਸਿਦਕ ਅਤੇ ਸਬਰ ਦੀ ਮਿਸਾਲ ਬਣ ਕੇ ਉਭਰਿਆ ਤੇ ਹੋਰਨਾਂ ਸੰਘਰਸ਼ਾਂ ਦਾ ਰਾਹ ਦਸੇਰਾ ਬਣਿਆ। 20ਵੀਂ ਸਦੀ ਦੇ ਮੁੱਢ ਵਿਚ ਪੰਜਾਬ ਵਿਚ ਚੱਲਿਆ 'ਪਗੜੀ ਸੰਭਾਲ' ਅੰਦੋਲਨ ਅਤੇ ਬੰਗਾਲ ਵਿਚਲੀ ਸਵਦੇਸ਼ੀ ਲਹਿਰ ਨੇ ਸਮਕਾਲੀ ਦੌਰ ਵਿੱਚ ਭਾਰਤ ਨੂੰ ਹੜਤਾਲਾਂ ਅਤੇ ਅੰਦੋਲਨਾਂ ਦੀ ਲੜੀ ਵਿਚ ਪ੍ਰੋ ਕੇ ਇੱਕ-ਮਿੱਕ ਕੀਤਾ। ਪੰਜਾਬ ਦੇ ਗ਼ਦਰੀ ਬਾਬਿਆਂ ਅਤੇ ਬੰਗਾਲ ਦੇ ਮੁੱਢਲੇ ਕ੍ਰਾਂਤੀਕਾਰੀ ਗਰੁੱਪਾਂ ਨੇ ਖੱਬੇਪੱਖੀ ਵਿਚਾਰਧਾਰਾ ਨੂੰ ਸਾਂਝੇ ਤੌਰ 'ਤੇ ਭਾਰਤ ਵਿਚ ਉਭਾਰਨ ਵਿਚ ਵੱਡਾ ਯੋਗਦਾਨ ਪਾਇਆ। ਬੰਗਾਲ ਦਾ ਸਨਿਆਸੀ ਵਿਦਰੋਹ, ਨੀਲ ਵਿਦਰੋਹ, ਤੇਭਾਗਾ ਵਿਦਰੋਹ ਵਰਗੇ ਨਿਰੋਲ ਕਿਸਾਨ ਵਿਦਰੋਹਾਂ ਨੇ ਕਿਸਾਨੀ ਖ਼ੇਮੇ ਵਿਚ ਵਿਦਰੋਹਾਂ ਦੀ ਚਿੰਗਾਰੀ ਨੂੰ ਭੜਕਾਇਆ। ਉੱਥੇ ਪੰਜਾਬ ਦੇ ਪਗੜੀ ਸੰਭਲ ਕਿਸਾਨ ਅੰਦੋਲਨ ਨੇ ਵੀ ਸੰਘਰਸ਼ਾਂ ਦੀ ਕੜੀ ਨਾਲ ਕੜੀ ਜੋੜੀ। ਪੰਜਾਬ ਅਤੇ ਬੰਗਾਲ ਵਿਚ ਕੁਝ ਸਮਾਜ ਸੁਧਾਰਕ ਲਹਿਰਾਂ ਇਕ ਦੂਜੇ ਤੋਂ ਸੁਤੰਤਰ ਚੱਲਦੀਆਂ ਰਹੀਆਂ ਪਰ 'ਬ੍ਰਹਮੋ ਸਮਾਜ' ਨੇ ਦੋਵੇਂ ਖ਼ਿੱਤਿਆਂ ਵਿੱਚ ਆਪਣਾ ਪ੍ਰਭਾਵ ਸਥਾਪਿਤ ਕੀਤਾ ਅਤੇ ਪੰਜਾਬ ਅਤੇ ਬੰਗਾਲ ਦੀਆਂ ਸਾਂਝੀਆਂ ਸਮਾਜਿਕ ਕੁਰੀਤੀਆਂ ਦੀ ਸ਼ਨਾਖ਼ਤ ਕਰਦੇ ਹੋਏ ਇਨ੍ਹਾਂ ਦਾ ਖੰਡਨ ਕੀਤਾ। ਪੰਜਾਬ ਦੀ 'ਮੁਜਾਰਾ ਲਹਿਰ', ਤੇਲੰਗਾਨਾ ਦਾ ਕਿਸਾਨੀ ਸੰਘਰਸ਼, ਤੇਭਾਗਾ ਕਿਸਾਨ ਅੰਦੋਲਨ ਦੀ ਅਗਵਾਈ ਕਮਿਊਨਿਸਟਾਂ ਨੇ ਹੀ ਕੀਤੀ ਸੀ। ਇਸ ਲਈ ਇਹ ਕਿਸਾਨ ਵਿਦਰੋਹ ਇਕੋ ਵਿਚਾਰਧਾਰਕ ਸਾਂਝ ਵਿੱਚ ਵਧੇ-ਫੁੱਲੇ ਤੇ ਇਕ ਦੂਸਰੇ 'ਤੇ ਪ੍ਰਭਾਵ ਪਾਉਂਦੇ ਅਤੇ ਗ੍ਰਹਿਣ ਕਰਦੇ ਰਹੇ। ਇਹਨਾਂ ਸੰਘਰਸ਼ਾਂ ਤੋਂ ਹੀ ਖੱਬੇਪੱਖੀ ਪਰਟੀ ਦਾ ਇਕ ਵੱਡਾ ਹਿੱਸਾ ਚੀਨ ਵੱਲ ਝੁਕਿਆ ਤੇ ਨਕਲਬਾੜੀ ਲਹਿਰ ਦੀ ਅਗਵਾਈ ਕੀਤੀ। ਨਕਸਲਬਾੜੀ ਲਹਿਰ ਨੇ ਬੰਗਾਲ ਅਤੇ ਪੰਜਾਬ ਦੀ ਵਿਦਰੋਹ

ਦੀ ਅਭਿਵਿਆਕਤੀ ਨੂੰ ਇਕ ਦੂਜੇ ਨਾਲ ਇੱਕ-ਮਿੱਕ ਕਰਕੇ ਉੱਭਾਰਿਆ। ਇਸ ਲਹਿਰ ਨੇ ਦੋਵੇਂ ਖੇਤਰਾਂ ਦੇ ਭਾਸ਼ਾਈ, ਖੇਤਰੀ, ਸਮਾਜਿਕ, ਭੂਗੋਲਿਕ ਅਤੇ ਲੋਕਧਰਾਈ ਹੱਦਾਂ ਤੋਂ ਪਾਰ ਜਾਂਦੇ ਹੋਏ ਸੰਘਰਸ਼ੀ ਖ਼ਾਸੇ ਦੀ ਸਮਾਨਤਾ ਨੂੰ ਅਭਿਵਿਅਕਤ ਕੀਤਾ।

**ਹਵਾਲੇ:**


1. ਰਾਹੁਲ ਸਾਂਕ੍ਰਿਤਾਯਾਨ, ਦਰਸ਼ਨ ਦਿਗ ਦਰਸ਼ਨ, ਅਨੁ. ਬਲਰਾਮ, ਆਟਮ ਆਰਟ ਪ੍ਰਕਾਸ਼ਨ, ਪਟਿਆਲਾ, 2019, ਪੰਨਾ-144,
2. ਦੇਵੀਪ੍ਰਸ਼ਾਦ ਚਟੋਪਾਧਿਯਾ, ਉਸਾਰੂ ਕੀ ਭਟਕਾਊਕੀ, ਹਰਚਰਨ ਸਿੰਘ ਚਾਹਲ (ਅਨੁ.), ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 2018, ਪੰਨਾ- 291
3. Garbe : Aniruddh's commenatary on the Original Parts of vedantin Mahadeva;s Commentary on the Samkhya Sutras, Calcuutta, 1971, (ਦੇਵੀ ਪ੍ਰਸ਼ਾਦ ਚਟੋਪਾਧਿਯਾ, ਉਹੀ ਰਚਨਾ, ਪੰਨਾ-167 ਤੋਂ ਉਦਰਤ)
4. ਉਹੀ, ਪੰਨਾ-152
5. ਉਹੀ, ਪੰਨਾ-14
6. ਉਹੀ ਪੰਨਾ-78
7. ਪਰਮਿੰਦਰ ਸਿੰਘ ਢੀਂਡਸਾ, ਕਿਰਪਾਲ ਕਸੇਲ (ਪ੍ਰੋ), ਗੋਬਿੰਦ ਸਿੰਘ ਲਾਂਬਾ (ਡਾ.), ਪੰਜਾਬੀ ਸਾਹਿਤ ਦੀ ਉਤਪੱਤੀ ਅਤੇ ਵਿਕਾਸ, ਲਾਹੌਰ ਬੁਕਸ ਹਾਊਸ, ਲੁਧਿਆਣਾ, 2009, ਪੰਨਾ-35
8. ਕੁਲਬੀਰ ਸਿੰਘ, ਕਾਂਗ (ਡਾ.), ਕ੍ਰਾਂਤੀਕਾਰੀ ਮਹਾਕਵੀ: ਗੁਰੂ ਨਾਨਕ, ਪ੍ਰੀਤ ਪ੍ਰਕਾਸ਼ਨ, ਅੰਮ੍ਰਿਤਸਰ, 1998, ਪੰਨਾ 10-11
9. ਗੁਰਬੀਰ ਸਿੰਘ, "ਗੁਰੂ ਨਾਨਕ-ਬਾਣੀ : ਸਭਿਆਚਾਰਕ ਕ੍ਰਾਂਤੀ ਦਾ ਪ੍ਰਵਚਨ" ਗੁਰੂ ਨਾਨਕ-ਬਾਣੀ: ਸਮਾਜਿਕ ਅਤੇ ਸਭਿਆਚਾਰਕ ਪਰਿਪੇਖ, (ਸੰਪਾ. ਜਸਵਿੰਦਰ ਕੌਰ ਢਿਲੋਂ), ਪਬਲੀਕੇਸ਼ਨ ਬਿਊਰੋ : ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ-191
10. ਭਗਵਾਨ ਸਿੰਘ ਜੋਸ਼, ਪੰਜਾਬ ਵਿਚ ਕਮਿਊਨਿਸਟ ਲਹਿਰ, ਨਵਯੁਗ ਪਬਲੀਸ਼ਰ, ਨਵੀਂ ਦਿੱਲੀ, 2010, ਪੰਨਾ- 47
11. ਐਸ. ਡੀ. ਗਜਰਾਨੀ, (ਡਾ.), ਪੰਜਾਬ ਵਿਚ ਖੱਬੂਪੱਖੀ ਲਹਿਰ, ਏ. ਸੀ. ਅਰੋੜਾ (ਸੰਪਾ), ਪੰਨਾ-194,
12. ਉਹੀ, ਪੰਨਾ-194
13. ਭਗਵਾਨ ਸਿੰਘ ਜੋਸ਼, ਉਹੀ, ਪੰਨਾ- 47
14. ਐਸ. ਡੀ. ਗਜਰਾਨੀ, (ਡਾ.), ਉਹੀ, ਪੰਨਾ-194
15. ਉਹੀ, ਪੰਨਾ-194
16. ਐਸ.ਡੀ. ਗਜਰਾਨੀ, ਉਹੀ, ਪੰਨਾ 195
17. ਉਹੀ, ਪੰਨਾ 197
18. ਉਹੀ, ਪੰਨਾ 136

# ਪੰਜਾਬੀ ਰੰਗਮੰਚ : ਪ੍ਰਚਲਿਤ ਰੁਝਾਨ ਤੇ ਪ੍ਰਵਿਰਤੀਆਂ

*-ਵੀਨਾ ਅਰੋੜਾ*

ਪੰਜਾਬੀ ਰੰਗਮੰਚ ਵੱਖ ਵੱਖ ਤਜਰਬਿਆਂ ਵਿੱਚੋਂ ਗੁਜ਼ਰਦਾ ਹੋਇਆ ਲਗਭਗ ਇਕ ਸਦੀ ਦੀ ਅਓਧ ਹੰਢਾ ਚੁੱਕਾ ਹੈ। ਭਾਵੇਂ ਕਿ ਹਰ ਨਵਾਂ ਨਾਟਕ (ਲਿਖਤ ਅਤੇ ਖੇਡ-ਪਾਠ ਦੇ ਰੂਪ ਵਿਚ) ਇਕ ਨਵਾਂ ਤਜਰਬਾ ਹੀ ਹੁੰਦਾ ਹੈ ਪਰ ਕੁਝ ਤਜਰਬੇ ਅਜਿਹੇ ਹੁੰਦੇ ਹਨ ਜਿਹੜੇ ਵਾਰ-ਵਾਰ ਹੁੰਦੇ-ਹੁੰਦੇ ਰੂੜ੍ਹ ਹੋ ਜਾਂਦੇ ਹਨ। ਇਨ੍ਹਾਂ ਵਾਰ-ਵਾਰ ਹੁੰਦੇ ਤਜਰਬਿਆਂ ਨੂੰ ਰੁਝਾਨ ਅਤੇ ਪ੍ਰਵਿਰਤੀਆਂ ਵਜੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਪੰਜਾਬੀ ਰੰਗਮੰਚ ਵਿਚ ਅਨੇਕ ਤਰ੍ਹਾਂ ਦੇ ਰੁਝਾਨ ਪ੍ਰਚਲਿਤ ਰਹੇ ਹਨ। ਇਹ ਰੁਝਾਨ ਨਾਟ-ਸਕਰਿਪਟ, ਮੰਚ ਜੜਤ, ਮੰਚੀ-ਪੇਸ਼ਕਾਰੀ, ਵੇਸ-ਭੂਸ਼ਾ, ਰੂਪ-ਸੱਜਾ, ਸੰਗੀਤ, ਰੋਸ਼ਨੀ ਵਿਉਂਤ ਤੋਂ ਇਲਾਵਾ ਹੋਰ ਕਈ ਦਿਸ਼ਾਵਾਂ ਵੱਲ ਫ਼ੈਲਦੇ ਹਨ। ਸਾਡਾ ਮਕਸਦ ਪਿਛਲੇ ਲਗਭਗ ਦੋ ਕੁ ਦਹਾਕਿਆਂ ਵਿਚ ਹੋਏ ਤਜਰਬਿਆਂ ਦੇ ਆਧਾਰ ’ਤੇ ਬਦਲਦੇ ਰੁਝਾਨਾਂ ਨੂੰ ਚਿੰਨ੍ਹਤ ਕਰਨਾ ਹੈ। ਪਿਛਲੇ ਦੋ ਕੁ ਦਹਾਕਿਆਂ ਦੌਰਾਨ ਨਾਟ-ਸਕਰਿਪਟ, ਮੰਚ ਦੇ ਉੱਤੇ ਅਤੇ ਮੰਚ ਤੋਂ ਬਾਹਰੇ, ਬਾਹਰੀ ਸਹਾਇਤਾਵਾਂ ਆਦਿ ਦੇ ਪੱਧਰ ’ਤੇ ਬਹੁਤ ਸਾਰੇ ਨਵੇਂ ਰੁਝਾਨ ਸਾਹਮਣੇ ਆਏ ਹਨ। ਉਨ੍ਹਾਂ ਕੁਝ ਇਕ ਰੁਝਾਨਾਂ ਨੂੰ ਸੰਖੇਪ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਨਾਟ-ਸਕਰਿਪਟ ਤੇ ਰੰਗਮੰਚ ਇਕ-ਦੂਜੇ ਨਾਲ ਜੁੜੇ ਵਰਤਾਰੇ ਹਨ ਜਿਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ। ਇਹ ਵਰਤਾਰੇ ਲਗਾਤਾਰ ਇਕ-ਦੂਜੇ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਨਾਟ-ਸਕਰਿਪਟਾਂ ਵਿਚ ਤਜਰਬੇ ਆਧਾਰਿਤ ਹੋਇਆ ਬਦਲਾਅ ਰੰਗਮੰਚੀ ਪੇਸ਼ਕਾਰੀ ਤੇ ਮੰਚ-ਵਿਉਂਤ ਨੂੰ ਪ੍ਰਭਾਵਿਤ ਕਰਦਾ ਹੈ, ਉਸੇ ਤਰ੍ਹਾਂ ਰੰਗਮੰਚੀ ਤਜਰਬਿਆਂ ਅਨੁਸਾਰ ਨਾਟ-ਸਕਰਿਪਟਾਂ ਦੇ ਮੁਹਾਂਦਰੇ ਨੂੰ ਬਦਲਿਆ ਜਾਂਦਾ ਹੈ। ਦੂਜੀਆਂ ਭਾਸ਼ਾਂਵਾਂ ਦੇ ਸਮਾਨਾਂਤਰ ਪੰਜਾਬੀ ਭਾਸ਼ਾ ਵਿਚ ਵੀ ਨਾਟ-ਸਕਰਿਪਟਾਂ ਅਤੇ ਰੰਗਮੰਚੀ ਪੱਧਰ ‘ਤੇ ਹੋਏ ਤਜਰਬਿਆਂ ਨੇ ਇਕ-ਦੂਜੇ ਨੂੰ ਨਿਰੰਤਰ ਪ੍ਰਭਾਵਿਤ ਕੀਤਾ ਹੈ। ਯਥਾਰਥਾਵਾਦੀ ਨਾਟ-ਸ਼ੈਲੀ ਤੋਂ ਅਗਾਂਹ ਗ਼ੈਰ-ਯਥਾਰਥਵਾਦੀ ਨਾਟ-ਸ਼ੈਲੀ ਦੇ ਅੰਤਰਗਤ ਬਹੁਤ ਸਾਰੇ ਰੁਝਾਨ, ਪ੍ਰਵਿਰਤੀਆਂ ਨਾਟ-ਸਕਰਿਪਟ ਦੇ ਪੱਧਰ ‘ਤੇ ਦੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਵਿੱਚੋਂ ਐਬਸਰਡ ਨਾਟਕ (ਚਾਬੀਆਂ - ਆਤਮਜੀਤ), ਕਾਵਿ-ਨਾਟ (ਬੀਮਾਰ ਸਦੀ - ਰਵਿੰਦਰ ਰਵੀ), ਨੁੱਕੜ ਨਾਟਕ (ਨਾਰਕੋ ਟੈਸਟ -ਸਵਾਮੀ ਸਰਬਜੀਤ), ਓਪੇਰਾ (ਇਹ ਜੰਗ ਕੌਣ ਲੜੇਗਾ! - ਡਾ. ਕੁਲਦੀਪ ਦੀਪ), ਰੇਡੀਓ ਨਾਟਕ (ਊਧਮ ਸਿੰਘ ਜ਼ਿੰਦਾ ਹੈ - ਡਾ. ਸਤੀਸ਼ ਕੁਮਾਰ ਵਰਮਾ), ਇਕ ਕਲਾਕਾਰੀ/ਪਾਤਰੀ ਨਾਟਕ (ਵਾਪਸੀ - ਅਮਰਜੀਤ ਗਰੇਵਾਲ), ਆਦਿ ਪ੍ਰਮੁੱਖ ਹਨ। ਨਾਟ-ਸਕਰਿਪਟ ਦੇ ਪੱਧਰ ’ਤੇ ਹੋਏ ਤਜਰਬਿਆਂ ਨੂੰ ਮੰਚ ’ਤੇ ਵੀ ਨਾਟ-ਸਕਰਿਪਟ ਦੇ ਅਨੁਸਾਰ ਤਜਰਬੇ ਰੂਪ ਵਿਚ ਹੀ ਪੇਸ਼ ਕੀਤਾ ਜਾਂਦਾ ਰਿਹਾ ਹੈ। ਨਾਟ-ਸਕਰਿਪਟ ਦੇ ਪੱਧਰ ’ਤੇ ਇਕਾਂਗੀ-ਨਾਟ, ਲਘੂ-ਨਾਟ, ਪੂਰਾ ਨਾਟਕ, ਨੈਨੋ ਨਾਟਕ ਆਦਿ ਲਈ ਮੰਚੀ ਤਾਮ-ਝਾਮ ਵੀ ਵੱਖਰੇ ਪੱਧਰ ਦਾ ਹੁੰਦਾ ਹੈ। ਬਹੁ-ਵਿਧਾਵੀ ਨਾਟ-ਸਕਰਿਪਟਾਂ (ਲੋਕ ਮਨਾਂ ਦਾ ਰਾਜਾ - ਡਾ. ਸਤੀਸ਼ ਕੁਮਾਰ ਵਰਮਾ), ਆਵਾਜ਼ ਤੇ ਰੋਸ਼ਨੀ ਆਧਾਰਿਤ ਨਾਟ-ਸਕਰਿਪਟਾਂ ਜਾਂ ਮਲਟੀ-ਮੀਡੀਆ

ਪ੍ਰੋਡਕਸ਼ਨਾਂ (ਬੋਲੇ ਸੋ ਨਿਹਾਲ, ਸ਼ੇਰੇ ਪੰਜਾਬ - ਹਰਚਰਨ ਸਿੰਘ), ਮੂਕ ਨਾਟਕਾਂ (ਪ੍ਰਤੀਕਰਮ - ਟੋਨੀ ਬਾਤਿਸ਼), ਬਾਲ-ਨਾਟਕਾਂ (ਸੋਨੇ ਦਾ ਪਿੰਜਰਾ -ਕੇਵਲ ਧਾਲੀਵਾਲ) ਆਦਿ ਸਕਰਿਪਟਾਂ ਦੀ ਮੰਚ-ਸੱਜਾ, ਦ੍ਰਿਸ਼ ਸੱਜਾ ਨੂੰ ਉਦਾਹਰਨ ਵਜੋਂ ਦੇਖਿਆ ਜਾ ਸਕਦਾ ਹੈ।

ਅਜੋਕੇ ਸਮੇਂ ਯੁਵਕ ਮੇਲਿਆ 'ਚ ਪੇਸ਼ ਹੋਣ ਵਾਲ਼ੇ ਇਕਾਂਗੀ ਨਾਟਕਾਂ ਵਿਚ ਵੀ ਨਵੇਂ ਰੁਝਾਨ ਦੇਖਣ ਨੂੰ ਮਿਲ ਰਹੇ ਹਨ। ਹੁਣ ਯੁਵਕ ਮੇਲਿਆਂ ਵਿਚ ਹੋਣ ਵਾਲੀਆਂ ਨਾਟਕੀ ਪੇਸ਼ਕਾਰੀ 'ਇਕਾਂਗੀ' ਦੇ ਪਰੰਪਰਾਗਤ ਚੌਖਟੇ ਨੂੰ ਤੋੜ ਰਹੀਆਂ ਹਨ। ਯੁਵਕ ਮੇਲਿਆਂ ਵਿਚ ਪੇਸ਼ ਹੋਣ ਵਾਲੀਆਂ ਨਾਟਕੀ ਪੇਸ਼ਕਾਰੀਆਂ ਵਿਚ ਸਮਾਂ, ਸਥਾਨ ਤੇ ਕਾਰਜ ਦੀ ਏਕਤਾ ਨੂੰ ਬਰਕਰਾਰ ਨਹੀਂ ਰੱਖਿਆ ਜਾਂਦਾ। ਜਦੋਂ ਵੱਡੇ/ਪੂਰੇ ਨਾਟਕਾਂ ਨੂੰ ਕਾਂਟ-ਛਾਂਟ ਕਰ ਕੇ ਅੱਧੇ ਘੰਟੇ ਦੀ 'ਇਕਾਂਗੀ' ਦੀ ਪੇਸ਼ਕਾਰੀ ਲਈ ਵਰਤਿਆ ਜਾਂਦਾ ਹੈ ਤਾਂ ਇਕਾਂਗੀ ਆਪਣੇ ਪਰੰਪਰਾਗਤ ਸਵਰੂਪ ਨੂੰ ਬਰਕਰਾਰ ਰੱਖ ਹੀ ਨਹੀਂ ਸਕਦੀ। ਯੁਵਕ ਮੇਲਿਆਂ ਵਿਚ ਗਿਰੀਸ਼ ਕਰਨਾਡ ਦੇ ਪੂਰੇ ਨਾਟਕ 'ਨਾਗਮੰਡਲ' ਅਤੇ 'ਹਾਏਵਦਨ', ਸੁਰਜੀਤ ਪਾਤਰ ਦੁਆਰਾ ਰੂਪਾਂਤਰਿਤ ਲੋਰਕਾ ਦੇ ਪੂਰੇ ਨਾਟਕ 'ਸਈਓ ਨੀ ਮੈਂ ਅੰਤਹੀਣ ਤ੍ਰਕਾਲਾਂ', ਸ਼ਾਹਿਦ ਨਦੀਮ ਦੇ ਪੂਰੇ ਨਾਟਕ 'ਮੇਕੂ ਕਾਰੀ ਕਰੇਂਦੇ ਨੀ ਮਾਏ' ਆਦਿ ਦਾ ਇਕਾਂਗੀ ਰੂਪ (ਭਾਵ ਅੱਧੇ ਘੰਟੇ ਦੀ ਸਮਾਂ ਮਿਆਦ ਵਿਚ ਮੁੱਕਣ ਵਾਲ਼ਾ) ਸਫ਼ਲਤਾ ਸਹਿਤ ਮੰਚਣ ਹੋ ਚੁੱਕਾ ਹੈ।

ਇੰਜ ਜਿੱਥੇ ਨਾਟ-ਸਕਰਿਪਟਾਂ ਦੀ ਵੰਨਗੀ-ਵਿਭਿੰਨਤਾ ਰੰਗਮੰਚੀ ਪੇਸ਼ਕਾਰੀ ਨੂੰ ਪ੍ਰਭਾਵਿਤ ਕਰਦੀ ਹੈ ਓਥੇ ਹੀ ਰੰਗਮੰਚ, ਨਾਟ-ਸਕਰਿਪਟ ਦੀ ਲਿਖਤ-ਵਿਧੀ ਨੂੰ ਪ੍ਰਭਾਵਿਤ ਕਰਦਾ ਹੈ। ਪਿਛਲੇ ਤਿੰਨ ਕੁ ਦਹਾਕਿਆਂ ਤੋਂ ਰੰਗਮੰਚੀ ਪੱਧਰ 'ਤੇ ਇਕ ਨਵਾਂ ਰੁਝਾਨ ਵੇਖਣ ਨੂੰ ਮਿਲਿਆ ਹੈ, ਉਹ ਹੈ ਸਾਹਿਤਕ ਲਿਖਤਾਂ (ਕਹਾਣੀ, ਨਾਵਲ, ਕਵਿਤਾ ਆਦਿ) ਨੂੰ ਆਧਾਰ ਬਣਾ ਕੇ ਨਾਟ-ਸਕਰਿਪਟਾਂ ਤਿਆਰ ਕਰਨੀਆਂ। ਲਿਹਾਜਾ ਸਾਹਿਤਕ ਕਿਰਤਾਂ ਆਧਾਰਿਤ ਨਾਟ-ਲਿਖਤਾਂ ਦੀ ਲੋੜ ਅਸਲ ਵਿਚ ਰੰਗਮੰਚੀ ਨਿਰਦੇਸ਼ਕਾਂ ਦੇ ਨਵੇਂ ਤਜਰਬੇ ਕਰਨ ਦੀ ਲੋੜ ਵਿੱਚੋਂ ਪੈਦਾ ਹੋਇਆ ਵਰਤਾਰਾ ਹੈ। ਇਸ ਵਿਧੀ ਵਿਧਾਨ ਅਧੀਨ ਰੰਗਮੰਚੀ ਨਿਰਦੇਸ਼ਕ ਕਿਸੇ ਇਕ ਸਾਹਿਤਕ ਲਿਖਤ ਜਾਂ ਇੱਕੋ ਵਿਸ਼ੇ ਨੂੰ ਪ੍ਰਸਤੁਤ ਕਰਦਿਆਂ ਕਈ ਸਾਰੀਆਂ ਸਾਹਿਤਕ ਲਿਖਤਾਂ ਨੂੰ ਆਧਾਰ ਬਣਾ ਕੇ ਆਪਣੀ ਰੰਗਮੰਚੀ ਲੋੜ ਅਨੁਸਾਰ ਉਨ੍ਹਾਂ ਨੂੰ ਨਾਟਕੀ-ਸਕਰਿਪਟ ਵਿਚ ਢਾਲ ਲੈਂਦਾ ਹੈ। ਨਾਵਲ, ਕਹਾਣੀ, ਕਵਿਤਾ ਆਦਿ ਤੋਂ ਹੋਏ ਨਾਟਕੀ ਰੂਪਾਂਤਰਣ, ਪਰੰਪਰਾਗਤ ਨਾਟਕੀ ਚੌਖਟੇ ਨੂੰ ਤੋੜ ਕੇ, ਨਵੇਂ ਨਾਟਕੀ ਰੂਪ ਦੀ ਸਿਰਜਣਾ ਕਰਦੇ ਹਨ ਜਿਸ ਨੂੰ ਖੇਡਣ ਲਈ ਨਵੀਆਂ ਨਾਟਕੀ ਜੁਗਤਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਰੰਗਮੰਚ ਵਿਚ ਹੋਰ ਕਈ ਨਵੇਂ ਹੁਨਰਾਂ ਦਾ ਪ੍ਰਯੋਗ ਵਧਦਾ ਹੈ। ਸਮਕਾਲ ਵਿਚ ਨਿਰਦੇਸ਼ਕਾਂ ਵੱਲੋਂ ਬਹੁਤ ਸਾਰੀਆਂ ਕਵਿਤਾਵਾਂ/ਕਹਾਣੀਆਂ ਦਾ ਨਾਟਕੀ ਰੂਪਾਂਤਰਨ ਕਰ ਕੇ ਖੇਡਿਆ ਗਿਆ ਹੈ ਉਦਾਹਰਨ ਦੇ ਤੌਰ 'ਤੇ ਯਾਤਰਾ 1947 - ਕੇਵਲ ਧਾਲੀਵਾਲ, ਡਾ. ਜਗਤਾਰ ਦੇ ਕਾਵਿ ਉੱਤੇ ਆਧਾਰਤ ਨਾਟਕ 'ਸਫ਼ਰ' ਕ੍ਰਾਂਤੀਪਾਲ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਵਰਿਆਮ ਸੰਧੂ ਦੀ ਕਹਾਣੀ 'ਆਪਣਾ ਆਪਣਾ ਹਿੱਸਾ' ਉੱਤੇ ਆਧਾਰਿਤ ਨਾਟਕ 'ਆਪਣਾ ਆਪਣਾ ਹਿੱਸਾ' (ਅਜਮੇਰ ਔਲਖ), ਬਲਵਿੰਦਰ ਗਰੇਵਾਲ ਦੀ ਕਹਾਣੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਉੱਤੇ ਆਧਾਰਿਤ ਨਾਟਕ

'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' (ਸਾਹਿਬ ਸਿੰਘ), ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਕੇਹਰੂ ਦਸ ਨੰਬਰੀਆ' ਉੱਤੇ ਆਧਾਰਤ ਨਾਟਕ 'ਪਰਿੰਦੇ ਹੁਣ ਜਾਣ ਕਿੱਥੇ' (ਸਾਹਿਬ ਸਿੰਘ), ਨੀਲਮ ਮਾਨ ਸਿੰਘ ਚੌਧਰੀ ਦੁਆਰਾ 'ਮੰਟੋ ਦੀਆਂ ਕਹਾਣੀਆਂ' ਉੱਤੇ ਆਧਾਰਤ ਨਾਟਕ ਆਦਿ ਨੂੰ ਇਸ ਦੀ ਉਦਾਹਰਨ ਵਜੋਂ ਵੇਖਿਆ ਜਾ ਸਕਦਾ ਹੈ। ਵੱਖ-ਵੱਖ ਸਾਹਿਤਕ ਵਿਧਾਵਾਂ ਦਾ ਨਾਟਕੀ ਰੂਪਾਂਤਰਨ ਕਰ ਕੇ ਉਸ ਨੂੰ ਮੰਚ ਉੱਤੇ ਖੇਡਣ ਦਾ ਪ੍ਰਮੁੱਖ ਕਾਰਨ ਹੈ ਕਿ ਸਾਹਿਤਕ ਵਿਧਾਵਾਂ ਵਿਚ ਵੰਨ-ਸੁਵੰਨਤਾ ਦੀ ਭਰਮਾਰ ਹੁੰਦੀ ਹੈ।

ਉਪਰੋਕਤ ਤੋਂ ਇਲਾਵਾ ਨਾਟ-ਸਕਰਿਪਟ ਤੋਂ ਬਾਅਦ ਮੰਚ ਉੱਤੇ ਦਿੱਖਤ ਰੂਪ ਵਿਚ 'ਸੈੱਟ' ਦੇ ਪੱਧਰ 'ਤੇ ਜੋ ਤਜਰਬੇ ਨਿਰਦੇਸ਼ਕ ਵੱਲੋਂ ਕੀਤੇ ਜਾਂਦੇ ਹਨ। ਉਹ ਰੰਗਮੰਚੀ ਪੇਸ਼ਕਾਰੀ ਵਿਚ ਕਈ ਪੱਖੋਂ ਅਹਿਮ ਹੁੰਦੇ ਹਨ। ਇਸ ਰੁਝਾਨ ਦੇ ਤਹਿਤ ਗ਼ੈਰ-ਯਥਾਰਥਵਾਦੀ ਰੰਗਤ ਵਾਲੀਆਂ ਪੇਸ਼ਕਾਰੀਆਂ ਵਿਚ ਭਾਰੀ-ਭਰਕਮ ਸੈੱਟ ਨਾਲ਼ੋਂ ਸੁਝਾਊ ਅਤੇ ਹਲਕੇ ਸੈੱਟ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ। ਅਜੋਕੇ ਸਮੇਂ 'ਚ ਯਥਾਰਥਵਾਦੀ ਭੁਲਾਂਦਰੇ ਨੂੰ ਸਿਰਜਣ ਲਈ ਨਵੀਆਂ ਜੁਗਤਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਹ ਜੁਗਤਾਂ ਸੈੱਟ ਦੇ ਵਜ਼ਨ ਅਤੇ ਬਜਟ ਦੋਹਾਂ ਨੂੰ ਕਾਬੂ ਵਿਚ ਰਖਦੀਆਂ ਹਨ। ਇਸ ਰੁਝਾਨ ਨੂੰ ਉਦਾਹਰਨ ਵਜੋਂ ਪੇਸ਼ ਪੇਸ਼ਕਾਰੀਆਂ ਵਿੱਚੋਂ ਸਪੱਸ਼ਟ ਦੇਖਿਆ ਜਾ ਸਕਦਾ ਹੈ। ਨਾਟਕਕਾਰ ਅਤੇ ਨਿਰਦੇਸ਼ਕ ਬਲਵਿੰਦਰ ਬੁਲੇਟ ਨੇ ਆਪਣੇ ਨਾਟਕ 'ਸਾਹਿਬਾਂ ਮਿਰਜ਼ਾ' ਵਿਚ ਇਕ ਪਿੰਡ ਦਿਖਾਉਣ ਲਈ ਯਥਾਰਥਵਾਦੀ ਢੰਗ ਨਹੀਂ ਅਪਣਾਇਆ ਬਲਕਿ ਉਸ ਨੇ ਪਿੰਡ ਦੀ ਝਾਕੀ ਨੂੰ ਇਕ ਪਰਦੇ ਉੱਤੇ ਚਿਤਰ ਕੇ ਇਸ ਨੂੰ ਸਕੀਨੀ ਵਜੋਂ ਪਿੱਛੇ ਲਮਕਾ ਦਿੱਤਾ। ਪਿੱਠਵਰਤੀ ਰੂਪ ਵਿਚ ਪਰਦੇ ਉੱਤੇ ਚਿਤਰੀ ਗਈ ਪਿੰਡ ਦੀ ਝਾਕੀ, ਰਾਮਲੀਲ੍ਹਾ ਆਦਿ ਵਿਚ ਵਰਤੇ ਜਾਂਦੇ ਵੱਖ-ਵੱਖ ਦ੍ਰਿਸ਼ਾਂ ਵਾਲੇ ਰੰਗੀਨ ਪਰਦਿਆਂ ਦਾ ਹੀ ਨਵੀਨੀ ਰੂਪ ਕਹਿ ਸਕਦੇ ਹਾਂ।'[1] ਮਾਝੇ ਖਿੱਤੇ ਦੇ ਰੰਗਕਰਮੀ ਕੇਵਲ ਧਾਲੀਵਾਲ ਨੇ 'ਅੱਗ ਲਾਉਂਦੀ ਰਹੀ ਸਮੁੰਦਰਾਂ 'ਚ ਤਾਰੀਆਂ' ਨਾਟਕ ਨੂੰ ਮੰਚ 'ਤੇ ਪੇਸ਼ ਕਰਦਿਆਂ ਇਕ ਸਮੁੰਦਰੀ ਜਹਾਜ਼ ਦਾ ਭੁਲਾਂਦਰਾ ਸਿਰਜਣ ਲਈ ਕਮਾਣਨੁਮਾ ਪਲਾਈਬੋਰਡ ਉੱਤੇ ਜਹਾਜ਼ ਦੀ ਫ਼ਲੈਕਸ ਚਿਪਕਾ ਕੇ ਯਥਾਰਥਕਤਾ ਦਾ ਅਦਭੁੱਤ ਪ੍ਰਭਾਵ ਸਿਰਜਿਆ।'[2] ਰਿਆਨ ਖ਼ਾਨ ਨੇ 'ਅੰਨ੍ਹੀ ਮਾਈ ਦਾ ਸੁਪਨਾ ਨਾਟਕ ਵਿਚ ਸਾਰੇ ਸੈੱਟ ਦੀ ਬੁਣਤਰ ਰੰਗ-ਬਿਰੰਗੇ ਕੱਪੜਿਆਂ ਨਾਲ ਹੀ ਬੁਣੀ।'[3] ਕੇਵਲ ਧਾਲੀਵਾਲ ਨੇ ਨਾਟਕ 'ਕਣਸੋ' ਵਿਚ ਇਕ ਵੱਡੇ ਸਾਰੇ ਮੋਮਜਾਮੇ ਨੂੰ ਬਹੁ-ਵਰਤੋਂਯੋਗ ਸੈੱਟ ਦੇ ਹਿੱਸੇ ਵਜੋਂ ਵਰਤਿਆ। ਇਹ ਮੋਮਜਾਮਾ ਕਦੇ ਮੀਂਹ ਤੋਂ ਬਚਣ ਲਈ ਛੱਤ ਬਣਦਾ ਹੈ ਅਤੇ ਕਦੇ ਆਫ਼-ਸਟੇਜ ਬਾਥਰੂਮ ਵਿਚ ਵਾਪਰ ਰਹੇ ਕਾਰਜ ਦੀ ਦਰਸ਼ਕਾਂ ਤੱਕ ਸੂਹ ਪਹੁੰਚਾਉਣ ਲਈ ਕੰਧ ਵਜੋਂ ਵਰਤਿਆ ਜਾਂਦਾ ਹੈ।'[4] ਇਸ ਤਰ੍ਹਾਂ ਹੋਰ ਬਹੁਤ ਸਾਰੀਆਂ ਪੇਸ਼ਕਾਰੀਆਂ ਅਜਿਹੀਆਂ ਹਨ ਜਿਨ੍ਹਾਂ ਵਿਚ ਸੈੱਟ ਨੂੰ ਆਧਾਰ ਬਣਾ ਕੇ ਰੰਗਮੰਚੀ ਤਜਰਬੇ ਕੀਤੇ ਗਏ ਹਨ।

ਸਮਕਾਲੀ ਪੰਜਾਬੀ ਪੇਂਡੂ ਰੰਗਮੰਚ ਵਿਚ ਇਕ ਰੁਝਾਨ ਅਜਿਹਾ ਪੈਦਾ ਹੋਇਆ ਜਿਹੜਾ ਕਿ ਹੁਣ ਪੇਂਡੂ ਰੰਗਮੰਚ ਦੀ ਪਰੰਪਰਾ ਬਣਦਾ ਜਾ ਰਿਹਾ ਹੈ, ਉਹ ਹੈ 'ਗੀਤਾਂ ਦਾ ਮੰਚਣ' ਜਾਂ 'ਨਾਟਕੀ ਐਕਸ਼ਨ ਗੀਤ' ਜਿਸ ਨੂੰ ਕਿ ਆਮ ਤੌਰ 'ਤੇ 'ਕੋਰਿਓਗ੍ਰਾਫ਼ੀ' ਕਹਿ ਲਿਆ ਜਾਂਦਾ ਹੈ। ਪਿੰਡ ਵਿਚ ਨਾਟਕ ਕਰਵਾਉਣ ਵਾਲ਼ੇ ਦਰਸ਼ਕ ਨਾਟਕਾਂ ਦੇ ਨਾਲ-ਨਾਲ

ਇਨ੍ਹਾਂ ਕੋਰਿਓਗ੍ਰਾਫ਼ੀਆਂ ਦੀ ਵਿਸ਼ੇਸ਼ ਮੰਗ ਕਰਦੇ ਹਨ। ਪਿੰਡਾਂ ਵਿਚ ਕੰਮ ਕਰਨ ਵਾਲੀਆਂ ਲਗਭਗ ਸਾਰੀਆਂ ਨਾਟ-ਟੋਲੀਆਂ ਹੀ (ਅਜਮੇਰ ਸਿੰਘ ਔਲਖ ਵਾਲੀ ਨਾਟ-ਟੋਲੀ ਨੂੰ ਛੱਡ ਕੇ) ਦਰਸ਼ਕਾਂ ਦੀ ਮੰਗ ਅਨੁਸਾਰ ਵਿਸ਼ੇਸ਼ ਰੂਪ ਵਿਚ ਕੋਰਿਓਗ੍ਰਾਫ਼ੀਆਂ ਤਿਆਰ ਕਰਦੀਆਂ ਹਨ। ਇਨ੍ਹਾਂ 'ਐਕਸ਼ਨ ਗੀਤਾਂ' ਦੀ ਸ਼ੁਰੂਆਤ ਦਾ ਸਿਹਰਾ ਗੁਰਸ਼ਰਨ ਸਿੰਘ ਦੇ ਸਿਰ ਬੱਝਦਾ ਹੈ।' ਗੁਰਸ਼ਰਨ ਸਿੰਘ ਦੀ ਨਾਟ-ਟੋਲੀ ਹਾਰਮੋਨੀਅਮ, ਢੋਲਕੀ ਅਤੇ ਨਗਾਰੇ ਦੀ ਆਵਾਜ਼ 'ਤੇ ਗਾਏ ਜਾਣ ਵਾਲੇ ਗੀਤਾਂ ਦੇ ਨਾਲ ਨਾਲ ਉਨ੍ਹਾਂ ਗੀਤਾਂ ਦੇ ਬੋਲਾਂ ਦੀ ਨਾਟਕੀ ਪੇਸ਼ਕਾਰੀ ਕਰਿਆ ਕਰਦੀ ਸੀ। ਕਲਾਕਾਰ ਇਕੋ ਜਿਹੇ ਕੁੜਤੇ ਪਜਾਮੇ ਪਾਉਂਦੇ, ਕਮਰ ਤੇ ਲਾਲ ਕੱਪੜਾ ਬੰਨ੍ਹਦੇ, ਹੱਥਾਂ ਵਿਚ ਕਈ ਵਾਰੀ ਲਾਲ ਝੰਡੇ ਲੈ ਕੇ ਤੁਰਦੇ ਤੇ ਕਈ ਗੀਤਾਂ ਵਿਚ ਭਾਰੀਆਂ ਲੋਹੇ ਦੀਆਂ ਜ਼ੰਜੀਰਾਂ ਦਾ ਵੀ ਇਸਤੇਮਾਲ ਹੁੰਦਾ ਸੀ।[5] ਗੁਰਸ਼ਰਨ ਸਿੰਘ ਦੁਆਰਾ ਤਜਰਬੇ ਦੇ ਰੂਪ ਵਿਚ ਸ਼ੁਰੂ ਕੀਤੇ ਇਨ੍ਹਾਂ 'ਐਕਸ਼ਨ ਗੀਤਾਂ' ਨੂੰ ਪੇਂਡੂ ਦਰਸ਼ਕਾਂ ਦਾ ਇੰਨਾ ਭਰਵਾਂ ਹੁੰਗਾਰਾ ਮਿਲਿਆ ਕਿ ਉਸ ਤੋਂ ਬਾਅਦ ਪਿੰਡਾਂ ਵਿਚ ਨਾਟਕ ਕਰਨ ਵਾਲ਼ੀ ਹਰੇਕ ਨਾਟ-ਟੋਲੀ ਨੂੰ ਦਰਸ਼ਕਾਂ ਨੇ 'ਐਕਸ਼ਨ ਗੀਤ' ਦੀ ਫ਼ਰਮਾਇਸ਼ ਕਰਨੀ ਸ਼ੁਰੂ ਕਰ ਦਿੱਤੀ। ਫਿਰ ਬਾਅਦ ਵਿਚ ਇਨ੍ਹਾਂ 'ਐਕਸ਼ਨ ਗੀਤਾਂ' ਦਾ ਮੁਹਾਂਦਰਾ ਬਦਲਦਾ ਗਿਆ। ਹੁਣ ਇਹ 'ਐਕਸ਼ਨ ਗੀਤ' ਸਟੇਜ ਤੋਂ ਪਿੱਛੋਂ ਰਿਕਾਰਡਡ ਗੀਤਾਂ ਨੂੰ ਆਧਾਰ ਬਣਾ ਕੇ ਪੇਸ਼ ਕੀਤੇ ਜਾਂਦੇ ਹਨ। "ਇਸ ਕੋਰਿਓਗ੍ਰਾਫ਼ੀ ਵਿਧਾ ਨੂੰ ਪੰਜਾਬ ਦੀਆਂ ਸਟੇਜਾਂ ਉਤੇ ਮਾਸਟਰ ਤਰਲੋਚਨ ਨੇ ਗੁਰਦਾਸ ਮਾਨ ਦੇ ਗੀਤ 'ਮੈਂ ਧਰਤੀ ਪੰਜਾਬ ਦੀ ਲੋਕੋ ਵਸਦੀ ਉਜੜ ਗਈ' ਨੂੰ ਸੈਂਕੜੇ ਵਾਰ ਪੇਸ਼ ਕੀਤਾ।'[6] ਮਾਰਕਸੀ ਵਿਚਾਰਧਾਰਾ ਨਾਲ ਜੁੜੀਆਂ ਨਾਟ-ਮੰਡਲੀਆਂ ਅਤੇ ਪਿੰਡਾਂ ਵਿਚ ਰੰਗਮੰਚ ਕਰਨ ਵਾਲੀਆਂ ਨਾਟ-ਮੰਡਲੀਆਂ ਇਸ ਕੋਰਿਓਗ੍ਰਾਫ਼ੀ ਵਿਧਾ ਨਾਲ ਨਵੇਂ ਨਵੇਂ ਤਜਰਬੇ ਕਰ ਰਹੀਆਂ ਹਨ। ਕੋਰਿਓਗ੍ਰਾਫ਼ੀ ਕਰਨ ਵਾਲਿਆਂ ਵਿਚ ਗੁਰਸ਼ਰਨ ਸਿੰਘ ਅਤੇ ਮਾਸਟਰ ਤਰਲੋਚਨ ਤੋਂ ਇਲਾਵਾ ਅਮੋਲਕ ਸਿੰਘ, ਸੋਮਪਾਲ ਹੀਰਾ, ਹੰਸਾ ਸਿੰਘ, ਕ੍ਰਾਂਤੀਪਾਲ , ਮਾਸਟਰ ਕੁਲਜੀਤ ਆਦਿ ਅਜਿਹੇ ਰੰਗਕਰਮੀਆਂ ਨੇ ਨਾਮ ਹਨ ਜਿਨ੍ਹਾਂ ਨੇ ਇਸ ਵੰਨਗੀ ਰਾਹੀਂ ਨਾਮਣਾ ਖੱਟਿਆ ਹੈ।

ਉਪਰੋਕਤ ਤੋਂ ਇਲਾਵਾ ਇਕ ਕਲਾਕਾਰੀ ਨਾਟਕ ਦਾ ਰੁਝਾਨ ਵੀ ਪਿਛਲੇ ਕਾਫ਼ੀ ਸਮੇਂ ਤੋਂ ਪ੍ਰਚਲਿਤ ਹੈ। ਇਸ ਵਿਧਾ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ। 'ਇਕ ਪਾਤਰੀ ਨਾਟਕ, ਇਕ ਕਲਾਕਾਰੀ ਨਾਟਕ, ਸੋਲੋ ਨਾਟਕ, ਮੋਨੋਡਰਾਮਾ, ਮੋਨੋਲਾਗ, ਵਨ ਮੈਨ ਸ਼ੋਅ ਆਦਿ।'[7] ਇਕ ਕਲਾਕਾਰੀ/ਪਾਤਰੀ ਨਾਟਕ ਵਿੱਤੀ ਸਾਧਨਾਂ ਦੀ ਘਾਟ ਅਤੇ ਨਵੇਂ ਰੰਗਮੰਚੀ ਤਜਰਬੇ ਕਰਨ ਦੀ ਕੁੱਖੋਂ ਜਨਮਿਆ ਹੈ। ਇਸ ਵੰਨਗੀ ਵਿਚ ਇਕੋ ਕਲਾਕਾਰ/ਅਦਾਕਾਰ ਮੰਚ ਉੱਤੇ ਮੌਜੂਦ ਰਹਿ ਕੇ ਇਕ ਜਾਂ ਬਹੁਤ ਸਾਰੇ ਪਾਤਰ ਅਭਿਨੀਤ ਕਰਦਾ ਹੈ। ਉਂਝ ਵਿਵਹਾਰਕ ਰੂਪ ਵਿਚ ਇਕ ਕਲਾਕਾਰੀ ਨਾਟਕ ਵੀ ਅਸਲ ਵਿਚ ਇਕ ਕਲਾਕਾਰੀ ਨਹੀਂ ਹੁੰਦਾ, ਹਾਂ ਇਕ ਅਦਾਕਾਰੀ (ਇਕ ਹੀ ਅਦਾਕਾਰ) ਜ਼ਰੂਰ ਹੁੰਦਾ ਹੈ। ਮੰਚ 'ਤੇ ਮੌਜੂਦ ਅਦਾਕਾਰ ਦੀ ਸਹਾਇਤਾ ਲਈ ਬਾਹਰੀ ਸਹਾਇਤਾ (ਰੋਸ਼ਨੀ, ਸੰਗੀਤ ਤੇ ਹੋਰ ਸਹਾਇਤਾਵਾਂ) ਪ੍ਰਦਾਨ ਕਰਨ ਵਾਲ਼ੇ ਕਲਾਕਾਰ ਵੀ ਉਸ ਟੀਮ ਜਾਂ ਨਾਟਕ ਦਾ ਹਿੱਸਾ ਹੁੰਦੇ ਹਨ। ਇਹ ਨਾਟਕੀ ਵੰਨਗੀ ਅਦਾਕਾਰੀ ਪੱਖੋਂ ਮਜ਼ਬੂਤ ਵੰਨਗੀ ਹੁੰਦੀ ਹੈ। ਇਸ ਵੰਨਗੀ ਵਿਚ ਨਾਟ-

ਸਕਰਿਪਟ ਦਾ ਢਾਂਚਾ ਆਮ ਨਾਟਕ ਦੀ ਸਕਰਿਪਟ ਨਾਲ਼ੋਂ ਵੱਖਰਾ ਹੁੰਦਾ ਹੈ ਤੇ ਇਸ ਦੀ ਪੇਸ਼ਕਾਰੀ ਵੀ ਆਮ ਨਾਟਕ ਨਾਲੋਂ ਵੱਖਰੀ ਹੁੰਦੀ ਹੈ। ਇਹ ਵੱਖਰਤਾ ਮੰਚ ਡਿਜ਼ਾਇਨ, ਮੰਚ ਜੜ੍ਹਤ, ਮੂਵਮੈਂਟ, ਸੰਗੀਤ ਆਦਿ ਸਭ ਪੱਖੋਂ ਹੁੰਦੀ ਹੈ। ਇਸ ਵਿਚ ਅਦਾਕਾਰ ਹੀ ਸੂਤਰਧਾਰ ਹੁੰਦਾ ਹੈ। ਪੰਜਾਬੀ ਰੰਗਮੰਚ ਵਿਚ ਸੈਮੂਅਲ ਜੌਨ੍ਹ (ਘਸਿਆ ਹੋਇਆ ਆਦਮੀ), ਸੋਮਪਾਲ ਹੀਰਾ (ਦਾਸਤਾਨ-ਏ-ਦਿਲ), ਸੁੱਖੀ ਪਾਤੜਾਂ (ਨਮੋਲੀਆਂ), ਰਾਣਾ ਰਣਬੀਰ (ਖੇਤਾਂ ਦਾ ਪੁੱਤ), ਹਰਦੀਪ ਗਿੱਲ (ਸੜਕਨਾਮਾ), ਗੁਰਿੰਦਰ ਮਕਨਾ (ਮੈਂ ਨਾਸਤਿਕ ਕਿਉਂ ਹਾਂ), ਗੌਰਵ ਵਿੱਜ (ਪਿਆਸਾ ਕਾਂ), ਸੰਗੀਤਾ ਗੁਪਤਾ (ਮੈਂ ਘਾਹ ਹਾਂ), ਅਨੀਤਾ ਸ਼ਬਦੀਸ਼ (ਚਿੜੀ ਦੀ ਅੰਬਰ ਵੱਲ ਉਡਾਨ), ਅਨੀਤਾ ਦੇਵਗਣ (ਕਣਸੋ) ਵਰਗੇ ਰੰਗਕਰਮੀ ਇਸ ਵਿਧਾ ਨੂੰ ਅਪਣਾ ਕੇ ਪੰਜਾਬੀ ਰੰਗਮੰਚ 'ਚ ਨਵੇਂ ਦਿਸਹੱਦੇ ਸਿਰਜ ਰਹੇ ਹਨ।

ਅਸਲ ਵਿਚ ਰੰਗਮੰਚ ਦੇ ਵਿਕਾਸ ਲਈ ਰੰਗਮੰਚ ਦੀ ਵਿਧੀਵਤ ਸਿਖਲਾਈ ਬਹੁਤ ਜ਼ਰੂਰੀ ਹੈ। ਹਾਲਾਂਕਿ ਇਹ ਮੰਨਿਆ ਜਾਂਦਾ ਹੈ ਕਿ ਕਲਾ ਦੀ ਆਮਦ ਇਕ ਕੁਦਰਤੀ ਵਰਤਾਰਾ ਹੈ ਪਰ ਇਸ ਦੇ ਬਾਵਜੂਦ ਕਲਾ/ਹੁਨਰ ਨੂੰ ਹੋਰ ਪ੍ਰਭਾਵਸ਼ਾਲੀ, ਸਮਰਥਾ ਭਰਪੂਰ ਬਣਾਉਣ ਲਈ ਰੰਗਮੰਚੀ ਸਿਖਲਾਈ ਦਾ ਆਪਣਾ ਮਹੱਤਵ ਹੈ। ਪੰਜਾਬੀ ਰੰਗਮੰਚ ਲੋਕ ਰੰਗਮੰਚ, ਸੰਸਕ੍ਰਿਤ ਰੰਗਮੰਚ, ਪਾਰਸੀ ਅਤੇ ਪੱਛਮੀ ਰੰਗਮੰਚ ਦੇ ਸਮਨਵੈ ਸਹਿਤ ਆਪਣਾ ਰੂਪ ਅਖ਼ਤਿਆਰ ਕਰਦਾ ਹੈ ਤੇ ਨਾਲ਼ ਹੀ ਸਿੱਖਣ-ਪੱਧਤੀ ਵੱਲ ਵੀ ਝੁਕਦਾ ਹੈ। ਪੰਜਾਬੀ ਰੰਗਮੰਚ ਨਾਲ ਜੁੜੇ ਬਹੁਤ ਸਾਰੇ ਨਾਮੀ ਰੰਗਕਰਮੀ ਸਿੱਖਣ-ਪੱਧਤੀ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਹੀ ਨਿਖਰੇ ਹਨ।ਨੈਸ਼ਨਲ ਸਕੂਲ ਆਫ ਡਰਾਮਾ, ਨਵੀਂ ਦਿੱਲੀ, ਥੀਏਟਰ ਐਂਡ ਟੈਲੀਵਿਜ਼ਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਇੰਡੀਅਨ ਥੀਏਟਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਜਿਹੇ ਸੰਸਥਾਨ ਹਨ ਜਿਨ੍ਹਾਂ ਵਿਚ ਰੰਗਮੰਚ ਅਤੇ ਇਸ ਨਾਲ਼ ਜੁੜੇ ਵਰਤਾਰਿਆਂ ਦੀ ਵਿਧੀਵਤ ਟਰੇਨਿੰਗ ਦਿੱਤੀ ਜਾਂਦੀ ਹੈ। ਓਮ ਪੁਰੀ, ਨਸੀਰਉਦੀਨ ਸ਼ਾਹ, ਹਰਪਾਲ ਟਿਵਾਣਾ, ਨੀਨਾ ਟਿਵਾਣਾ, ਬਲਰਾਜ ਪੰਡਤ, ਯੋਗੇਸ਼ ਗੰਭੀਰ, ਮੋਹਨ ਮਹਾਂਰਿਸ਼ੀ, ਕੇਵਲ ਧਾਲੀਵਾਲ, ਪ੍ਰਿਤਪਾਲ ਰੁਪਾਣਾ, ਰਾਜ ਬੱਬਰ ਆਦਿ ਅਜਿਹੇ ਨਾਮ ਹਨ ਜੋ ਐਨ.ਐਸ.ਡੀ. ਤੋਂ ਰੰਗਮੰਚ ਸਬੰਧੀ ਸਿੱਖਿਆ ਪ੍ਰਾਪਤ ਕਰ ਕੇ ਆਏ ਤੇ ਉਨ੍ਹਾਂ ਨੇ ਪੰਜਾਬੀ ਰੰਗਮੰਚ ਦੇ ਮਿਆਰ ਨੂੰ ਹੋਰ ਉੱਚਾ ਚੁੱਕਿਆ। ਪਟਿਆਲਾ ਅਤੇ ਚੰਡੀਗੜ੍ਹ ਦੀਆਂ ਯੂਨੀਵਰਸਿਟੀਆਂ ਦੇ ਥੀਏਟਰ ਵਿਭਾਗਾਂ ਦੀ ਪੰਜਾਬੀ ਰੰਗਮੰਚ ਦੇ ਵਿਕਾਸ ਵਿਚ ਅਹਿਮ ਭੂਮਿਕਾ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਲਗਾਤਾਰਤਾ ਨਾਲ ਕੀਤੀਆਂ ਜਾਣ ਵਾਲੀਆਂ ਰੰਗਮੰਚੀ ਵਰਕਸ਼ਾਪਾਂ ਵਿਚੋਂ ਰੰਗਮੰਚ ਦੀ ਟਰੇਨਿੰਗ ਲੈ ਕੇ ਬਹੁਤ ਸਾਰੇ ਰੰਗਕਰਮੀ ਪੈਦਾ ਹੋਏ ਹਨ। ਇਸ ਦੇ ਤਹਿਤ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬ ਵਿਚ ਬਹੁਤ ਥਾਵਾਂ ਉੱਤੇ ਰੰਗਮੰਚੀ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਰੰਗਮੰਚੀ ਵਰਕਸ਼ਾਪਾਂ ਵਿਚੋਂ ਰੰਗਮੰਚ ਦੀ ਸਿਖਲਾਈ ਲੈ ਕੇ ਬਹੁਤ ਸਾਰੇ ਰੰਗਕਰਮੀ ਪੰਜਾਬੀ ਰੰਗਮੰਚ ਨੂੰ ਹੋਰ ਸਮਰਿੱਧ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਡਾ. ਯੋਗੇਸ਼ ਗੰਭੀਰ ਦੁਆਰਾ ਐਨ.ਐਸ.ਡੀ. ਦੇ ਸਹਿਯੋਗ ਨਾਲ਼ ਕਾਫ਼ੀ ਸਾਲ ਅੰਦਰੇਟਾ ਵਿਖੇ 'ਨੌਰ੍ਹਾ ਰਿਚਰਡਜ਼ ਹਾਲੀਡੇ ਸੈਂਟਰ' ਵਿਖੇ ਰੰਗਮੰਚ ਦੀਆਂ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਵਰਕਸ਼ਾਪਾਂ

ਵਿਚ ਵੱਖ ਵੱਖ ਰੰਗਮੰਚੀ ਹੁਨਰਾਂ ਦੇ ਮਾਹਿਰ ਜਿਵੇਂ ਕਿ ਸਤਯਵਰਤ ਰਾਊਤ, ਅੰਬਾ ਸਾਨਿਯਾਲ, ਸੰਗੀਤਾ ਸ਼ਰਮਾ, ਭੂਮੀਕੇਸ਼ਵਰ, ਨਿਰੰਜਨ ਗੋਸਵਾਮੀ, ਝਿਲਮਿਲ ਹਜ਼ਾਰੀਕਾ (ਐਨ.ਐਸ.ਡੀ. ਵੱਲੋਂ ਪ੍ਰਵਾਨਿਤ ਟਰੇਨਰ) ਆਦਿ ਪੰਜਾਬੀ ਰੰਗਮੰਚ ਵਿਚ ਪ੍ਰਵੇਸ਼ ਕਰਨ ਵਾਲ਼ੇ ਨਵੇਂ ਰੰਗਕਰਮੀਆਂ ਨੂੰ ਵੱਖੋ ਵੱਖ ਹੁਨਰ ਸਿਖਾਉਣ ਲਈ ਪਹੁੰਚਦੇ ਰਹੇ ਹਨ। ਇਸੇ ਤਰ੍ਹਾਂ ਕੇਵਲ ਧਾਲੀਵਾਲ ਦੁਆਰਾ ਪਿਛਲੇ ਵੀਹ ਸਾਲਾਂ ਤੋਂ ਐਨ.ਐਸ.ਡੀ. ਦੇ ਸਹਿਯੋਗ ਨਾਲ਼ ਅੰਮ੍ਰਿਤਸਰ ਵਿਖੇ ਰੰਗਮੰਚੀ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਵਰਕਸ਼ਾਪਾਂ ਵਿਚ ਪਾਰਥੋ ਬੈਨਰਜੀ, ਸੰਗੀਤਾ ਸ਼ਰਮਾ, ਪ੍ਰਿਤਪਾਲ ਰੁਪਾਣਾ ਅਤੇ ਹੋਰ ਰੰਗਕਰਮੀ ਨਵੇਂ ਵਿਦਿਆਰਥੀਆਂ ਨੂੰ ਰੰਗਮੰਚੀ ਹੁਨਰ ਸਿਖਾਉਂਦੇ ਰਹੇ ਹਨ। ਪੰਜਾਬ ਦੇ ਲਗਭਗ ਸਾਰੇ ਨੌਜਵਾਨ ਰੰਗਕਰਮੀਆਂ ਨੇ ਕਦੇ ਨਾ ਕਦੇ ਇਨ੍ਹਾਂ ਵਰਕਸ਼ਾਪਾਂ ਦਾ ਹਿੱਸਾ ਬਣ ਕੇ ਸਿਖਲਾਈ ਪ੍ਰਾਪਤ ਕੀਤੀ ਹੈ। ਇਸੇ ਤਰ੍ਹਾਂ ਅਬੋਹਰ ਵਿਚ ਭੁਪਿੰਦਰ ਉਤਰੇਜਾ, ਮੁੱਲਾਂਪੁਰ ਵਿਚ ਹਰੀਕੇਸ਼ ਚੌਧਰੀ, ਬਠਿੰਡਾ ਵਿਖੇ ਟੋਨੀ ਬਾਤਿਸ਼, ਫ਼ਰੀਦਕੋਟ ਵਿਖੇ ਸੁਦਰਸ਼ਨ ਮੈਣੀ, ਪਟਿਆਲਾ ਵਿਖੇ ਪ੍ਰਾਣ ਸਭਰਵਾਲ ਅਤੇ ਰਾਜੇਸ਼ ਸ਼ਰਮਾ ਆਦਿ ਇਨ੍ਹਾਂ ਰੰਗਮੰਚੀ ਵਰਕਸ਼ਾਪਾਂ ਦੇ ਸੂਤਰਧਾਰ ਰਹੇ ਹਨ।

ਇਸੇ ਤਰ੍ਹਾਂ ਸਮੇਂ ਸਮੇਂ ਹੁੰਦੇ ਨਾਟ ਮੁਕਾਬਲਿਆਂ ਦੇ ਤਹਿਤ ਰੰਗਮੰਚੀ ਪੇਸ਼ਕਾਰੀਆਂ ਦੇ ਮੁਕਾਬਲੇ ਸਦਾ ਹੀ ਪੰਜਾਬੀ ਰੰਗਮੰਚ ਲਈ ਆਧਾਰਸ਼ਿਲਾ ਰਹੇ ਹਨ। ਆਧੁਨਿਕ ਪੰਜਾਬੀ ਰੰਗਮੰਚ ਦਾ ਆਈ. ਸੀ. ਨੰਦਾ ਰਚਿਤ ਮੁਢਲੇ ਇਕਾਂਗੀ 'ਦੁਲਹਨ/ਸੁਹਾਗ' ਨੂੰ ਵੀ ਇਹ ਮਾਣ ਪ੍ਰਾਪਤ ਰਿਹਾ ਹੈ ਕਿ ਇਹ ਰੰਗਮੰਚੀ ਪੇਸ਼ਕਾਰੀਆਂ ਦੇ ਮੁਕਾਬਲੇ ਦੀ ਹੀ ਦੇਣ ਸੀ। ਸਮਕਾਲ 'ਚ ਵੀ ਪੰਜਾਬੀ ਦਾ ਬਹੁਤਾ ਰੰਗਮੰਚ ਨਾਟ ਮੇਲਿਆਂ ਅਤੇ ਰੰਗਮੰਚੀ ਪੇਸ਼ਕਾਰੀਆਂ ਦੇ ਮੁਕਾਬਲਿਆਂ ਵਿਚੋਂ ਹੀ ਨੁਮਾਇਆ ਹੋ ਰਿਹਾ ਹੈ। ਮਾਰਕਸਵਾਦੀ ਪਾਰਟੀਆਂ ਦੇ ਕਲਚਰਲ ਵਿੰਗ 'ਪਲਸ ਮੰਚ' ਵੱਲੋਂ ਪੰਜਾਬ ਦੇ ਹਰ ਵੱਡੇ ਸ਼ਹਿਰ ਅਤੇ ਪਿੰਡਾਂ ਵਿਚ ਰੰਗਮੰਚੀ ਪੇਸ਼ਕਾਰੀਆਂ ਦੇ ਸਾਰੀ ਸਾਰੀ ਰਾਤ ਦੇ ਮੇਲਿਆਂ ਦਾ ਪ੍ਰਬੰਧਨ ਕੀਤਾ ਜਾਂਦਾ ਰਿਹਾ ਹੈ । ਮੌਜੂਦਾ ਸਮੇਂ ਵੀ ਇਸ ਸੰਸਥਾ ਵੱਲੋਂ ਦੋ ਵੱਡੇ ਮੇਲੇ ਆਯੋਜਿਤ ਕੀਤੇ ਜਾਂਦੇ ਹਨ ਜਿਸ ਦੇ ਤਹਿਤ, 1 ਮਈ ਨੂੰ ਮਜ਼ਦੂਰ ਦਿਵਸ ਦੇ ਸੰਦਰਭ 'ਚ ਪੰਜਾਬੀ ਭਵਨ, ਲੁਧਿਆਣਾ ਵਿਖੇ ਅਤੇ 1 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਗਦਰੀ ਬਾਬਿਆਂ ਦੇ ਨਾਮ 'ਤੇ ਸਾਰੀ ਰਾਤ ਚੱਲਣ ਵਾਲੇ ਮੇਲੇ ਮਨਾਏ ਜਾਂਦੇ ਹਨ ਜਿਨ੍ਹਾਂ ਵਿਚ ਪੂਰੀ ਰਾਤ ਰੰਗਮੰਚੀ ਪੇਸ਼ਕਾਰੀਆਂ ਹੁੰਦੀਆਂ ਹਨ। ਇੰਜ ਹੀ ਬਾਬਾ ਫ਼ਰੀਦ ਦੀ ਯਾਦ ਵਿਚ ਹਰ ਸਾਲ ਫ਼ਰੀਦਕੋਟ ਵਿਖੇ ਇਕ ਵੱਡਾ ਮੇਲਾ ਕਰਵਾਇਆ ਜਾਂਦਾ ਹੈ ਜਿਸ ਵਿਚ ਮੁੱਖ ਆਕਰਸ਼ਣ ਨਾਟ-ਪ੍ਰਤੀਯੋਗਤਾ ਹੀ ਹੁੰਦਾ ਹੈ। ਮਹਾਸ਼ਕਤੀ ਕਲਾ ਮੰਦਿਰ ਬਰਨਾਲਾ ਵੱਲੋਂ, ਬਰਨਾਲਾ ਵਿਖੇ ਵੀ ਹਰ ਸਾਲ ਇਕ ਨਾਟ-ਪ੍ਰਤੀਯੋਗਤਾ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਸਭ ਦੇ ਸਮਾਨਾਂਤਰ ਪੰਜਾਬ ਸੰਗੀਤ ਨਾਟਕ ਅਕਾਦਮੀ ਵੱਲੋਂ ਵੀ ਸਾਲ ਵਿਚ ਕਈ ਰੰਗਮੰਚੀ ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਮਾਝੇ ਖਿੱਤੇ 'ਚ ਕੇਵਲ ਧਾਲੀਵਾਲ ਸਾਲ ਵਿਚ ਕਈ ਵਾਰ ਅੰਮ੍ਰਿਤਸਰ ਦੇ ਵਿਰਸਾ ਵਿਹਾਰ ਅਤੇ ਪੰਜਾਬ ਨਾਟਸ਼ਾਲਾ ਵਿਖੇ ਰੰਗਮੰਚੀ ਪੇਸ਼ਕਾਰੀਆਂ ਦਾ ਆਯੋਜਨ ਕਰਵਾਉਂਦੇ ਹਨ। ਕੀਰਤੀ ਕਿਰਪਾਲ ਵੱਲੋਂ ਬਠਿੰਡਾ ਵਿਖੇ ਦਸ ਰੋਜ਼ਾ ਨਾਟ-ਮੇਲਾ ਕਰਵਾਇਆ

ਜਾਂਦਾ ਹੈ। ਡਾ. ਸਵਾਮੀ ਸਰਬਜੀਤ ਅਤੇ ਗੁਰਪ੍ਰੀਤ ਆਰਟਿਸਟ ਵੱਲੋਂ ਟੋਨੀ ਬਾਤਿਸ਼ ਦੀ ਯਾਦ ਵਿਚ ਤਿੰਨ ਰੋਜ਼ਾ 'ਟੋਨੀ ਬਾਤਿਸ਼ ਯਾਦਗਾਰੀ ਕਲਾ ਉਤਸਵ' ਕਰਵਾਇਆ ਜਾਂਦਾ ਹੈ ਅਤੇ ਜਗਦੀਸ਼ ਖੰਨਾ ਵੱਲੋਂ ਵੀ ਟੋਨੀ ਬਾਤਿਸ਼ ਦੀ ਯਾਦ ਵਿਚ ਤਿੰਨ ਰੋਜ਼ਾ ਮੇਲਾ ਕਰਵਾਇਆ ਜਾਂਦਾ ਹੈ ਜਿਨ੍ਹਾਂ ਵਿਚ ਪੰਜਾਬੀ ਰੰਗਮੰਚੀ ਪੇਸ਼ਕਾਰੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਨ੍ਹਾਂ ਮੇਲਿਆਂ ਤੋਂ ਇਲਾਵਾ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਹੋਣ ਵਾਲੇ ਯੁਵਕ ਮੇਲਿਆਂ ਨੇ ਵੀ ਪੰਜਾਬੀ ਰੰਗਮੰਚ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਪੰਜਾਬ ਵਿਚ ਮੌਜੂਦ ਸਾਰੀਆਂ ਹੀ ਯੂਨੀਵਰਸਿਟੀਆਂ ਯੁਵਕ ਮੇਲਿਆਂ ਦਾ ਆਯੋਜਨ ਕਰਵਾਉਂਦੀਆਂ ਹਨ। ਇਨ੍ਹਾਂ ਯੁਵਕ ਮੇਲਿਆਂ ਵਿਚ ਬਹੁਤ ਸਾਰੇ ਕਾਲਜ ਭਾਗ ਲੈਂਦੇ ਹਨ ਅਤੇ ਅਨੇਕ ਇਕਾਂਗੀ/ਨਾਟਕਾਂ ਦੀ ਪੇਸ਼ਕਾਰੀ ਹੁੰਦੀ ਹੈ। ਇਸੇ ਤਰ੍ਹਾਂ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਵੱਲੋਂ ਵੀ ਬੱਚਿਆਂ ਦੇ ਵੱਖ ਵੱਖ ਪੱਧਰਾਂ ਦੇ ਨਾਟ - ਮੁਕਾਬਲੇ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿਚ ਸਾਇੰਸ ਨਾਲ਼ ਸਬੰਧਤ ਮੇਲੇ ਵੀ ਸ਼ਾਮਿਲ ਹਨ। ਇਨ੍ਹਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਦੀਆਂ ਰੰਗਮੰਚੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਹਿੱਤ 'ਇਕਾਂਗੀ ਮੁਕਾਬਲਿਆਂ' ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਬਹੁਤ ਸਾਲ ਪਹਿਲਾਂ ਭਾਸ਼ਾ ਵਿਭਾਗ, ਪੰਜਾਬ ਵੱਲੋਂ ਵੀ ਇਕਾਂਗੀ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਂਦਾ ਸੀ। ਇਨ੍ਹਾਂ ਨਾਟ ਮੇਲਿਆਂ ਅਤੇ ਯੁਵਕ ਮੇਲਿਆਂ ਵਿਚੋਂ ਪੰਜਾਬੀ ਦੇ ਕਈ ਨਾਟਕਕਾਰ-ਰੰਗਕਰਮੀਆਂ ਨੇ ਜਨਮ ਲਿਆ ਹੈ ਜਿਨ੍ਹਾਂ ਵਿੱਚੋਂ ਆਤਮਜੀਤ, ਅਜਮੇਰ ਔਲਖ, ਪਾਲੀ ਭੁਪਿੰਦਰ ਅਤੇ ਪੰਜਵੀਂ ਪੀੜ੍ਹੀ ਦੇ ਹੋਰ ਕਈ ਰੰਗਕਰਮੀ ਸ਼ਾਮਿਲ ਹਨ।

ਅਸਲ ਵਿਚ ਰੰਗਮੰਚੀ ਗਤੀਵਿਧੀਆਂ ਨੂੰ ਸੁਚਾਰੂ ਰੂਪ ਵਿਚ ਚਾਲੂ ਰੱਖਣ ਲਈ 'ਮੰਚ' ਦੀ ਲੋੜ ਸਭ ਤੋਂ ਆਵਸ਼ੱਕ ਹੈ ਅਤੇ ਇਸ ਲੋੜ ਦੀ ਘਾਟ ਨੂੰ ਪੂਰਨ ਹਿੱਤ ਹੀ ਗੁਰਸ਼ਰਨ ਸਿੰਘ ਹੁਰਾਂ ਨੇ ਪੰਜਾਬੀ ਵਿਚ 'ਥੜ੍ਹਾ ਮੰਚ' ਦਾ ਵਿਕਾਸ ਕੀਤਾ। ਹੁਣ ਵੀ ਜਿੱਥੇ ਕਿਤੇ ਪੱਕੇ ਮੰਚ ਦੀ ਅਣਹੋਂਦ ਹੁੰਦੀ ਹੈ ਜਾਂ ਨੁੱਕੜ ਨਾਟਕ ਦੀ ਪ੍ਰਸਤੁਤੀ ਕਰਨੀ ਹੁੰਦੀ ਹੈ ਤਾਂ ਕੰਮ ਚਲਾਉਣ ਹਿੱਤ ਕਿਸੇ ਵੀ ਜਗ੍ਹਾ ਨੂੰ ਮੰਚ ਦੇ ਰੂਪ ਵਿਚ ਵਰਤ ਲਿਆ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬੀ ਰੰਗਕਰਮੀਆਂ ਨੇ ਆਪਣੇ ਨਿੱਜੀ ਯਤਨਾਂ ਸਦਕਾ ਪੰਜਾਬ ਦੇ ਕਈ ਛੋਟੇ-ਵੱਡੇ ਸ਼ਹਿਰਾਂ/ਪਿੰਡਾਂ ਵਿਚ ਖੁੱਲ੍ਹੇ ਰੰਗਮੰਚ ਜਾਂ ਨਾਟ ਘਰਾਂ ਦੀ ਸਥਾਪਨਾ ਕੀਤੀ ਹੈ। ਰੰਗਕਰਮੀਆਂ ਦੇ ਨਿਜੀ ਯਤਨਾਂ ਨਾਲ ਬਹੁਤ ਸਾਰੇ ਨਾਟ-ਭਵਨਾਂ ਦਾ ਨਿਰਮਾਣ ਹੋਇਆ ਹੈ ਜਿਵੇਂ ਕਿ ਸੁਦਰਸ਼ਨ ਮੈਣੀ ਨੇ 'ਯੂਨੀਕ ਓਪਨ ਏਅਰ ਥੀਏਟਰ' ਫ਼ਰੀਦਕੋਟ ਵਿਖੇ, ਹੰਸਾ ਸਿੰਘ ਨੇ 'ਇਨਪੁਟ ਨਾਟ ਭਵਨ' ਬਿਆਸ ਵਿਖੇ, ਸੈਮੂਅਲ ਜੌਨ੍ਹ ਨੇ 'ਓਪਨ ਏਅਰ ਥੀਏਟਰ' ਲਹਿਰਾਗਾਗਾ ਵਿਖੇ, ਨਿਰਭੈ ਧਾਲੀਵਾਲ ਨੇ 'ਜੋਬਨ ਓਪਨ ਏਅਰ ਥੀਏਟਰ' ਸ਼ੇਖ਼ੂਪੁਰ ਪਟਿਆਲਾ ਵਿਖੇ, ਕੇਵਲ ਧਾਲੀਵਾਲ ਨੇ 'ਮੰਚ ਰੰਗਮੰਚ ਅੰਮ੍ਰਿਤਸਰ ਵਿਖੇ, ਬਲਵਿੰਦਰ ਕਾਸ਼ ਨੇ 'ਨਾਟ ਪਲੇਸ' ਵੇਰਕਾ ਵਿਖੇ, ਸੋਮਪਾਲ ਹੀਰਾ, ਕੰਵਲ ਢਿੱਲੋਂ ਅਤੇ ਸੰਤੋਖ ਸਿੰਘ ਸੁਖਾਣਾ ਨੇ 'ਸ਼੍ਰੀਮਤੀ ਗੁਰਦੀਪ ਕੌਰ ਢਿੱਲੋਂ ਯਾਦਗਾਰੀ ਨਾਟਘਰ' ਰਾਏਕੋਟ ਵਿਖੇ, ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਨੇ 'ਗੁਰਸ਼ਰਨ ਨਾਟ ਭਵਨ' ਮੁੱਲਾਂਪੁਰ ਵਿਖੇ, ਜਤਿੰਦਰ ਬਰਾੜ ਨੇ 'ਪੰਜਾਬ ਨਾਟਸ਼ਾਲਾ' ਅੰਮ੍ਰਿਤਸਰ ਵਿਖੇ ਸਥਾਪਤ ਕੀਤੇ ਹਨ।

ਉਪਰੋਕਤ ਦੀ ਲੋਅ 'ਚ ਪੰਜਾਬੀ ਰੰਗਮੰਚ ਨੇ ਬਹੁਤ ਵਾਰੀ ਵਪਾਰਕ ਹੋਣ ਹਿੱਤ ਟਿਕਟ ਉੱਤੇ ਦਰਸ਼ਕਾਂ ਨੂੰ ਨਾਟਕ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਅਜਿਹੇ ਤਜਰਬੇ ਬਹੁਤ ਘੱਟ ਹੋਏ ਹਨ ਪਰ ਜਿੰਨੇ ਕੁ ਹੋਏ ਹਨ ਉਹ ਲਗਭਗ ਸਫ਼ਲ ਹੀ ਰਹੇ ਹਨ। ਹਾਲਾਂਕਿ ਪੰਜਾਬੀ ਰੰਗਮੰਚ ਦੀਆਂ ਜੜ੍ਹਾਂ ਵਿਚਲਾ ਪਾਰਸੀ ਰੰਗਮੰਚ ਪੂਰੀ ਤਰ੍ਹਾਂ ਪੇਸ਼ਾਵਰ ਸੀ ਅਤੇ ਦਰਸ਼ਕ ਪੈਸੇ ਖ਼ਰਚ ਕੇ ਹੀ ਰੰਗਮੰਚ ਦਾ ਆਨੰਦ ਲੈਂਦੇ ਸਨ ਪਰ ਟਿਕਟ 'ਤੇ ਥੀਏਟਰ ਦਿਖਾਉਣ ਦੀ ਇਹ ਰੁਚੀ ਪੰਜਾਬੀ ਰੰਗਮੰਚ ਵਿਚ ਸਦਾ ਬਰਕਰਾਰ ਨਹੀਂ ਰਹਿ ਸਕੀ। ਜਦੋਂ ਕਿ 'ਸਪਰੂ ਥੀਏਟਰ ਦਿੱਲੀ ਵਿਚ ਹੋਣ ਵਾਲ਼ੀਆਂ ਪੇਸ਼ਕਾਰੀਆਂ ਸਦਾ ਹੀ ਟਿਕਟ ਲੈ ਕੇ ਹੀ ਦੇਖੀਆਂ ਜਾਂਦੀਆਂ ਰਹੀਆਂ ਹਨ ਪਰ ਸਪਰੂ ਥੀਏਟਰ ਵਿਚ ਹੋਣ ਵਾਲੇ ਰੰਗਮੰਚ ਨੇ ਕਿਸੇ ਵੀ ਰੂਪ ਵਿਚ ਪੰਜਾਬੀ ਰੰਗਮੰਚ ਨੂੰ ਸਹਾਰਾ ਨਹੀਂ ਦਿੱਤਾ ਬਲਕਿ ਢਾਹ ਹੀ ਲਗਾਈ ਹੈ। ਅਜਿਹਾ ਇਸ ਲਈ ਹੋਇਆ ਕਿਉਂ ਕਿ ਸਪਰੂ ਥੀਏਟਰ ਵਿਚ ਹੋਣ ਵਾਲੀਆਂ ਰੰਗਮੰਚੀ ਪੇਸ਼ਕਾਰੀ ਦਾ ਮਿਆਰ ਨੀਵਾਂ ਸੀ ਜਿਸ ਵਿਚ ਅਸ਼ਲੀਲਤਾ ਅਤੇ ਪਾਰਸੀ ਥੀਏਟਰ ਵਾਲੀ ਲਟਕ-ਝਟਕ ਅਤੇ ਤਾਮ-ਝਾਮ ਮੌਜੂਦ ਸੀ। ਇਸੇ ਤਰਜ਼ 'ਤੇ ਕੇਸ਼ਵ ਭਰਾਤਾ'[8] ਹੁਰਾਂ ਨੇ ਸਿਰਫ਼ ਹਾਸਰਸ ਭਰਪੂਰ ਨਾਟਕਾਂ ਦੀ ਪੇਸ਼ਕਾਰੀ ਟਿਕਟ ਲਗਾ ਕੇ ਕੀਤੀ। ਪੰਜਾਬੀ ਰੰਗਮੰਚ ਨੂੰ ਪੇਸ਼ਾਵਰ ਬਣਾਉਣ ਲਈ ਦੇ ਮਕਸਦ ਤਹਿਤ ਹਰਪਾਲ ਟਿਵਾਣਾ ਦੀ ਟੀਮ ਦੇ ਟਿਕਟ 'ਤੇ ਥੀਏਟਰ ਦਿਖਾਉਣ ਦੇ ਤਜਰਬੇ ਪੂਰੀ ਤਰ੍ਹਾਂ ਸਫ਼ਲ ਰਹੇ ਪਰ ਉਸ ਤੋਂ ਬਾਅਦ ਪਟਿਆਲਾ ਦੇ ਕਿਸੇ ਵੀ ਰੰਗਕਰਮੀ ਨੇ ਇਹ ਜੁਰੱਅਤ ਨਹੀਂ ਦਿਖਾਈ। ਸਮਕਾਲ 'ਚ 'ਪੰਜਾਬ ਨਾਟਸ਼ਾਲਾ ਅੰਮ੍ਰਿਤਸਰ' ਹੀ ਇਕ ਅਜਿਹਾ ਸਥਾਨ ਹੈ ਜਿੱਥੇ ਲਗਾਤਾਰ ਟਿਕਟ 'ਤੇ ਰੰਗਮੰਚ ਹੋ ਰਿਹਾ ਹੈ। ਉੱਥੇ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਬਾਕਾਇਦਾ 100/ਰੁਪਏ ਤੇ 150/ ਰੁਪਏ ਟਿਕਟ ਉੱਤੇ ਨਾਟਕ ਦੇਖਣ ਲਈ ਦਰਸ਼ਕਾਂ ਦੀ ਭੀੜ ਉਮੜ ਆਉਂਦੀ ਹੈ।'[9] 'ਇਸ ਤੋਂ ਇਲਾਵਾ 'ਕੀਰਤੀ ਕਿਰਪਾਲ ਨੇ ਬਠਿੰਡਾ ਵਿਖੇ ਇਕ ਛੋਟਾ ਸਿਨੇਮਾ ਹਾਲ ਬੁਕ ਕਰ ਕੇ ਉੱਥੇ 1000 ਰੁਪਈਆ ਟਿਕਟ (ਪਤੀ ਪਤਨੀ ਦੋਹਾਂ ਲਈ) ਲਗਾ ਕੇ ਇਕ ਕਾਮੇਡੀ ਨਾਟਕ ਖੇਡਿਆ ਸੀ ਜਿਸ ਦੀਆਂ ਸਾਰੀਆਂ ਸੀਟਾਂ ਫੁੱਲ ਸਨ।'[10] ਚੰਡੀਗੜ੍ਹ ਵਿਖੇ ਸੰਗੀਤਾ ਗੁਪਤਾ ਨੇ ਵੀ ਆਪਣੀਆਂ ਪੇਸ਼ਕਾਰੀਆਂ ਲਈ ਟਿਕਟ ਲਗਾ ਕੇ ਸਫ਼ਲਤਾ ਨਾਲ ਰੰਗਮੰਚ ਕੀਤਾ ਹੈ ਤੇ ਕਰ ਰਹੀ ਹੈ। ਇਸ ਤੋਂ ਇਲਾਵਾ ਹੋਰ ਵੀ ਛਿਟ-ਪੁਟ ਕੋਸ਼ਿਸ਼ਾਂ ਹੋ ਰਹੀਆਂ ਹਨ ਪਰ ਇਸ ਨੂੰ ਇਕ ਰੁਝਾਨ ਵਜੋਂ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਇਹ ਯਤਨ ਬਹੁਤ ਘੱਟ ਗਿਣਤੀ ਵਿਚ ਅਤੇ ਘੱਟ ਥਾਵਾਂ 'ਤੇ ਹੋ ਰਹੇ ਹਨ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਸਮਕਾਲੀ ਪੰਜਾਬੀ ਰੰਗਮੰਚ ਕਈ ਪੱਧਰਾਂ 'ਤੇ ਤਜਰਬਿਆਂ ਦੇ ਰੂਬਰੂ ਹੈ। ਇਨ੍ਹਾਂ ਤਜਰਬਿਆਂ ਵਿੱਚੋਂ ਬਹੁਤੇ ਤਜਰਬੇ, ਰੁਝਾਨ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ। ਸਭ ਤੋਂ ਜ਼ਿਆਦਾ ਤਜਰਬੇ ਨਾਟ-ਸਕਰਿਪਟ ਦੇ ਪੱਧਰ 'ਤੇ ਦੇਖਣ ਨੂੰ ਮਿਲ ਰਹੇ ਹਨ ਜਿਹੜੇ ਕਿ ਅੱਗੋਂ ਰੰਗਮੰਚੀ ਪੇਸ਼ਕਾਰੀ ਨੂੰ ਪ੍ਰਭਾਵਿਤ ਕਰਦੇ ਹਨ। ਇਸੇ ਤਰ੍ਹਾਂ ਸਾਹਿਤਕ ਵਿਧਾਵਾਂ ਦਾ ਨਾਟਕੀ ਰੂਪਾਂਤਰਣ ਇਕ ਅਜਿਹਾ ਰੁਝਾਨ ਹੈ ਜਿਸ ਵਿਚ ਰੰਗਮੰਚ ਨਾਟ-ਲੇਖਣ ਵਿਧੀ ਦਾ ਰਾਹ ਦਸੇਰਾ ਬਣਦਾ ਹੈ। ਬਾਹਰੀ ਸਹਾਇਤਾਵਾਂ

ਦੇ ਰੂਪ ਵਿਚ 'ਸੈੱਟ' ਨਾਲ ਕੀਤੇ ਜਾ ਰਹੇ ਤਜਰਬੇ ਸਾਫ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਪੇਂਡੂ ਰੰਗਮੰਚ ਵਿਚ 'ਨਾਟਕੀ ਐਕਸ਼ਨ ਗੀਤਾਂ' ਦਾ ਰੁਝਾਨ ਵਧਦਾ ਜਾ ਰਿਹਾ ਹੈ। ਇਕ ਕਲਾਕਾਰੀ ਨਾਟਕ ਲਿਖਣ-ਖੇਡਣ ਦੀ ਰਵਾਇਤ ਤੁਰੀ ਹੈ ਜਿਸ ਨੇ ਰੰਗਮੰਚ ਕਰਨ ਵਾਲਿਆਂ ਲਈ ਨਵੇਂ ਆਯਾਮ ਖੋਲ੍ਹੇ ਹਨ। ਹੁਣ ਰੰਗਮੰਚ ਨੂੰ ਹੋਰਨਾਂ ਕਲਾਵਾਂ ਵਾਂਗ ਸਿੱਖਣ ਦਾ ਰੁਝਾਨ ਵਧਿਆ ਹੈ ਜਿਸ ਦੇ ਤਹਿਤ ਥੀਏਟਰ ਵਿਭਾਗਾਂ ਵਿਚ ਦਾਖ਼ਲੇ ਅਤੇ ਰੰਗਮੰਚੀ ਵਰਕਸ਼ਾਪਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ। ਰੰਗਮੰਚੀ ਪੇਸ਼ਕਾਰੀਆਂ ਨਾਲ ਜੁੜੇ ਨਾਟ ਮੇਲਿਆਂ ਅਤੇ ਮੁਕਾਬਲਿਆਂ ਦੇ ਰੁਝਾਨ ਨੇ ਰੰਗਕਰਮੀਆਂ ਨੂੰ ਨਵੇਂ ਤੋਂ ਨਵੇਂ ਤਜਰਬੇ ਕਰਨ ਲਈ ਪਲੇਟਫਾਰਮ ਪ੍ਰਦਾਨ ਕੀਤਾ ਹੈ। ਰੰਗਮੰਚ ਦੇ ਵਿਸਥਾਰ ਅਤੇ ਲੋਕਾਂ ਵਿਚ ਇਸ ਕਲਾ ਪ੍ਰਤੀ ਸਨੇਹ ਪੈਦਾ ਕਰਨ ਲਈ ਪੰਜਾਬ ਵਿਚ ਬਹੁਤ ਥਾਈਂ ਨਿੱਜੀ ਯਤਨਾਂ ਨਾਲ ਖੁੱਲ੍ਹੇ ਰੰਗਮੰਚ ਅਤੇ ਨਾਟ ਘਰਾਂ ਦੀ ਸਥਾਪਨਾ ਹੋ ਰਹੀ ਹੈ। ਪੰਜਾਬੀ ਰੰਗਮੰਚ ਨਾਲ ਜੁੜੇ ਰੰਗਕਰਮੀ ਵਪਾਰਕ ਲੀਹਾਂ 'ਤੇ ਤੁਰਨ ਲਈ ਟਿਕਟ 'ਤੇ ਦਰਸ਼ਕਾਂ ਨੂੰ ਥੀਏਟਰ ਦਿਖਾਉਣ ਦੀ ਰਵਾਇਤ ਤੋਰ ਰਹੇ ਹਨ ਤਾਂ ਜੋ ਪੰਜਾਬੀ ਰੰਗਮੰਚ ਅਤੇ ਰੰਗਕਰਮੀ ਦੋਹੇਂ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

## ਹਵਾਲੇ ਤੇ ਟਿੱਪਣੀਆਂ


1. ਸਾਹਿਬਾਂ ਮਿਰਜਾ , ਨਾਟਕਕਾਰ ਤੇ ਨਿਰਦੇਸ਼ਕ ਬਲਵਿੰਦਰ ਬੁਲੇਟ,11ਅਪ੍ਰੈਲ 2019, ਸਥਾਨ ਕਲਾ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਈ ਪੇਸ਼ਕਾਰੀ
2. ਅੱਗ ਲਾਉਂਦੀ ਰਹੀ ਸਮੁੰਦਰਾਂ 'ਚ ਤਾਰੀਆਂ, ਨਾਟਕਕਾਰ ਤੇ ਨਿਰਦੇਸ਼ਕ ਕੇਵਲ ਧਾਲੀਵਾਲ,30 ਸਤੰਬਰ 2014, ਸਥਾਨ ਕਲਾ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਈ ਪੇਸ਼ਕਾਰੀ
3. ਅੰਨ੍ਹੀ ਮਾਈ ਦਾ ਸੁਪਨਾ, ਨਾਟਕਕਾਰ ਸ਼ਾਹਿਦ ਨਦੀਮ ਅਤੇ ਨਿਰਦੇਸ਼ਕ ਰਿਆਨ ਖਾਨ, 31 ਅਕਤੂਬਰ 2018,ਗੁਰੂ ਤੇਗ ਬਹਾਦੁਰ ਹਾਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਈ ਪੇਸ਼ਕਾਰੀ
4. ਕਣਸੋ, ਅੱਖੀਂ ਡਿੱਠੀ ਪੇਸ਼ਕਾਰੀ, ਨਾਟਕਕਾਰ ਨਾਦਿਰਾ ਜ਼ਹੀਰ ਬੱਬਰ ਅਤੇ ਨਿਰਦੇਸ਼ਕ ਕੇਵਲ ਧਾਲੀਵਾਲ, ਕੇ ਐਲ ਸਹਿਗਲ ਹਾਲ ਜਲੰਧਰ,7 ਅਪ੍ਰੈਲ 2019
5. ਕੇਵਲ ਧਾਲੀਵਾਲ, ਰੰਗਮੰਚ ਪੰਜਾਬ ਇਤਿਹਾਸ ਦੀਆਂ ਪੈੜਾਂ, ਪੰਨਾ 300
6. ਉਹੀ, ਪੰਨਾ 301
7. ਸੋਮਪਾਲ ਹੀਰਾ (ਡਾ.)ਸਦੀ ਦਾ ਇਕ ਕਲਾਕਾਰੀ ਨਾਟਕ, ਪ੍ਰੋਸੀਡਿੰਗ,ਪੰਨਾ 44
8. ਕੇਵਲ ਧਾਲੀਵਾਲ, ਰੰਗਮੰਚ ਪੰਜਾਬ ਇਤਿਹਾਸ ਦੀਆਂ ਪੈੜਾਂ, ਪੰਨਾ 345
9. ਜਤਿੰਦਰ ਬਰਾੜ ਨਾਲ ਨਿਜੀ ਮੁਲਾਕਾਤ ਦੌਰਾਨ ਮਿਲੀ ਜਾਣਕਾਰੀ ਦੇ ਆਧਾਰ 'ਤੇ
10. ਕੀਰਤੀ ਕਿਰਪਾਲ ਤੋਂ ਫ਼ੋਨ 'ਤੇ ਮਿਲੀ ਜਾਣਕਾਰੀ ਅਨੁਸਾਰ

# ਗਲਪ ਦਾ ਨਾਟਕੀ ਰੂਪਾਤਰਣ : ਨੁਕਤੇ ਅਤੇ ਚੁਣੌਤੀਆਂ

*-ਕਪਿਲ ਦੇਵ ਸ਼ਰਮਾ*

ਮਨੁੱਖ ਇੱਕ ਚਿੰਤਨਸ਼ੀਲ ਪ੍ਰਾਣੀ ਹੈ। ਆਦਿ ਕਾਲ ਤੋਂ ਹੀ ਮਿੱਟੀ ਅਤੇ ਪੱਥਰ ਵਰਗੀਆਂ ਵਸਤੂਆਂ ਨੂੰ ਨਵਾਂ ਆਕਾਰ ਦੇ ਕੇ ਆਪਣੀ ਅੰਦਰਲੀ ਪ੍ਰਤਿਭਾ ਨੂੰ ਪੇਸ਼ ਕਰਦਾ ਆ ਰਿਹਾ ਹੈ। ਰੂਪਾਤਰਣ ਦੀ ਆਰੰਭਕ ਪ੍ਰਕਿਰਿਆ ਦੇ ਦਰਸ਼ਨ ਭਾਰਤੀ ਮਿਥਿਹਾਸ ਦੇ ਝਰੋਖੇ ਵਿਚੋਂ ਵੀ ਹੋ ਸਕਦੇ ਹਨ। ਜਿਸ ਅਨੁਸਾਰ ਮੰਨਿਆਂ ਜਾਂਦਾ ਹੈ ਬ੍ਰਹਮ ਨੇ ਆਪਣੇ ਸਵਰੂਪ ਨੂੰ ਅਰਧਨਾਰੀ ਦੇ ਰੂਪ ਵਿੱਚ ਰੂਪਾਂਤਰਣ ਕੀਤਾ ਸੀ।ਪੰਜਾਬੀ ਸ਼ਬਦਰੂਪਾਤਰਣ ਅੰਗਰੇਜ਼ੀ ਸ਼ਬਦ 'ਐਡਾਪਟਸ਼ਨ' [Adaptation] ਦਾ ਪ੍ਰਾਇਵਾਚੀਸ਼ਬਦ ਹੈ ਇਹ ਸ਼ਬਦ ਲੈਟਿਨ ਭਾਸ਼ਾ ਦੇ ਸ਼ਬਦ 'ਐਡਾਪਟਰ' ਤੋਂ ਨਿਕਲਿਆ ਹੈ ਇਸਦਾ ਅਰਥ ਹੈ ਰੂਪਾਂਤਰ,ਦੇਖਣਾ ਜਾਂ ਕਰਨਾ। ਪੱਛਮ ਵਿੱਚ ਇਸ ਪਰੰਪਰਾ ਦਾ ਅਰੰਭ ਫਰੈਂਕ ਨੈਨਸਨਜ਼ ਦੇ ਨਾਵਲ 'ਮੈਕਟੀਗ (1916) ਤੋਂ ਸ਼ੁਰੂ ਹੋ ਕੇ ਜੌਹਨ ਗ੍ਰੀਨ ਦੇ ਨਾਵਲ 'ਪੇਪਰ ਟਾਊਨਜ਼ '(2015) ਤੱਕ ਲਗਾਤਾਰ ਜਾਰੀ ਹੈ। ਦੇਖਿਆ ਜਾਵੇ ਤਾਂ ਨਾਟ-ਵਿਧਾ ਸ਼ੁਰੂਆਤ ਤੋਂ ਹੀ ਰੂਪਾਂਤਰਣ ਦੀ ਪ੍ਰਕਿਰਿਆ ਨਾਲ ਜੁੜੇ ਹੋਏ ਹਨ, ਇੰਨਾ ਦੀ ਕਥਾ ਵਸਤੂ ਦਾ ਅਧਾਰ ਸਰੋਤ ਕਿਤੇ  ਭਾਰਤੀ ਸੰਸਕ੍ਰਿਤੀਕਾਲੀਨ ਨਾਟਕ ਨਾਲ ਜੁੜਦਾ ਹੈ ਅਤੇ ਕਿਤੇ ਗਰੀਕ ਤ੍ਰਾਸਦੀਆਂ ਨਾਲ ਇਹ ਆਲੇਖ ਆਮ ਤੌਰ ਤੇ ਮਿਥਕ, ਪੁਰਾਣਾ ਅਤੇ ਮਹਾਂਕਾਵਾਂ ਤੋਂ ਲਈਆਂ ਗਈਆਂ ਕਥਾਵਾਂ ਉੱਤੇ ਅਧਾਰਿਤ ਹੁੰਦੇ ਸਨ। ਦਵਿੰਦਰ ਰਾਜ ਅੰਕੁਰ ਲਿਖਦੇ ਹਨ, "ਨਾਵਲ ਕਹਾਣੀਆਂ ਦੇ ਰੂਪਾਂਤਰਣ ਤਾਂ ਹਮੇਸ਼ਾ ਤੋਂ ਹੁੰਦੇ ਰਹੇ ਹਨ। ਭਾਰਤ ਵਿੱਚ ਗੋਦਾਨ, ਮਹਾਭੋਜ ਵਰਗੇ ਨਾਵਲਾਂ ਉੱਤੇ ਨਾਟਕੀ ਆਲੇਖ ਲਿਖ ਕੇ ਮੰਚਿਤ ਕੀਤੇ ਗਏ। ਸੋ ਇਹ ਕੰਮ ਤਾਂ ਬਹੁਤ ਪਹਿਲਾਂ ਹੋ ਰਿਹਾ ਹੈ।"[1] ਪੰਜਾਬੀ ਸਹਿਤ ਵਿੱਚ ਮੱਧਕਾਲ ਸਮੇਂ ਰੂਪਾਤਰਣ ਦੀ ਪ੍ਰਕਿਰਿਆ ਨੂੰ ਗੁਰੂ ਸਾਹਿਬਾਨਾਂ ਦੀਆਂ ਰਚਨਾਵਾਂ ਵਿੱਚ ਵਾਚਿਆ ਜਾ ਸਕਦਾ ਹੈ। ਲੋਕ ਸਾਹਿਤ ਦੀਆਂ ਵੰਨਗੀਆਂ ਜਿਵੇਂ ਘੋੜੀਆਂ, ਅਲਾਹੁਣੀਆਂ ਆਦਿ ਕਾਵਿ ਰੂਪਾਂ ਨੂੰ ਵਿਸ਼ੇ ਪੱਖੋਂ ਰੂਪਾਂਤਰਿਤ ਕਰਕੇ ਇਕ ਨਵੀਂ ਮੁਹਾਰ ਵਿੱਚ ਪੇਸ਼ ਕੀਤਾ। ਆਧੁਨਿਕ ਕਾਲ ਵਿੱਚ ਰੂਪਾਤਰਣ ਦੀ ਇਹ ਪਰੰਪਰਾ ਵਿਚੋਂ ਵਾਚਿਆ ਜਾ ਸਕਦਾ ਹੈ। ਆਧਨਿਕ ਸਾਹਿਤ ਰੂਪਾਂ ਵਿਚੋਂ ਰੂਪਾਤਰਨ ਪਰੰਪਰਾ ਨੇ ਸਭ ਤੋਂ ਵੱਧ ਨਾਟਕ ਦੀ ਵਿਧਾ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬੀ ਵਿੱਚ ਕ੍ਰਿਸ਼ਨ ਚੰਦਰ ਦੀ ਕਹਾਣੀ 'ਅੰਨਦਾਤਾ' ਨੂੰ 'ਮੁੱਠ ਭਰ ਚੌਲ' ਨਾਟਕ ਵਿੱਚ ਰੂਪਾਂਤਰਿਤ ਕਰਕੇ ਰੰਗਮੰਚ ਉੱਤੇ ਗੁਰਸ਼ਰਨ ਸਿੰਘ ਨੇ ਨਾਟਕ ਰੂਪਾਂਤਰਣ ਦੀ ਪਰੰਪਰਾ ਦਾ ਮੁੱਢ ਬੰਨਿਆ। ਅੱਜ 300 ਦੇ ਕਰੀਬ ਅਜਿਹੇ ਪੰਜਾਬੀ ਨਾਟਕ ਉਪਲੱਬਧ ਹਨ ਜਿਹੜੇ ਹੋਰ ਵਿਧਾ ਤੋਂ ਰੂਪਾਤਰਣ ਹੋ ਕੇ ਪੰਜਾਬੀ ਨਾਟ ਧਾਰਾ ਹਿੱਸਾ ਬਣੇ ਹਨ। "ਸੱਠਵਿਆਂ ਦੇ ਸੁਰੂ ਵਿੱਚ ਕ੍ਰਿਸ਼ਨ ਚੰਦਰ ਦੀ ਕਹਾਣੀ 'ਅੰਨਦਾਤਾ' ਦੇ ਗੁਰਸ਼ਰਨ ਸਿੰਘ ਦੁਆਰਾ ਮੰਚਣ ਨਾਲ ਪੰਜਾਬੀ ਰੰਗਮੰਚ ਵਿੱਚ ਕਹਾਣੀ ਰੂਪਾਂਤਰਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ।"[2] ਜੇਕਰ ਰੂਪਾਂਤਰਣ ਦੀ ਵਿਧੀ ਤੇ ਵਿਧਾਨ ਦੀ ਚਰਚਾ ਕਰੀਏ ਕਿਸੇ ਵੀ ਵਿਧਾ ਦਾ ਨਾਟਕੀ ਰੂਪਾਤਰਣਕਰਨ ਸਮੇਂ ਸਾਨੂੰ ਇਸ ਸਿਧਾਂਤ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਰਚਨਾ ਦੀ ਮੂਲ ਆਤਮਾਨਸ਼ਟ ਨਹੀਂ ਹੋਣੀ ਚਾਹੀਦੀ ਰੂਪਾਂਤਰਣ ਸਬੰਧੀਡਾ. ਦੇਵਿੰਦਰ ਰਾਜ ਅੰਕੁਰ ਅਨੁਸਾਰ ਕਹਾਣੀ ਨੂੰ ਪੇਸ਼ਕਾਰੀ ਦੇ ਆਧਾਰ 'ਤੇ ਮੁੱਖ ਰੂਪ ਵਿੱਚ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ;

"1.ਕਹਾਣੀ ਦਾ ਰੰਗਮੰਚ:ਇਸ ਵਿਧਾ ਵਿੱਚ ਕਹਾਣੀ ਨੂੰ ਜਿਉਂ ਦਾ ਤਿਉਂ, ਬਿਨਾਂ

ਕਾਂਟ-ਛਾਂਟ ਕੀਤੇ ਮੰਚਿਤ ਕੀਤਾ ਜਾਂਦਾ ਹੈ।

2. ਰੂਪਾਤਰਣ: ਇਸ ਵਿਧਾ ਵਿੱਚ ਕਹਾਣੀ,ਨਾਟਕ ਵਿੱਚ ਤਬਦੀਲ ਹੋ ਜਾਂਦੀ ਹੈ,ਉਸ ਦਾ ਵਿਧਾ ਪਰਿਵਰਤਨ ਹੋ ਜਾਂਦਾ ਹੈ।ਕਹਾਣੀ, ਰੂਪਾਂਤਰਕਾਰ/ਨਿਰਦੇਸ਼ਕ ਦੀ ਰੰਗਮੰਚੀ ਸਮਰੱਥਾ ਅਨੁਸਾਰ ਨਾਟਕ ਦਾ ਰੂਪ ਧਾਰਨ ਕਰ ਲੈਂਦੀ ਹੈ।

3.ਮੂਕ ਅਭਿਨੈ ਵਿਧੈ: ਮੂਕ ਅਭਿਨੈ ਦੁਆਰਾ ਕਹਾਣੀ ਨੂੰ ਮੰਚਿਤ ਕੀਤਾ ਜਾਂਦਾ ਹੈ। ਇਸ ਵਿੱਚ ਪਿੱਠਵਰਤੀ ਸੰਗੀਤਕ ਧੁਨਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ ਅਤੇ ਨਹੀਂ ਵੀ ਪਰ ਇਸ ਵਿਧਾ ਵਿੱਚ ਇਕ ਵੀ ਪੇਸ਼ਕਾਰੀ ਪੰਜਾਬ ਦੇ ਰੰਗਮੰਚ ਦਾ ਹਿੱਸਾ ਨਹੀਂ ਬਣ ਸਕੀ।"[3]

ਇਸ ਤਰਾਂ ਅਸੀਂ ਕਿਸੇ ਵੀ ਵਿਧਾ ਦੇ ਰੂਪਾਤਰਣ ਸਮੇਂ ਰਚਨਾ ਦੀ ਮੂਲ ਆਤਮਾ ਨੂੰ ਸੁਰੱਖਿਅਤ ਰੱਖਣਾ ਹੁੰਦਾ ਹੈ। ਹਰ ਕਹਾਣੀ ਜਾਂ ਨਾਵਲ ਨਾਟਕੀ ਰੂਪ ਅਖਤਿਆਰ ਨਹੀਂ ਕਰ ਸਕਦਾ ਕਿਉਂਕਿ ਨਾਟਕ ਦਾ ਸਬੰਧ ਦ੍ਰਿਸ਼ ਕਾਵਿ ਨਾਲ ਹੈ। ਕਿਸੇ ਵੀ ਵਿਧਾ ਨੂੰ ਨਾਟਕੀ ਰੂਪਾਤਰਣ ਦੇਣ ਤੋਂ ਪਹਿਲਾਂ ਉਸ ਦੀ ਦ੍ਰਿਸ਼ ਚਿੱਤਰਨ ਦੇ ਹਾਜ਼ਮੇ ਉੱਤੇ ਵਿਸ਼ੇਸ਼ ਵਿਚਾਰ ਕੀਤਾ ਜਾਂਦਾ ਹੈ। ਹਰ ਵਿਧਾ ਦੇ ਬਿਰਤਾਂਤ ਪੱਖੋਂ ਆਪਣੇ ਵੱਖਰੇ-ਵੱਖਰੇ ਮਾਪਦੰਡ ਹੁੰਦੇ ਹਨ। ਇਸ ਲਈ ਇਕ ਵਿਧਾ ਦਾ ਦੂਜੀ ਵਿਧਾ ਵਿੱਚ ਰੂਪਾਂਤਰਣ ਹੋਣ ਸਮੇਂ ਉਸ ਦੀਆਂ ਬਿਰਤਾਂਤਕ ਜੁਗਤਾ ਵਿੱਚ ਵੀ ਫਰਕ ਪੈਣਾ ਸੁਭਾਵਿਕ ਹੈ। "ਨਾਟਕ ਤੇ ਨਾਵਲ-ਨਾਟਕ ਵਿੱਚ ਨਾਵਲ ਵਾਂਗ ਭਾਵੇਂ ਕਹਾਣੀ ਹੁੰਦੀ ਹੈ, ਪਾਤਰ ਹੁੰਦੇ ਹਨ, ਦੋਨਾਂ ਵਿੱਚ ਪਾਤਰ ਆਪਸ ਵਿੱਚ ਜਾ ਸਮਾਜਿਕ ਪ੍ਰਸਥਿਤੀਆਂ ਨਾਲ ਜਾ ਆਪਣੇ ਆਪ ਨਾਲ ਟਕਰਾ ਕੇ ਉਸਰਦੇ, ਡਿਗਦੇ, ਢਹਿੰਦੇ, ਕਿਸੇ ਅੰਤਿਮ ਪੜਾ 'ਤੇ ਪੁੱਜਦੇ ਹਨ। ਦੋਨਾਂ ਦਾ ਆਪਣਾ-ਆਪਣਾ ਖਾਸ ਵਿਸ਼ਾ ਹੁੰਦਾ ਹੈ। ਦੋਨਾਂ ਦਾ ਕੋਈ ਉਦੇਸ਼ ਹੁੰਦਾ ਹੈ। ਦੋਨਾਂ ਵਿਚ ਸਥਾਨਕ ਰੰਗਣ ਤੇ ਦ੍ਰਿਸ਼ ਹੁੰਦੇ ਹਨ। ਐਨੀਆ ਸਾਂਝਾਂ ਹੁੰਦਿਆਂ ਹੋਇਆ ਵੀ ਦੋਨਾਂ ਸਾਹਿਤ-ਵੰਨਗੀਆਂ ਵਿਚ ਬਹੁਤ ਅੰਤਰ ਹੈ। ਦੋਵੇਂ ਸਿਰਜਣਾਤਮਿਕ ਕਲਾਵਾਂ ਹਨ,ਪਰ ਦੋਨਾਂ ਦੀ ਆਪਣੀ ਵੱਖਰੀ-ਵੱਖਰੀ ਵਿਧਾ ਹੈ।"[4] ਨਾਵਲ ਅਤੇ ਕਹਾਣੀ ਬਿਰਤਾਂਤਕ ਵਿਧਾ ਹੈ ਅਤੇ ਨਾਟਕ ਪੇਸ਼ਕਾਰੀ ਇਸ ਲਈ ਜਦੋਂ ਵੀ ਕੋਈ ਕਹਾਣੀ ਜਾਂ ਨਾਵਲ ਨੂੰ ਨਾਟਕੀ ਰੂਪ ਦਿੱਤਾ ਜਾਂਦਾ ਹੈ ਤਾਂ ਨਾਟਕਕਾਰ ਗਲਪ ਦੇ ਤੱਤਾਂ ਨੂੰ ਨਾਟਕ ਦੇ ਸਾਂਚੇ ਵਿੱਚ ਪਾ ਕੇ ਨਵੇਂ ਰੂਪ ਵਿੱਚ ਉਭਾਰਦਾ ਹੈ। ਜਿਸਦਾ ਮੁੱਖ ਮੰਤਵ ਰਚਨਾ ਵੱਧ ਪ੍ਰਭਾਵਸ਼ਾਲੀ ਬਣਾਕੇ ਪੇਸ਼ ਕਰਨਾ ਹੈ। ਨਾਟਕ ਦਾ ਸਿੱਧਾ ਸਬੰਧ ਮੰਚ ਨਾਲ ਹੈ ਇਸ ਲਈ ਕੋਈ ਰਚਨਾ ਪੜ੍ਹਨ ਨਾਲੋਂ ਜਿਆਦਾ ਮੰਚ ਪੇਸ਼ਕਾਰੀ ਦੀ ਜੁਗਤ ਨਾਲ ਵੱਧ ਪ੍ਰਭਾਵ ਸਿਰਜਣ ਵਿੱਚ ਸਫ਼ਲ ਰਹਿੰਦੀ ਹੈ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਕੰਨਾਂ ਨਾਲ ਸੁਣੀ ਗਈ ਵਸਤੂ ਦੇ ਮੁਕਾਬਲੇ ਅੱਖਾਂ ਰਾਹੀਂ ਡਿੱਠੀ ਵਸਤ ਜ਼ਿਆਦਾ ਦਿਲਚਸਪ ਹੁੰਦੀ ਹੈ ਅਤੇ ਆਪਣਾ ਪ੍ਰਭਾਵ ਪਾਉਂਦੀ ਹੈ। ਇਸ ਲਈ ਇਹ ਕਹਿਣਾ ਮੁਨਾਸਿਬ ਹੈ ਕਿ ਸ਼੍ਰਵਯ ਕਾਵਿ ਦੇ ਮੁਕਾਬਲੇ ਦ੍ਰਿਸ਼ ਕਾਵਿ ਦਾ ਅਧਿਕ ਰਮਣੀਕ ਅਤੇ ਮਨੋਹਰ ਹੋਣਾ ਸੁਭਾਵਿਕ ਹੀ ਹੈ। ਨਾਟਕਕਾਰ ਭਾਵੇਂ ਪੁਰਾਣੀ ਰਚਨਾ ਦਾ ਰੂਪਾਂਤਰਣ ਕਰਦਾ ਹੈ। ਪਰ ਫਿਰ ਵੀ ਉਹ ਉਸ ਰਚਨਾ ਵਿੱਚ ਇੱਕ ਨਵੀਂ ਰੂਹ ਫੂਕਦਾ ਹੈ। ਕਹਾਣੀ ਅਤੇ ਨਾਵਲ ਦਾ ਬਿਰਤਾਂਤ ਜਿੱਥੇ ਸੁਣਾਇਆ ਜਾਂਦਾ ਹੈ ਉੱਥੇ ਨਾਟਕ ਦਾ ਬਿਰਤਾਂਤ ਪੇਸ਼ ਕੀਤਾ ਜਾਂਦਾ ਹੈ ਇਸ ਲਈ ਗਲਪ ਦਾ ਸਬੰਧ ਜਿੱਥੇ ਸਿਰਫ ਪੜ੍ਹੇ ਲਿਖੇ ਵਰਗ ਨਾਲ ਹੈ ਉੱਥੇ ਨਾਟਕ ਦਾ ਸਬੰਧ ਪੜ੍ਹੇ-ਲਿਖੇ ਅਤੇ ਅਨਪੜ੍ਹ ਦੋਨਾਂ ਵਰਗਾਂ ਨਾਲ ਹੁੰਦਾ ਹੈ। ਜਿਸ ਕਾਰਨ ਰੂਪਾਂਤਰਣ ਭਾਸ਼ਾ ਦੇ ਪੱਧਰ ਉੱਤੇ ਇੰਨਾ ਸਰਲ ਕੀਤਾ ਜਾਂਦਾ ਹੈ ਕਿ ਆਮ ਦਰਸ਼ਕ ਵੀ ਉਸਦਾ ਪੂਰਾ ਅਨੰਦ ਲੈ ਸਕਦੇ ਹਨ। ਗਲਪ ਦਾ ਨਾਟਕੀ ਰੂਪਾਂਤਰਣ ਕਰਨ

ਵਾਲਾ ਸਿਰਜਕ ਮੂਲ ਬਿਰਤਾਂਤਕ ਰਚਨਾ ਨੂੰ ਵਾਰ ਵਾਰ ਪੜਦਾ ਹੈ ਅਤੇ ਉਸਦੇ ਮੂਲ ਵਿਚਾਰਾਂ ਦੀ ਨਾਟਕੀ ਸਾਂਚੇ ਵਿੱਚ ਸਿਰਜਣਾ ਸ਼ੁਰੂ ਕਰ ਦਿੰਦਾਹੈ। ਪਾਤਰ ਉਸਾਰੀ ਗਲਪ ਅਤੇ ਨਾਟਕ ਦੋਨਾਂ ਵਿਧਾਵਾਂ ਦਾ ਲਾਜ਼ਮੀ ਤੱਤ ਹੈ। ਜਿੱਥੇ ਨਾਵਲ ਵਿੱਚ ਪਾਤਰਾਂ ਦੀ ਉਸਾਰੀ ਕੀਤੀ ਜਾਂਦੀ ਹੈ ਉੱਥੇ ਨਾਟਕ ਦੇ ਪਾਤਰਾਂ ਨੂੰ ਅਭਿਨੈ ਰਾਹੀਂ ਦਰਸਇਆ ਜਾਂਦਾ ਹੈ ਨਾਵਲਕਾਰ ਸਮੇਂ ਦੀ ਸੀਮਾ ਤੋਂ ਪੂਰੀ ਤਰ੍ਹਾਂ ਮੁਕਤਾ ਹੁੰਦਾ ਇਸ ਲਈ ਨਾਵਲ ਜਾਂ ਕਹਾਣੀ ਵਿੱਚ ਕਿੰਨੇ ਹੀ ਪਾਤਰ ਸਿਰਜ ਸਕਦਾ ਹੈ। ਉੱਥੇ ਨਾਟਕਕਾਰ ਨੇ ਨਾਟਕ ਦੀ ਪੇਸ਼ਕਾਰੀ ਇੱਕ ਸਮੇਂ ਦੀ ਹੱਦ ਵਿੱਚ ਰਹਿ ਕਿ ਕਰਨੀ ਹੁੰਦੀ ਹੈ। ਇਸ ਲਈ ਉਹ ਨਾਟਕ ਵਿੱਚ ਉਨੇ ਹੀ ਪਾਤਰਾਂ ਨੂੰ ਘੜੇਗਾ ਜਿੰਨਿਆਂ ਨੂੰ ਸਫਲਤਾ ਪੂਰਵਕ ਪੇਸ਼ ਕਰ ਸਕਦਾ ਹੈ। ਬਿਰਤਾਂਤਕਾਰ ਕੋਲ ਇੰਨਾ ਸਮਾਂ ਹੈ ਕਿ ਉਹ ਕਥਾ ਸਾਰ ਨੂੰ ਛੱਡ ਕੇ ਪਾਤਰਾਂ ਦੀ ਚੀਰ ਫਾੜ ਕਰਨ ਦੇ ਨਾਲ ਨਾਲ ਉਹਨਾਂ ਦਾ ਵਿਸ਼ਲੇਸ਼ਣ ਵੀ ਕਰ ਸਕਦਾ ਹੈ ਪਰ ਇਸ ਦੇ ਵਿਪਰੀਤ ਨਾਟਕਕਾਰ ਕੋਲ ਇਹ ਖੁੱਲ ਨਹੀਂ ਹੁੰਦੀ। ਉਹ ਮੂਲ ਵਿਸ਼ੇ ਦੀ ਸੀਮਾ ਵਿੱਚ ਹੀ ਵਿਚਰਦਾ ਹੈ। ਕਹਾਣੀ ਅਤੇ ਨਾਵਲ ਵਿੱਚ ਪਾਤਰ ਪਾਠਕਾਂ ਦੀ ਕਲਪਨਾ ਵਿੱਚ ਵਿਚਰ ਰਹੇ ਹੁੰਦੇ ਹਨ। ਇਸ ਲਈ ਉਹ ਪਾਠਕ ਦੀ ਕਲਪਨਾ ਸ਼ਕਤੀ ਦੇ ਮੁਥਾਜ ਹੁੰਦੇ ਹਨ। ਪਰ ਨਾਟਕ ਵਿੱਚ ਉਹਨਾ ਨੇ ਮੰਚ ਉੱਤੇ ਆਪਣਾ ਨਿਭਾਅ ਕਰਨਾ ਹੁੰਦਾ ਹੈ। ਇਸ ਲਈ ਉਹ ਆਪਣਾ ਬਿੰਬ ਆਪ ਸਿਰਜਦੇ ਹਨ। ਇਸ ਲਈ ਰੂਪਾਂਤਰਣ ਕਰਨ ਸਮੇਂ ਨਾਟਕਕਾਰ ਮੂਲ ਰਚਨਾ ਵਿਚਲੇ ਕੁਝ ਪਾਤਰਾਂ ਵਿੱਚ ਛਾਟੀਂ ਕਰਦਾ ਹੈ ਕੁਝ ਨਵੇਂ ਪਾਤਰ ਘੜਦਾ ਹੈ। ਜਿਵੇਂ ਵਰਿਆਮ ਸੰਧੂ ਦੀ ਕਹਾਣੀ ਵਿਚਲੀ ਬੇਬੇ ਨੂੰ ਕਹਾਣੀਕਾਰ ਕਹਾਣੀ ਦੇ ਮੁੱਢ ਵਿੱਚ ਹੀ ਮਰਿਆ ਹੋਇਆ ਪੇਸ਼ ਕਰਦਾ ਹੋਇਆ ਲਿਖਦਾ ਹੈ "ਭੈਣ ਬਚਨੋ ; ਜਿਹੜੀ ਮਾਂ ਮਰਨ ਤੇ ਜਿਸ ਦਿਨ ਦੀ ਸਹੁਰਿਓਂ ਆਈ ਸੀ।"[5] ਪਰ ਜਦੋਂ ਗੁਰਚਰਨ ਸਿੰਘ ਇਸ ਦਾ ਕਹਾਣੀ ਨਾਟਕੀ ਰੂਪਾਤਰਣ ਕਰਦਾ ਹੈ ਉਹ ਨਾਟਕੀ ਜੁਗਤ ਦੀ ਵਰਤੋਂ ਕਰਦਾ ਹੋਇਆ ਬੇਬੇ ਨੂੰ ਮੰਚ ਉੱਤੇ ਆਤਮਾਂ ਦੇ ਰੂਪ ਵਿੱਚ ਪੇਸ਼ ਕਰਦਾ ਹੈ।ਪਾਤਰਾਂ ਦੀ ਘੜਤ ਕਰਦੇ ਸਮੇਂ ਨਾਟਕਕਾਰ ਪੂਰਾ ਸੰਜਮ ਰੱਖਦਾ ਹੈ। ਜਿਸਦਾ ਮੁੱਖ ਮਕਸਦ ਰਚਨਾ ਨੂੰ ਵੱਧ ਪ੍ਰਭਾਵਸ਼ਾਲੀ ਬਣਾਕੇ ਪੇਸ਼ ਕਰਨਾ ਹੁੰਦਾ ਹੈ। ਕਹਾਣੀ ਜਾਂ ਨਾਵਲ ਵਿਚਲੇ ਪਾਤਰ ਜਦੋਂ ਪਾਠਕਾਂ ਦੇ ਕਾਲਪਨਿਕ ਬਿੰਬ ਵਿਚੋਂ ਨਿਕਲ ਕਿ ਮੰਚ ਉੱਤੇ ਪੇਸ਼ ਹੁੰਦੇ ਹਨ ਤਾਂ ਹਾਵ-ਭਾਵ, ਵੇਸ-ਭੂਸਾ, ਕਾਸਟਿਊਮ, ਡਿਜ਼ਾਈਨਿੰਗ ਪ੍ਰਕਾਸ਼ ਵਿਵਸਥਾ ਆਦਿ ਜੁਗਤਾਂ ਰਾਹੀਂ ਰਚਨਾ ਵਿੱਚ ਇਕ ਨਵੀਂ ਜਿੰਦ-ਜਾਨ ਪਾ ਦਿੰਦੇ ਹਨ। ਇੰਨਾ ਨਾਟਕੀ ਜੁਗਤਾਂ ਦੀ ਵਰਤੋਂ ਕਰਕੇ ਨਾਟਕਕਾਰ ਕਿਸੇ ਰਚਨਾਨੂੰ ਨਾਟਕੀ ਰੂਪ ਵਿੱਚ ਰੂਪਾਂਤਰਣ ਕਰਦਾ ਹੈ। ਨਾਟਕ ਅਤੇ ਗਲਪ ਦਾ ਅਗਲਾ ਸਾਂਝਾ ਤੱਤ ਵਾਰਤਾਲਾਪ ਹੈ। ਵਾਰਤਾਲਾਪ ਨਾਟਕ ਦੀ ਪੇਸ਼ਕਾਰੀ ਦੀ ਮੁੱਖ ਜੁਗਤ ਹੁੰਦੇ ਹਨ। ਵਾਰਤਾਲਾਪ ਰਾਹੀਂ ਨਾਟਕ ਦੀ ਚਾਲ ਅਤੇ ਰਿਦਮ ਦਾ ਪਤਾ ਲੱਗਦਾ ਹੈ। ਵਾਰਤਾਲਾਪ ਨਾਟਕੀ ਟੱਕਰ, ਭਵਿੱਖ ਘਟਨਾਵਾਂ, ਉਤਸੁਕਤਾ ਆਦਿ ਲਈ ਜ਼ਮੀਨ ਤਿਆਰ ਕਰਦੇ ਹਨ। ਨਾਵਲਕਾਰ ਵੀ ਨਾਵਲੀ ਬਿਰਤਾਂਤ ਨੂੰ ਅੱਗੇ ਤੋਰਨ ਲਈ ਵਾਰਤਾਲਾਪ ਦੀ ਵਰਤੋਂ ਕਰਦਾ ਹੈ। ਪਰ ਨਾਵਲਕਾਰ ਕੋਲ ਸਮੇਂ ਦੀ ਕੋਈ ਪਾਬੰਦੀ ਨਹੀਂ ਉਹ ਆਪਣੀ ਗੱਲ ਕਹਿਣ ਲਈ ਕਿੰਨੇ ਹੀ ਸਫੇ ਵਰਤ ਸਕਦਾ ਹੈ। "ਨਾਵਲਕਾਰ ਕੋਲ ਬਹੁਤ ਖੁਲ ਹੁੰਦੀ ਹੈ। ਉਹ ਆਪ ਪਾਤਰਾਂ ਦੇ ਮਨ ਦੀ ਸਥਿਤੀ ਬਿਆਨ ਕਰ ਲੈਂਦਾ ਹੈ ਪਰ ਨਾਟਕਕਾਰ ਕੋਲ ਅਜਿਹੀ ਖੁੱਲ ਨਹੀਂ।"[6] ਨਾਟਕਕਾਰ ਨੇ ਆਪਣੇ ਵਾਰਤਾਲਾਪ ਸਮੇਂ ਦੀ ਪਾਬੰਦ ਵਿੱਚ ਰਹਿ ਕਿ ਰਚਨੇ ਹੁੰਦੇ ਹਨ। ਇਸ ਲਈ ਉਹ ਵਾਰਤਾਲਾਪ ਵਿੱਚ ਪੂਰੀ ਸੰਜਮ ਵਰਤਦਾ ਹੈ। ਨਾਟਕ ਦਾ ਪੂਰਾ ਢਾਂਚਾ ਵਾਰਤਾਲਾਪ ਉੱਤੇ ਹੀ ਖੜਾ ਹੁੰਦਾ

ਹੈ। ਨਾਟਕ ਦਾ ਵਿਸ਼ਾ, ਮੰਤਵ, ਪਾਤਰਾ ਦੀ ਸ਼ਖ਼ਸੀਅਤ ਆਦਿ ਸਭ ਕੁਝ ਵਾਰਤਾਲਾਪ ਰਾਹੀਂ ਹੀ ਪ੍ਰਗਟ ਕਰਦਾ ਹੈ "ਅਸਲ ਵਿੱਚ ਵਾਰਤਾਲਾਪ ਹੀ ਨਾਟਕ ਹੁੰਦਾ ਹੈ।ਵਾਰਤਾਲਾਪ ਰਾਹੀ ਨਾਟਕਕਾਰ ਨੇ ਅਭਿਨੇਤਾ ਦੇ ਮਾਧਿਅਮ ਨਾਲ ਦਰਸ਼ਕਾਂ ਤੱਕ ਪੁੱਜਣਾ ਹੁੰਦਾ ਹੈ।" ਨਾਵਲ ਵਿੱਚ ਨਾਵਲ ਦਾ ਬਿਰਤਾਂਤ ਸੁਣਾਇਆ ਜਾਂਦਾ ਹੈ। ਦ੍ਰਿਸ਼, ਪਾਤਰ ਬਾਰੇ ਸੰਪੂਰਨ ਜਾਣਕਾਰੀ ਨਾਵਲਕਾਰ ਆਪ ਵੀ ਵਰਨਣ ਕਰ ਸਕਦਾ ਹੈ। ਉਹ ਨਾਵਲ ਨੂੰ ਕਈ ਸਮਿਆਂ ਅਤੇ ਸਥਾਨਾਂ ਵਿੱਚ ਰੰਗਣ ਸਮਰੱਥ ਹੁੰਦਾ ਹੈ। ਨਾਵਲਕਾਰ ਨੂੰ ਕਿਸੇ ਵੀ ਪ੍ਰਕਾਰ ਦੇ ਬੰਧਨ ਵਿੱਚ ਬੱਝ ਕਿ ਨਹੀਂ ਰਹਿਣਾ ਪੈਂਦਾ ਹੈ। ਨਾਟਕਕਾਰ ਦੀ ਸਥਿਤੀ ਇਸਤੋਂ ਬਿਲਕੁਲ ਉਲਟ ਹੁੰਦੀ ਹੈ। ਉਸਨੂੰ ਰੰਗਮੰਚ ਦੀਆਂ ਸੀਮਾਵਾਂ ਵਿੱਚ ਰਹਿ ਕੇ ਨਾਟਕ ਦੀ ਬੁਣਤੀ ਕਰਨੀ ਹੁੰਦੀ ਹੈ। ਉਸਨੇ ਨਾਟਕ ਨੂੰ ਮੰਚ ਉੱਤੇ ਝਾਕੀ ਦੇ ਰੂਪ ਵਿੱਚ ਪੇਸ਼ ਕਰਨਾ ਹੁੰਦਾ ਹੈ। "ਨਾਟਕ ਕਈਂ ਕਲਾ-ਵੰਨਗੀਆਂ ਦੇ ਸੰਯੋਗ ਨਾਲ ਸੰਪੂਰਨ ਹੁੰਦਾ ਹੈ ਇਸ ਲਈ ਨਾਟਕਾਰ ਨੂੰ ਕਈ ਬੰਦਿਸ਼ਾਂ ਵਿਚ ਰਹਿ ਕੇ ਲਿਖਣਾ ਪੈਂਦਾ ਹੈ,ਜਦ ਕਿ ਨਾਵਲਕਾਰ ਲਈ ਕੋਈ ਬੰਦਿਸ਼ ਨਹੀਂ ਹੁੰਦੀ।"[8] ਨਾਟਕ ਦੇ ਵਾਰਤਾਲਾਪ ਮੰਚ, ਵਿਸ਼ਾ ਅਤੇ ਪਾਤਰਾਂ ਦੇ ਅਨਕੂਲ ਲਿਖੇ ਜਾਂਦੇ ਹਨ। ਨਾਟਕੀ ਵਾਰਤਾਲਾਪ ਸਿਰਫ ਸਧਾਰਨ ਗੱਲਬਾਤ ਨਹੀਂ ਹੁੰਦੇ ਉਹ ਕਿਸੇ ਵਿਸੇਸ਼ ਮੰਤਵ ਲਈ ਘੜੇ ਹੁੰਦੇ ਹਨ। ਪਾਤਰਾਂ ਦੇ ਹਾਵ-ਭਾਵ, ਵੇਸ਼-ਭੂਸ਼ਾ, ਸੰਗੀਤ ਆਦਿ ਵਾਰਤਾਲਾਪ ਨੂੰ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ ਹਨ। "ਮੰਚ ਉੱਪਰ ਅਦਾਕਾਰਾਂ ਦੀ ਗਤੀ, ਸੰਵਾਦ, ਜੈਸਚਰ, ਘਟਨਾਵਾਂ ਜੀਵਨ ਦੇ ਕੁਝ ਪੈਟਰਨ ਪੇਸ਼ ਕਰਨ ਲਈ ਵਿਉਂਤੇ ਜਾਂਦੇ ਹਨ।"[9] ਨਾਟਕ ਵਿਚ ਦ੍ਰਿਸ਼, ਬੋਲ, ਥਿਰਤਾ, ਗਤੀ, ਅਤੇ ਅਨੁਕ੍ਰਿਆ ਸਾਰੇ ਸਾਮਿਲ ਹੁੰਦੇ ਹਨ। ਇਸ ਲਈ ਨਾਟਕਕਾਰ ਪਾਤਰਾਂ ਵਿੱਚ ਅਭਿਨੈ ਦੇ ਆਂਗਿਕ, ਵਾਚਿਕ, ਆਹਾਰਯ ਅਤੇ ਸਾਤਵਿਕ ਚਾਰੇ ਗੁਣ ਕੁੱਟ-ਕੁੱਟ ਕੇ ਭਰਦਾ ਹੈ। ਇਸ ਨਾਲ ਵਾਰਤਾਲਾਪ ਦਰਸ਼ਕਾਂ ਤੇ ਬਣਦਾ ਪ੍ਰਭਾਵ ਪੈਂਦਾ ਹੈ। ਨਾਟਕਕਾਰ ਵਾਰਤਲਾਪ ਨੂੰ ਕਈ ਜੁਗਤਾ ਨਾਲ ਪੇਸ਼ ਕਰਦਾ ਤਾਂ ਜੋ ਦਰਸ਼ਕਾ ਦਾ ਨਾਟਕ ਵਿੱਚ ਉਤਸ਼ਾਹ ਬਰਕਰਾਰ ਰਹੇ ਇਸ ਸਬੰਧ ਵਿੱਚ ਡਾ. ਗੁਰਸ਼ਰਨ ਕੌਰ ਜੱਗੀ ਲਿਖਦੀ ਹੈ "ਪਰੰਪਰਾਗਤ ਦ੍ਰਿਸ਼ਟੀ ਤੋਂ ਸੰਵਾਦਾਂ ਦਾ ਵਿਧਾਨ ਜਾਂ ਵਰਤੋਂ ਤਿੰਨ ਤਰਾਂ ਨਾਲ ਹੁੰਦੀ ਹੈ, ਜਿਵੇਂ-ਸ਼ਾਵ੍ਯ, ਆਸ਼੍ਰਾਵ੍ਯਸ ਅਤੇ ਨਿਯਤਸ਼੍ਰਾਵ੍ਯਧ।"[10] ਵਾਰਤਾਲਾਪ ਲਈ ਨਾਟਕਕਾਰ ਜੁਗਤ ਭਾਵੇਂ ਕੋਈ ਵੀ ਵਰਤੇ ਪਰ ਸੰਜਮ ਦੇ ਨੁਕਤੇ ਨੂੰ ਜ਼ਰੂਰ ਧਿਆਨ ਵਿੱਚ ਰੱਖਦਾਹੈਕਿਉਂਕਿ ਸੰਜਮੀ ਵਾਰਤਾਲਾਪ ਨਾਟਕ ਦੀ ਜਿੰਦਜਾਨ ਹੁੰਦੇ ਹਨ। "ਉੱਚੇ ਪੱਧਰ ਦੇ ਨਾਟਕ ਵਿੱਚ ਨਾ ਸਿਰਫ ਘਟਨਾਵਾਂ ਹੀ ਸੰਜਮ ਨਾਲ ਸਾਮਿਲ ਕੀਤੀਆਂ ਹਨ ਸਗੋਂ ਵਾਰਤਾਲਾਪ ਵਿੱਚ ਵੀ ਸੰਜਮ ਵਰਤਿਆ ਜਾਂਦਾ ਹੈ।"[11] ਦ੍ਰਿਸ਼ ਚਿਤਰਣ, ਦੇਸ ਕਾਲ ਜਾਂ ਵਾਤਾਵਰਣ ਗਲਪ ਅਤੇ ਨਾਟਕ ਦੋਨਾ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਦੋਨਾਂ ਦਾ ਸਾਂਝਾ ਤੱਤ ਹੁੰਦਾ ਹੋਇਆ ਵੀ ਵੱਖਰਤਾ ਸਥਾਪਿਤ ਕਰਦਾ ਹੈ। ਨਾਵਲਕਾਰ ਨੇ ਆਪਣੇ ਸ਼ਬਦਾ ਦੇ ਜਾਦੂ ਰਾਹੀਂ ਵਾਤਾਵਰਣ ਦੀ ਸਿਰਜਣਾ ਕਰਨੀ ਹੁੰਦੀ ਹੈ। ਉਸਨੇ ਨਾਟਕਕਾਰ ਵਾਂਗ ਮੰਚ ਦੀਆਂ ਸੀਮਾਵਾਂ ਵਿੱਚ ਰਹਿ ਕੇ ਦ੍ਰਿਸ਼ ਉਸਾਰੀ ਨਹੀਂ ਕਰਨੀ ਹੁੰਦੀ ਹੈ। ਨਾਵਲਕਾਰ ਆਪਣੀ ਕਲਪਨਾ ਸਕਤੀ ਨਾਲ ਕੋਈ ਵੀ ਦ੍ਰਿਸ਼ ਸਥਾਪਿਤ ਕਰਨ ਦੀ ਸ਼ਮਤਾ ਰੱਖਦਾ ਹੈ। ਉਹ ਨਾਵਲ ਦੇ ਸਫ਼ਿਆਂ ਉੱਤੇ ਰੇਲ,ਪਹਾੜ,ਖੇਤ,ਜਹਾਜ ਆਦਿ ਕੁਝ ਵੀ ਪੇਸ਼ ਕਰ ਸਕਦਾ ਹੈ। "ਗੱਡੀ ਤੁਰਨ ਦੀ ਉਡੀਕ ਵਿੱਚ ਉਹ ਪਲੇਟ ਫਾਰਮ ਉੱਤੇ ਇਧਰ ਉਧਰ ਫਿਰ ਰਿਹਾ ਸੀ। ਜਿਵੇਂ ਕਿਸੇ ਦੀ ਭਾਲ ਕਰ ਰਿਹਾ ਹੋਵੇ। ਗੱਡੀ ਦੇ ਵੱਖ- ਵੱਖ ਡੱਬਿਆ ਵਿੱਚ ਉਸਨੇ ਸਾਰੇ ਚਿਹਰੇ ਮੁਹਰੇ ਚੰਗੀ ਤਰਾ ਤੱਕ ਲਏ ਸਨ।"[12] ਉਹ ਇਕ ਸਫੇ ਭਾਰਤ ਹੋਵੇਗਾ ਤਾਂ

ਦੂਜੇ ਸਫੇ ਉੱਤੇ ਅਮਰੀਕਾ ਦੀ ਉਡਾਰੀ ਭਰ ਸਕਦਾ ਹੈ। ਨਾਟਕਕਾਰ ਦੀ ਸਥਿਤੀ ਬਿਲਕੁਲ ਉਲਟ ਹੈ। ਨਾਟਕਕਾਰ ਸਾਹਮਣੇ ਵੱਡੀ ਚੁਣੌਤੀ ਇਹ ਹੁੰਦੀ ਹੈ। ਉਸ ਕੋਲ ਇਕ ਸੀਮਿਤ ਅਕਾਰ ਦਾ ਮੰਚ ਹੈ। ਜਿਸ ਉੱਪਰ ਉਸਨੇ ਨਾਟਕੀ ਸੰਸਾਰ ਸਿਰਜਣਾ ਹੁੰਦਾ ਹੈ "ਦ੍ਰਿਸ਼ ਵਿਉਂਤਕਾਰੀ ਵਾਸਤੇ ਫਰਨੀਚਰ ਦੀ ਵਰਤੋਂ ਕਈ ਸਮੱਸਿਆਵਾਂ ਪੇਸ਼ ਕਰਦੀ ਹੈ ਕਿਉਂਕਿ ਸਟੇਜ ਦੀ ਲੰਬਾਈ ਚੜਾਈ ਕਈ ਮੁਸ਼ਕਿਲਾਂ ਖੜੀਆਂ ਕਰ ਦਿੰਦੀ ਹੈ।"[13] ਨਾਟਕ ਦਾ ਸਾਰਾ ਦ੍ਰਿਸ਼ ਪਾਤਰਾਂ ਦੇ ਨਾਟਕੀ ਕਾਰਜ ਅਨੁਸਾਰ ਸਿਰਜਿਆ ਜਾਦਾਂ ਹੈ। ਨਾਟਕ, ਨਾਟਕੀ ਕਾਰਜ ਲਈ ਇੱਕ ਵਿਸੇਸ਼ ਮਾਹੌਲ ਦੀ ਮੰਗ ਰੱਖਦਾ ਹੈ। ਨਾਟਕਕਾਰ ਕੋਲ ਚੰਗੇ ਦ੍ਰਿਸ਼ ਸਿਰਜਣ ਲਈ ਨਾਪ-ਤੋਲ , ਨਕਸ਼ਾ-ਨਵੀਸੀ ਦੀ ਵੀ ਸਮਝ ਹੋਣੀ ਚਾਹੀਦੀ ਸੀ। ਇਹਨਾਂ ਨੁਕਤਿਆਂ ਵਿੱਚ ਮਾਮੂਲੀ ਜਿਹੀ ਗਲਤੀ ਦ੍ਰਿਸ਼ ਵਿਚਲੇ ਏਕਤਾ, ਸੰਤੁਲਨ, ਰਵਾਨੀ, ਬਲ ਆਦਿ ਕਿਸੇ ਵੀ ਬੁਨਿਆਦੀ ਨਿਯਮ ਦੀ ਉਲੰਘਣਾ ਹੋ ਸਕਦੀ ਹੈ। ਬੁਨਿਆਦੀ ਨਿਯਮ ਦੀ ਉਲੰਘਣਾ ਦਾ ਭਾਵ ਨਾਟਕੀ ਦ੍ਰਿਸ਼ ਵਿੱਚ ਗਿਰਾਵਟ ਦਾ ਆਉਣਾ ਹੈ। ਗਲਪ ਦ੍ਰਿਸ਼ ਵੱਖਰੀ ਕਿਸਮ ਦਾ ਹੈ ਇਸ ਲਈ ਉਹ ਇਹਨਾਂ ਬੰਧਨਾ ਤੋਂ ਮੁਕਤ ਹੈ। ਪਰ ਜਦੋਂ ਇਹ ਨਾਟਕੀ ਰੂਪ ਵਿੱਚ ਰੂਪਾਤਰਣ ਹੁੰਦਾ ਹੈ। ਇਸ ਉੱਪਰ ਉਹ ਸਾਰੇ ਮਾਪ- ਦੰਡ ਲਾਗੂ ਹੁੰਦੇ ਹਨ ਜਿਸਦੀ ਰੰਗਮੰਚ ਮੰਗ ਰੱਖਦਾ ਹੈ। ਮੰਚ ਦੀਆਂ ਆਪਣੀਆਂ ਸੀਮਾਵਾਂ ਕਾਰਨ ਕਹਾਣੀ ਅਤੇ ਨਾਵਲ ਦੇ ਦ੍ਰਿਸ਼ ਮੰਚ ਉੱਤੇ ਕਈ ਤਬਦੀਲੀਆਂ ਵਿੱਚ ਪੇਸ਼ ਹੁੰਦਾ ਹੈ।

ਵਿਦਵਾਨਾਂ ਦੇ ਹਵਾਲਿਆਂ ਨੂੰ ਪਰਸਪਰ ਮੱਦੇ ਨਜ਼ਰ ਰੱਖਦਿਆਂ ਇਹ ਤਾਂ ਸਪੱਸ਼ਟ ਹੈ ਕਿ ਨਾਟ ਵਿਧਾ ਮੁੱਢ ਤੋਂ ਹੀ ਰੂਪਾਂਤਰਣਪ੍ਰਕਿਰਿਆ ਨਾਲ ਜੁੜੀ ਹੋਈ ਹੈ। ਇਹ ਰੂਪਾਂਤਰਣ ਵਿਧੀਵਤ ਰੂਪ ਵਿੱਚ ਅਦਿ, ਮੱਧ ਅਤੇ ਆਧੁਨਿਕ ਕਾਲ ਵਿੱਚ ਆਪਣੇ ਸੁਭਾਅ ਅਨੁਸਾਰ ਹੁੰਦਾ ਰਿਹਾ ਹੈ। ਆਧੁਨਿਕ ਯੁੱਗ ਵਿੱਚ ਪੰਜਾਬੀ ਨਾਟਕੀ ਰੂਪਾਂਤਰਣਪ੍ਰਕਿਰਿਆ ਦੀ ਨੀਂਹ ਰੱਖ ਕੇ ਗੁਰਸ਼ਰਨ ਸਿੰਘ ਨੇ ਮਿਸਾਲ ਕਾਇਮ ਕੀਤੀ ਹੈ। ਇਹ ਰੂਪਾਂਤਰਣਪ੍ਰਕਿਰਿਆ ਕਹਾਣੀ ਦਾ ਰੰਗਮੰਚ, ਰੂਪਾਂਤਰਣ ਅਤੇ ਮੂਕ ਅਭਿਨੈ ਵਿਧੈ ਤਿੰਨ ਵਰਗਾਂ ਵਿੱਚ ਚਲਦੀ ਹੋਈ ਅੱਗੇ ਵੱਧਦੀ ਹੈ। ਰਚਨਾ ਦੀ ਮੂਲ ਆਤਮਾ ਦਾ ਸੁਰੱਖਿਅਤ ਰਹਿਣਾ ਰੂਪਾਂਤਰਣਪ੍ਰਕਿਰਿਆ ਵਿੱਚ ਅਹਿਮ ਹੈ। ਵਿਧਾਵਾਂ ਦੇ ਮਾਪਦੰਡਾਂ ਦੇ ਅਧਾਰ 'ਤੇ ਨਾਵਲ ਅਤੇ ਕਹਾਣੀ ਵਿਧਾ ਦੇ ਨਾਟਕੀ ਰੂਪਾਂਤਰਣ ਵਿੱਚ ਪਾਤਰ, ਸਮੇ. ਘਟਨਾਵਾਂ ਅਤੇ ਪ੍ਰਸਥਿਤੀਆਂ ਵਿੱਚ ਵੀ ਵਖਰੇਵਾਂ ਸ਼ਾਮਿਲ ਹੈ। ਹਰੇਕ ਰਚਨਾ ਨੂੰ ਨਾਟਕੀ ਰੂਪਾਂਤਰਣ ਵਿੱਚ ਢਾਲਣ ਤੋਂ ਪਹਿਲਾਂ ਉਸ ਵਿੱਚ ਰੰਗਮੰਚੀ ਲੋੜਾਂ ਦਾ ਹੋਣਾ ਲਾਜ਼ਮੀ ਹੈ। ਮੂਲ ਰਚਨਾ ਦੇ ਵਿਸ਼ੇ ਦੀ ਸਪੱਸ਼ਟਤਾ ਲਈ ਅਤੇ ਰੰਗਮੰਚੀ ਲੋੜਾਂ ਨੂੰ ਪੂਰਾ ਕਰਨ ਲਈ ਕੁੱਝ ਕਲਪਨਾ ਅੰਸ਼ ਵੀ ਨਾਟਕੀ ਰੂਪਾਂਤਰਣ ਦੇ ਸਿਧਾਂਤਕ ਪੱਖ ਤੋਂ ਲੋੜੀਂਦਾਂ ਤੱਤ ਹੈ। ਖਾਸ ਅਕੀਦੇ ਜਾਂ ਖਾਸ ਧਾਰਮਿਕ ਸ਼ਖਸੀਅਤ ਦੀ ਪਾਤਰ ਵੱਜੋਂ ਸਿਰਜਣਾ ਪ੍ਰਤੀਕਮਈ ਜਾਂ ਪਿੱਠਵਰਤੀ ਅਵਾਜ ਵਿੱਚ ਪੇਸ਼ ਕੀਤੀ ਜਾਂਦੀ ਹੈ। ਇਸ ਤੋਂ ਛੁੱਟ ਮੂਲ ਰਚਨਾ ਵਿਚਲੇ ਪਾਤਰਾਂ ਦੀ ਰੂਪ ਰੇਖਾ ਵਾਰਤਾਲਾਪ ਅਤੇ ਵੇਸ਼ ਭੂਸ਼ਾ ਸਿਰਜਣਾ ਇੱਕ ਚੁਣੌਤੀ ਹੈ ਅਤੇ ਨਾਲ ਹੀ ਇੱਕ ਕਲਾਤਮਕ ਹੁਨਰ ਵੀ ਹੁੰਦਾ ਹੈ। ਇਸ ਪ੍ਰਕਿਰਿਆ ਲਈ ਬੌਧਿਕਤਾ ਅਤੇ ਭਾਵੁਕਤਾ ਦਾ ਸੁਮੇਲ ਹੁੰਦਾ ਹੈ। ਮੂਲ ਰਚਨਾ ਦੇ ਬਿਰਤਾਂਤ ਨੂੰ ਨਾਟਕੀ ਰੂਪਾਂਤਰਣ ਰਾਹੀਂ ਆਦਿ ਤੋਂ ਮੱਧ ਅਤੇ ਮੱਧ ਤੋਂ ਅੰਤ ਤੱਕ ਲੈ ਕੇ ਜਾਣਾ ਅਤੇ ਪਾਠਕ ਸਰੋਤਿਆਂ ਨੂੰ ਆਪਣੇ ਨਾਲ ਜੋੜ ਕੇ ਰੱਖਣਾ ਇੱਕ ਚੁਣੌਤੀ ਹੈ। ਉਪਰੋਕਤ ਵਿਚਾਰ ਚਰਚਾ ਵਿੱਚ ਅਸੀਂ ਸ੍ਰਵ ਕਾਵਿ ਨਾਲੋਂ ਦ੍ਰਿਸ਼ ਕਾਵਿ ਦੀ ਅਹਿਮੀਅਤ ਨੂੰ ਪ੍ਰਵਾਨ ਕੀਤਾ ਹੀ ਹੈ ਅਤੇ ਨਾਲ ਹੀ ਇਹ ਵੀ ਸਵਿਕਾਰਿਆ ਹੈ ਕਿ ਇਹ

ਚੁਣੌਤੀਆਂ ਭਰਪੂਰ ਹੈ। ਇਸ ਕਾਰਜ ਦੇ ਸਿਧਾਂਤਕ ਪੱਖ ਤੋਂ ਆਲੋਚਨਾ ਕਰਦੇ ਹੋਏ ਇਸ ਮੁੱਖ ਨੁਕਤਿਆਂ ਦੇ ਅਧੀਂਨ ਹੀ ਮੂਲ ਰਚਨਾ ਦਾ ਨਾਟਕੀ ਰੂਪਾਂਤਰਣ ਸੰਭਵ ਹੈ। ਆਧੁਨਿਕ ਯੁੱਗ ਵਿੱਚ ਇਸ ਪ੍ਰਕਿਰਿਆ ਨੇ ਸਿਰਜਕਾਂ ਦਾ ਆਪਣੇ ਵੱਲ ਧਿਆਨ ਵੀ ਕੇਂਦਰਿਤ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ.ਦੇਵਿੰਦਰ ਰਾਜ ਅੰਕੁਰ, ਦਰਸ਼ਨ ਪ੍ਰਦਰਸ਼ਨ, ਰਾਜ ਕਮਲ ਪ੍ਰਕਾਸ਼ਨ, ਨਵੀ ਦਿੱਲੀ, 2002, ਪੰਨਾ 112.
2. ਹਰਪ੍ਰੀਤ ਸਿੰਘ, ਕਹਾਣੀ ਦਾ ਰੰਗਮੰਚੀ ਰੂਪਾਤਰਣ:ਸਿਧਾਤਕ ਪਰਿਪੇਖ,ਪੰਜਾਬੀ ਕਹਾਣੀ ਪ੍ਰਾਪਤੀਆਂ ਤੇ ਸੰਭਾਵਨਾਵਾਂ(ਆਯੋਜਕ. ਪੰਜਾਬੀ ਸਾਹਿਤ ਅਧਿਐਨ ਵਿਭਾਗ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 517.
3. ਡਾ.ਦੇਵਿੰਦਰ ਰਾਜ ਅੰਕੁਰ ਨਾਲ ਵੀਡਓ ਮੁਲਾਕਾਤ,12 ਅਗਸਤ, 2012.
4. ਡਾ, ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ, ਸਿੱਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011,ਪੰਨਾ 500.
5. ਵਰਿਆਮ ਸਿੰਘ ਸੰਧੂ, ਆਪਣਾ ਆਪਣਾ ਹਿੱਸਾ, ਪੰਜਾਬੀ ਦੀਆਂ ਸਰਵੋਤਮ ਕਹਾਣੀਆਂ (ਸੰਪ. ਡਾ. ਟੀ. ਆਰ. ਵਿਨੋਦ), ਲੋਕਗੀਤ ਪ੍ਰਕਾਸ਼ਨ, ਸਰਹਿੰਦ, 1996, ਪੰਨਾ 131.
6. ਡਾ. ਸੁਰਜੀਤ ਸਿੰਘ ਸੇਠੀ, ਪੰਜਾਬੀ ਨਾਟਕ ਕਲਾ ਤੇ ਰੰਗਮੰਚ, ਪੰਜਾਬੀ ਨਾਟਕ ਅਕੈਡਮੀ,ਸੀ-25,ਯੂਨੀਵਰਸਟੀਕੈਂਪਸ,ਪਟਿਆਲਾ, ਸੰਸਮਰਣ ਪਹਿਲਾ, 1974, ਪੰਨਾ 27.
7. ਡਾ. ਗੁਰਦਿਆਲ ਸਿੰਘ ਫੁੱਲ, ਉਹੀ, ਪੰਨਾ 86.
8. ਉਹੀ, ਪੰਨਾ 51.
9. ਡਾ.ਕੁਲਦੀਪ ਸਿੰਘ ਧੀਰ, ਨਾਟਕ ਸਟੇਜ ਤੇ ਦਰਸ਼ਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 8.
10. ਡਾ.ਗੁਰਸ਼ਰਨ ਕੋਰ ਜੱਗੀ, ਭਾਰਤੀ ਕਾਵਿ ਸ਼ਾਸਤਰ ਸਰੂਪ ਅਤੇ ਸਿਧਾਂਤ, ਆਰਸੀ ਪਬਲਿਸਰਜ਼,2008, ਪੰਨਾ 29.
11. ਡਾ. ਸੁਰਜੀਤ ਸਿੰਘ ਸੇਠੀ, ਉਹੀ, ਪੰਨਾ 27.
12. ਸੰਤ ਸਿੰਘ ਸੇਖੋਂ,ਕਹਾਣੀ ਮੁੜ ਵਿਧਵਾ, ਕਥਾ-ਰੰਗ (ਸੰਪ.ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ ਚੀਮਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨਾ31.
13. ਜਸਵਿੰਦਰ ਕੌਰ ਮਾਂਗਟ, ਰੰਗਮੰਚ ਦੇ ਬੁਨਿਆਦੀ ਨਿਯਮ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 123.

# ਡਾ.ਧਨਵੰਤ ਕੌਰ ਦੀ ਪੁਸਤਕ "ਨਾਰੀਵਾਦ : ਸਿਧਾਂਤ ਚਿੰਤਨ: ਬੁਨਿਆਦੀ ਮਸਲੇ

*-ਡਾ.ਪਵਨ ਕੁਮਾਰ*

ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿਚ ਡਾ.ਧਨਵੰਤ ਕੌਰ ਜੀ ਦਾ ਅਹਿਮ ਮੁਕਾਮ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 1983 ਤੋਂ ਆਪਣੇ ਅਧਿਐਨ-ਅਧਿਆਪਨ ਦੇ ਕਾਰਜ ਦਾ ਆਰੰਭ ਕਰਨ ਵਾਲੀ ਡਾ. ਧਨਵੰਤ ਕੌਰ ਨੇ ਆਪਣੀ ਸੇਵਾ-ਮੁਕਤੀ ਤਕ ਯੂਨੀਵਰਸਿਟੀ ਵਿਖੇ ਪੜ੍ਹਨ-ਪੜ੍ਹਾਉਣ ਦੇ ਨਾਲ ਵੱਖ ਵੱਖ ਜ਼ਿੰਮੇਵਾਰੀ ਵਾਲੇ ਅਹੁਦਿਆਂ ਉੱਪਰ ਪ੍ਰਤਿਬੱਧਤਾ ਨਾਲ ਕੰਮ ਕੀਤਾ। ਉਸਦੇ ਅਧਿਐਨ ਕਾਰਜ ਦੀ ਕੁੱਲ ਆਯੂ ਚਾਰ ਦਹਾਕੇ ਤੋਂ ਉੱਪਰ ਬਣਦੀ ਹੈ। ਇਸ ਅਰਸੇ ਦੌਰਾਨ ਉਹ ਕਿੱਧਰੇਵੀ ਖੜੋਤਦਾ ਸ਼ਿਕਾਰ ਨਹੀਂ ਹੁੰਦੀ ਬਲਕਿ ਸਾਹਿਤ ਚਿੰਤਨ ਦੇ ਖੇਤਰ ਵਿਚ ਸਮੇਂ-ਸਮੇਂ ਪੈਂਦਾ ਹੋਏ ਨਵੀਨ ਖੇਤਰਾਂ ਅਤੇ ਸੰਕਲਪਾਂ ਨਾਲ ਆਪਣੇ ਆਪ ਨੂੰ ਜੋੜੀ ਰੱਖਦੀ ਹੈ। ਉਸਨੇ ਪੰਜਾਬੀ ਸਾਹਿਤ ਚਿੰਤਨ ਦੀ ਯਾਤਰਾ ਉਸ ਵਕਤ ਸ਼ੁਰੂ ਕੀਤੀ, ਜਿਸ ਵਕਤ ਨਾਰੀ ਚਿੰਤਕਾਂ ਦੀ ਗਿਣਤੀ ਉਂਗਲਾਂ ਉੱਪਰ ਹੀ ਗਿਣੀ ਜਾ ਸਕਦੀ ਸੀ। ਨਿਰਸੰਦੇਹ, ਉਹ ਨਾਰੀ ਚਿੰਤਕਾਂ ਵਿੱਚੋਂ ਮੂਹਰਲੀਕਤਾਰ ਵਿਚ ਕਿਰਿਆਸ਼ੀਲ ਚਿੰਤਕ ਵਜੋਂ ਆਪਣੀ ਪਛਾਣ ਬਣਾਉਂਦੀ ਹੈ। ਡਾ. ਧਨਵੰਤ ਕੌਰ ਦਾ ਸ਼ੁਮਾਰ ਪੰਜਾਬੀ ਸਾਹਿਤ ਚਿੰਤਨ ਦੇ ਪੰਜਵੇਂ ਪੜਾਅ ਵਿਚ ਕੀਤਾ ਜਾਂਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਸਮਾਜਵਾਦੀ ਵਿਚਾਰਧਾਰਾ ਤੋਂ ਸਾਹਿਤ ਚਿੰਤਨ ਕਾਰਜ ਕਰਨ ਵਾਲੇ ਚਿੰਤਕਾਂ ਦੀ ਤੀਜੀ ਪੀੜ੍ਹੀ ਵਿਚ ਕਿਰਿਆਸ਼ੀਲ ਰਹੀ ਹੈ। ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿਚ ਇਸ ਦੌਰਦੇ ਚਿੰਤਕ ਵਿਧਾ ਵਿਸ਼ੇਸ਼ ਨੂੰ ਆਧਾਰ ਬਣਾ ਕੇ ਅਧਿਐਨ ਕਾਰਜ ਕਰਨ ਵੱਲ ਵਧੇਰੇ ਰੁਚਿਤ ਹੋ ਗਏ ਸਨ। ਇਸੇ ਪ੍ਰੇਰਨਾ ਸਦਕਾ ਡਾ.ਧਨਵੰਤ ਕੌਰ ਨੇ ਗਲਪ ਅਧਿਐਨ ਦੇ ਖੇਤਰ ਵਿਚ ਦਿਲਚਸਪੀ ਜ਼ਾਹਿਰ ਕੀਤੀ ਅਤੇ ਗਲਪ ਅਧਿਐਨ ਵਿਚੋਂ ਵੀਅੱਗੋਂ ਉਸਨੇ ਕਹਾਣੀ-ਵਿਧਾ ਦੀ ਨਿਰਖ-ਪਰਖ ਨੂੰ ਆਪਣਾ ਮੂਲ ਮਰਕਜ਼ ਬਣਾਇਆ। ਪ੍ਰੋ.ਹਰਿਭਜਨ ਸਿੰਘ ਭਾਟੀਆ ਉਸਦੇ ਗਲਪ-ਚਿੰਤਨ ਦੇ ਨਕਸ਼ਾਂ ਨੂੰ ਪਛਾਣਦੇ ਹੋਏ ਲਿਖਦੇ ਹਨ :

ਡਾ. ਧਨਵੰਤ ਕੌਰ ਨੇ 'ਪੰਜਾਬੀ ਗਲਪ ਵਿਚ ਆਧੁਨਿਕ ਸੰਵੇਦਨਾ' ਰਾਹੀਂ 1989 ਵਿਚ ਪੰਜਾਬੀ ਚਿੰਤਨ ਦੇ ਖੇਤਰ ਵਿਚ ਪ੍ਰਵੇਸ਼ ਕਰਕੇ 'ਪੰਜਾਬੀ ਨਾਵਲ ਸੰਦਰਭ ਕੋਸ਼' (1999) ਵਰਗੀ ਮਹੱਤਵਪੂਰਨ ਕ੍ਰਿਤ ਦੀ ਰਚਨਾ ਕੀਤੀ ਹੈ। ਪਹਿਲੀ ਕ੍ਰਿਤ ਵਿਚ ਅਧਿਐਨ-ਵਸਤੂ 1947 ਤੋਂ 1980 ਦੇ ਦੌਰਾਨ ਰਚਿਆ ਨਾਵਲ ਬਣਿਆ ਹੈ ਅਤੇ ਇਸ ਅਧਿਐਨ ਰਾਹੀਂ ਉਸ ਆਧੁਨਿਕ ਸੰਵੇਦਨਾ ਦੇ ਸੰਦਰਭ ਵਿਚ ਪੰਜਾਬੀ ਨਾਵਲ ਦੇ ਰੁਝਾਣਾਂ ਤੇ ਪ੍ਰਵਿਰਤੀਆਂਦਾ ਵਿਸ਼ਲੇਸ਼ਣ-ਮੁੱਲਾਂਕਣ ਕਰਨ ਦਾ ਉੱਦਮ ਕੀਤਾ ਹੈ। ਦੂਸਰੀ ਪੁਸਤਕ ਵਿਚ ਪਹਿਲੀ ਵਾਰ ਕਿਸੇ ਚਿੰਤਕ ਵੱਲੋਂ ਪੰਜਾਬੀ ਨਾਵਲ ਸੰਬੰਧੀ ਪ੍ਰਮਾਣਕ ਸੰਦਰਭ ਸਾਮਗ੍ਰੀ ਨੂੰ ਸੂਤਰਿਕ ਸ਼ੈਲੀ ਵਿਚ ਪੇਸ਼ ਕਰਨ ਦਾ ਉੱਦਮ ਕੀਤਾ ਹੈ।

(ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ 254)

ਉਪਰੋਕਤ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਆਪਣੀ ਪ੍ਰਥਮ ਪੁਸਤਕ ਪੰਜਾਬੀ ਗਲਪ ਵਿਚ

ਆਧੁਨਿਕ ਸੰਵੇਦਨਾ(1989) ਰਾਹੀਂਆਪਣਾ ਸਾਹਿਤ ਚਿੰਤਨ ਕਾਰਜ ਆਰੰਭ ਕਰਦੀ ਹੈ।ਇਸ ਉਪਰੰਤ ਉਸਦੀਆਂਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ (1994), ਪੰਜਾਬੀ ਨਾਵਲਕਾਰ ਸੰਦਰਭ ਕੋਸ਼ (ਦੋ ਭਾਗ 1999, 2011), ਪੰਜਾਬੀ ਕਹਾਣੀ ਸ਼ਾਸਤਰ (2003), ਸੰਤੋਖ ਸਿੰਘ ਧੀਰ (2016), ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ (2018) ਅਤੇ ਨਾਰੀਵਾਦ : ਸਿਧਾਂਤ ਚਿੰਤਨ (2023) ਮੌਲਿਕ ਪੁਸਤਕਾਂ ਪ੍ਰਕਾਸ਼ਿਤ ਹੁੰਦੀਆਂ ਹਨ। ਚਾਰ ਦਹਾਕੇ ਦੇਕਰੀਬ ਫੈਲੇ ਅਧਿਐਨ ਕਾਰਜ ਦੌਰਾਨ ਉਸਦੀਆਂ ਮੌਲਿਕ, ਸੰਪਾਦਿਤ ਅਤੇ ਲਿਪੀਅੰਤਰਨ ਕੀਤੀਆਂ ਪੁਸਤਕਾਂ ਦੀ ਕੁੱਲ ਗਿਣਤੀ ਦੋ ਦਰਜਨ ਦੇ ਆਸ-ਪਾਸ ਬਣਦੀ ਹੈ ਅਤੇ ਹੇਠ-ਉੱਤੇ ਪ੍ਰਕਾਸ਼ਿਤ ਹੋਈਆਂ ਇਹ ਪੁਸਤਕਾਂ ਉਸਦੇ ਸਰਗਰਮ ਲੇਖਕ ਹੋਣ ਦੀ ਸਾਖੀ ਭਰਦੀਆਂ ਹਨ।

ਧਿਆਨਯੋਗਹੈ ਕਿ ਡਾ.ਧਨਵੰਤ ਕੌਰ ਦੀ ਸੱਜਰੀ ਪੁਸਤਕ ਨਾਰੀਵਾਦ : ਸਿਧਾਂਤ ਚਿੰਤਨ (2023) ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਵੀ ਪੰਜਾਬੀ ਨਾਰੀ ਚਿੰਤਕਾਂ ਨੇ ਨਾਰੀਵਾਦ ਦੀ ਸਿੱਧਾਂਤਕ ਅਤੇ ਇਤਿਹਾਸਕ ਸੂਝ ਰਾਹੀਂ ਪੰਜਾਬੀ ਸਾਹਿਤ ਦੇ ਮੁਖ਼ਤਲਿਫ਼ ਰੂਪਾਂ ਨੂੰ ਨਿਰਖਣ-ਪਰਖਣ ਦੇ ਯਤਨ ਆਰੰਭ ਕੀਤੇ ਸਨ। ਇਹਨਾਂ ਯਤਨਾਂ ਵਿਚ ਡਾ.ਅਰਵਿੰਦਰਪਾਲ ਕੌਰ ਦੀਆਂ ਪੁਸਤਕਾਂ ਸ੍ਵੈਜੀਵਨੀ(1991), ਨਾਰੀ ਕਾਵਿ ਚਿੰਤਨ (1991), ਅੰਮ੍ਰਿਤਾ-ਪ੍ਰਭਜੋਤ ਕਾਵਿ (1991), ਅਤੇ ਆਧੁਨਿਕ ਪੰਜਾਬੀ ਇਸਤਰੀ ਕਵੀਆਂ ਦੀ ਕਾਵਿਰਚਨਾ: ਨਾਰੀ ਸੰਵੇਦਨਾ (1991), ਡਾ. ਮਹਿੰਦਰ ਕੌਰ ਗਿੱਲ ਦੀ ਪੁਸਤਕ ਧਰਮ ਸਮਾਜ ਤੇ ਨਾਰੀ(1994), ਡਾ.ਚਰਨਜੀਤ ਕੌਰ ਦੀ ਪੁਸਤਕ ਨਾਰੀ-ਚੇਤਨਾ(1999), ਡਾ. ਵਨੀਤਾ ਦੀ ਪੁਸਤਕ ਨਾਰੀਵਾਦ ਤੇ ਸਾਹਿਤ (2000), ਬੇਅੰਤ ਕੌਰ ਦੀ ਪੁਸਤਕ ਨਾਰੀਵਾਦੀ ਚਿੰਤਨ : ਪਰਿਪੇਖ ਤੇ ਵਿਹਾਰ (2001) ਅਤੇ ਡਾ. ਹਰਪ੍ਰੀਤ ਕੌਰ ਦੀ ਪੁਸਤਕ ਨਾਰੀਵਾਦ (2003) ਆਦਿ ਤਾਰੀਖ਼ੀ ਮਹੱਤਵ ਦੀਆਂ ਧਾਰਨੀ ਹਨ। ਇਹ ਪੁਸਤਕਾਂ ਡਾ. ਧਨਵੰਤ ਕੌਰ ਦੀ ਵਿਚਾਰਾਧੀਨ ਪੁਸਤਕਨਾਰੀਵਾਦ: ਸਿਧਾਂਤ ਚਿੰਤਨ ਦੇ ਵਿਰਸੇ ਵਿਚ ਕਿਰਿਆਸ਼ੀਲ ਰਹੀਆਂ ਹਨ। ਇਹਨਾਂਨਾਲ ਜੀਵੰਤਨਾਤਾ ਸਥਾਪਤ ਕਰਕੇ ਹੀ ਵਿਚਾਰਾਧੀਨ ਪੁਸਤਕ ਨੂੰ ਠੀਕ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਨਾਰੀਵਾਦੀ ਸੰਵੇਦਨਾ ਅਤੇ ਚੇਤਨਾ ਨਾਲ ਪ੍ਰਤਿਬੱਧ ਵਿਰਸੇ ਵਿਚਲੀਆਂ ਇਹਨਾਂ ਪੁਸਤਕਾਂ ਨੂੰ ਵਿਰਾਟ ਦ੍ਰਿਸ਼ਟੀ ਤੋਂ ਵੇਖਿਆ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਵਿਚ ਨਾਰੀਵਾਦ ਦੇ ਸਿਧਾਂਤ, ਇਤਿਹਾਸ, ਲਹਿਰਾਂ, ਨਾਰੀਵਾਦ ਦੀ ਪੱਛਮੀ, ਭਾਰਤੀ ਤੇ ਪੰਜਾਬੀ ਸਮਾਜ ਦੇ ਪ੍ਰਸੰਗ ਵਿਚ ਪਛਾਣ ਅਤੇ ਇਸ ਸਮਗ੍ਰ ਸਮਝ ਰਾਹੀਂ ਪੰਜਾਬੀ ਸਾਹਿਤ ਵਿਚਲੇ ਨਾਰੀਵਾਦੀ ਸਰੋਕਾਰਾਂ ਦੀ ਪਛਾਣ ਆਦਿ ਮਹੱਤਵਪੂਰਨ ਕਾਰਜ ਹੋਏ ਹਨ। ਪਰੰਤੂ ਅਜਿਹਾ ਅਧਿਐਨ ਕਾਰਜ ਕਿਸੇ ਇਕ ਪੁਸਤਕ ਵਿਚ ਇਕਾਗਰ ਦ੍ਰਿਸ਼ਟੀ ਰਾਹੀਂ ਅੰਜਾਮ ਤਕ ਨਹੀਂ ਪਹੁੰਚਾਇਆ ਗਿਆ ਬਲਕਿ ਵੱਖ ਵੱਖ ਪੁਸਤਕਾਂ ਵਿਚ ਖਿਲਰਵੇਂ ਰੂਪ ਵਿਚ ਉਪਲਬਧ ਹੈ। ਵਿਰਸੇ ਵਿਚਲੀਆਂ ਕੁਝ ਪੁਸਤਕਾਂ ਤਾਂ ਨਾਰੀਵਾਦ ਦੇ ਸਿਧਾਂਤ ਤੇ ਵਿਹਾਰ ਵਾਲੇ ਦਵੱਲੇ ਅਧਿਐਨ ਤਰਫ਼ ਅਭਿਲਾਸ਼ੀ ਹਨ। ਉਪਰੋਕਤ ਪੁਸਤਕਾਂ ਦੇ ਮੱਦੇਨਜ਼ਰ ਡਾ.ਧਨਵੰਤ ਕੌਰ ਦੀ ਪੁਸਤਕ ਨਾਰੀਵਾਦ: ਸਿਧਾਂਤ ਚਿੰਤਨ ਵਿਚਲੀ ਖ਼ੂਬੀ ਇਹ ਹੈ ਕਿ ਇਹ ਸ਼ੁੱਧ ਸਿਧਾਂਤਕਾਰੀ ਨੂੰ ਸਮਰਪਿਤ ਨਾਰੀਵਾਦੀ ਸਿਧਾਂਤ ਚਿੰਤਨ ਨੂੰ ਕਿਸੇ ਨਾਰੀ ਚਿੰਤਕ ਵੱਲੋਂ ਸੰਜੀਦਗੀ ਨਾਲ ਸਮਝਣ-ਸਮਝਾਉਣ ਦਾ ਪ੍ਰਥਮ ਉਪਰਾਲਾ ਹੈ। ਜਿੱਥੇ ਨਾਰੀਵਾਦ ਵਿਸ਼ੇ ਨਾਲ ਸੰਬੰਧਿਤ ਹੋਣ ਕਰਕੇ ਇਹ ਪੁਸਤਕ ਆਪਣੇ ਵਿਰਸੇ ਨਾਲ ਜੀਵੰਤ ਸਾਂਝ

ਰੱਖਦੀ ਹੈ, ਉੱਥੇ ਸ਼ੁੱਧ ਰੂਪ ਵਿਚ ਨਾਰੀਵਾਦ ਦੇ ਸਿਧਾਂਤ ਨੂੰ ਮੁਖ਼ਾਤਿਬ ਹੋਣ ਅਤੇ ਵਿਸ਼ਵ ਪ੍ਰਸਿੱਧ ਨਾਰੀਵਾਦੀ ਚਿੰਤਕਾਂ ਬਾਰੇ ਸਿਲਸਿਲੇਵਾਰ ਤਬਸਰਾ ਪੇਸ਼ ਕਰਨ ਕਰਕੇ ਇਹ ਵੱਖਰੇ ਨਕਸ਼ ਵੀ ਸਥਾਪਿਤ ਕਰਦੀ ਹੈ। ਨਿਰਸੰਦੇਹ, ਜਿੱਥੇ ਵਿਰਸੇ ਵਿਚਲੇ ਨਾਰੀਵਾਦੀ ਅਧਿਐਨ ਵਿਚ ਨਾਰੀ ਵੇਦਨਾ, ਨਾਰੀ ਸੰਵੇਦਨਾ ਅਤੇ ਨਾਰੀ ਚੇਤਨਾ ਆਦਿ ਸੰਕਲਪਾਂ ਸੰਬੰਧੀ ਭਰਵੀਂ ਚਰਚਾ ਹੋਈ ਹੈ ਉੱਥੇ ਡਾ. ਧਨਵੰਤ ਕੌਰ ਨੇ ਇਹਨਾਂ ਸੰਕਲਪਾਂ ਦੇ ਸਮਵਿੱਥ ਇਸ ਪੁਸਤਕ ਵਿਚ ਨਾਰੀਵਾਦੀ ਸਿਧਾਂਤ ਚਿੰਤਨ ਉੱਪਰ ਕੇਂਦਰਿਤ ਕਰਕੇ ਇਸ ਬਾਬਤ ਸੰਜੀਦਾ ਵਿਚਾਰ ਵਿਮਰਸ਼ ਪ੍ਰਸਤੁਤ ਕੀਤਾ ਹੈ।

ਵਿਚਾਰਾਧੀਨ ਪੁਸਤਕ ਨਾਰੀਵਾਦ : ਸਿਧਾਂਤ ਚਿੰਤਨ ਸਾਹਿਤ ਅਧਿਐਨ ਦੇ ਮੁਖ਼ਤਲਿਫ਼ ਅਨੁਸ਼ਾਸਨਾਂ ਜਿਵੇਂ ਸਿੱਧਾਂਤ, ਆਲੋਚਨਾ, ਇਤਿਹਾਸ ਅਤੇ ਖੋਜ ਵਿੱਚੋਂ ਸਿਧਾਂਤ ਨੂੰ ਅਗਰਭੂਮੀ ਵਿਚ ਰੱਖਦੀ ਹੈ ਅਤੇ ਬਾਕੀ ਅਨੁਸ਼ਾਸਨ (ਖ਼ਾਸ ਕਰਕੇ ਆਲੋਚਨਾ ਅਤੇ ਇਤਿਹਾਸ) ਇਸਦੀ ਪਿੱਠ ਭੂਮੀ ਵਿਚ ਕਿਰਿਆਸ਼ੀਲ ਨਜ਼ਰੀਂ ਪੈਂਦੇ ਹਨ। ਇਸ ਪੁਸਤਕ ਦੀ ਰੂਪ ਰੇਖਾ ਮੁਤਾਬਿਕ ਆਰੰਭਿਕਾ ਦੇ ਉਨਵਾਨ ਹੇਠ ਦੋ ਭੂਮਿਕਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਵਿੱਚੋਂ ਇਕ ਭੂਮਿਕਾ "ਆਪਣੇ ਵੱਲੋਂ ਉਨਵਾਨ ਹੇਠ ਡਾ.ਧਨਵੰਤ ਕੌਰ ਨੇ ਖ਼ੁਦ ਲਿਖੀ ਹੈ। ਇਸੇ ਤਰ੍ਹਾਂ ਦੂਜੀ ਭੂਮਿਕਾ (ਮਜ਼ਮੂਨ ਨੁਮਾ) "ਡਾ. ਧਨਵੰਤ ਕੌਰ: ਚਿੰਤਨ ਸਰੋਕਾਰ ਅਤੇ ਨਾਰੀਵਾਦੀ ਪ੍ਰਸੰਗ ਉਨਵਾਨ ਹੇਠ ਪੰਜਾਬੀ ਚਿੰਤਕ ਪ੍ਰੋ. ਹਰਿਭਜਨ ਸਿੰਘ ਭਾਟੀਆ ਵੱਲੋਂ ਲਿਖੀ ਗਈ ਹੈ, ਜਿਸ ਵਿਚ ਉਹਨਾਂਨੇ ਉਸਦੇ ਸਮੁੱਚੇ ਸਾਹਿਤ ਚਿੰਤਨ ਨਕਸ਼ਾ ਉਲੀਕਿਆ ਹੈ। ਉਪਰੋਕਤ ਤੋਂ ਇਲਾਵਾ ਇਸ ਪੁਸਤਕ ਨੂੰ ਤਿੰਨ ਅਧਿਆਇ ਵਿਚ ਤਕਸੀਮ ਕੀਤਾ ਗਿਆ ਹੈ। ਇਸ ਵਿਚਲਾ ਪਹਿਲਾ ਅਧਿਆਇ "ਨਾਰੀਵਾਦ ਦੇ ਮੁੱਢਲੇ ਨਕਸ਼, ਦੂਜਾ ਅਧਿਆਇ "ਨਾਰੀਵਾਦ ਦੀ ਸਿਧਾਂਤਕਾਰੀ ਅਤੇ ਸਿਮੋਨ ਦ ਬੋਅਵਾਰ"(ੳ. ਸਿਧਾਂਤਕ ਪੱਖ: ਦ ਸੈਕੰਡ ਸੈਕਸ ਦੇ ਵਿਸ਼ੇਸ਼ ਹਵਾਲੇ ਨਾਲ, ਅ. ਵਿਹਾਰਕ ਪੱਖ: ਦ ਸੈਕੰਡ ਵੇਵ ਫੈਮਿਨਿਜ਼ਮ ਵਿਚ ਸ਼ਮੂਲੀਅਤ ਦੇ ਹਵਾਲੇ ਨਾਲ) ਅਤੇ ਤੀਜਾ ਅਧਿਆਇ "ਨਾਰੀਵਾਦੀ ਸਿਧਾਂਤ ਚਿੰਤਨ ਦਾ ਪੈਰਾਡਾਇਮ : ਪ੍ਰਮੁੱਖ ਚਿੰਤਕ ਅਤੇ ਪ੍ਰਵਿਰਤੀਆਂ ਹਨ। ਉਪਰੋਕਤ ਕਿਸਮ ਦੀ ਅਧਿਆਇ ਵੰਡ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਪੁਸਤਕ ਨਾਰੀਵਾਦ ਦੇ ਸਿਧਾਂਤ ਚਿੰਤਨ ਨੂੰ ਗੰਭੀਰਤਾ ਤਹਿਤ ਫਰੋਲਦੀ ਹੋਈ, ਅੱਗੋਂ ਇਸੇ ਸਿਧਾਂਤ ਦੀ ਮਦਦ ਨਾਲ ਵਿਹਾਰਕ ਅਧਿਐਨ ਦੇ ਰੁਖ਼ ਫ਼ੈਲਣ ਵੱਲ ਰੁਚਿਤ ਹੁੰਦੀ ਹੈ। ਨਿਰਸੰਦੇਹ, ਇਹ ਅਧਿਐਨ ਕਾਰਜ ਨਾਰੀਵਾਦੀ ਸਿਧਾਂਤ ਚਿੰਤਨ ਤੋਂ ਆਰੰਭ ਹੋ ਕੇ, ਵਿਸ਼ਵ ਪ੍ਰਸਿੱਧ ਨਾਰੀਵਾਦੀ ਚਿੰਤਕਾਂ ਦੇ ਚਿੰਤਨ ਕਾਰਜ ਬਾਰੇ ਤਬਸਰਾ ਕਰਦਾ ਹੋਇਆ, ਨਾਰੀਵਾਦ ਦੀਆਂ ਮੁਖ਼ਤਲਿਫ਼ ਲਹਿਰਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। "ਆਪਣੇ ਵੱਲੋਂ ਉਨਵਾਨ ਹੇਠ ਲਿਖੀ ਭੂਮਿਕਾ ਵਿਚ ਡਾ. ਧਨਵੰਤ ਕੌਰ ਨੇ ਨਾਰੀਵਾਦ ਨੂੰ ਇਤਿਹਾਸਕ ਪਰਿਪੇਖ ਤੋਂ ਨਿਰਖਦਿਆਂ 1848 ਤੋਂ ਲੈ ਕੇ 2020 ਤਕ 172 ਸਾਲ ਦੇ ਸਮੇਂ ਦੌਰਾਨ ਇਸਨੂੰ ਮੁਖ਼ਤਲਿਫ਼ ਲਹਿਰਾਂ ਵਿਚੋਂ ਗੁਜ਼ਰਦੇ ਹੋਏ ਪਛਾਣਿਆਂ ਹੈ। ਕੁੱਲ 172 ਸਾਲ ਦੇ ਵਕਫ਼ੇ ਦੌਰਾਨ ਨਾਰੀਵਾਦ ਦੀਆਂ ਪੈਂਦਾ ਹੋਈਆਂ ਪੰਜ ਲਹਿਰਾਂ ਨਿੱਜ ਤੋਂ ਲੈ ਕੇ ਸਮੂਹਿਕ ਸੰਘਰਸ਼ ਤਕ ਦਾ ਸਫ਼ਰ ਤੈਅ ਕਰਦੀਆਂ ਹਨ। ਜਦੋਂ ਡਾ.ਧਨਵੰਤ ਕੌਰ ਇਹ ਸਿੱਧ ਕਰਦੀ ਹੈ ਕਿ,"ਨਾਰੀਵਾਦ ਦੇ ਆਧਾਰ ਅਤੇ ਪ੍ਰੇਰਕ ਨਾਰੀ ਚੇਤਨਾ ਨਾਲ ਸੰਬੰਧਿਤ ਉਨ੍ਹਾਂ ਵਿਅਕਤੀਗਤ ਸੋਝੀਆਂ ਅਤੇ ਸਮਾਜਿਕ ਲਹਿਰਾਂ ਵਿੱਚ ਪਏ ਹਨ ਜਿਨ੍ਹਾਂ ਨੇ ਨਾਰੀ ਨਾਲ ਹੁੰਦੀ ਬੇਇਨਸਾਫ਼ੀ ਵਿਰੁੱਧ ਅਵਾਜ਼ ਬੁਲੰਦ

ਕੀਤੀ। ਨਾਰੀ ਨੂੰ ਬਰਾਬਰ ਦੇ ਸਮਾਜਕ ਨਾਗਰਿਕ ਅਧਿਕਾਰ ਦਿਵਾਉਣ ਲਈ ਸਮੂਹਿਕ ਯਤਨ ਅਰੰਭੇ। , ਤਾਂ ਉਸਦੇ ਇਹਨਾਂ ਵਿਚਾਰਾਂ ਦੀ ਤਹਿ ਹੇਠ ਕਾਰਜਸ਼ੀਲ ਸਮਾਜਿਕ ਬਰਾਬਰੀ ਵਾਲੀ ਦ੍ਰਿਸ਼ਟੀ ਨੂੰ ਸਹਿਜ ਹੀ ਪਛਾਣਿਆ ਜਾ ਸਕਦਾ ਹੈ। ਦਰਅਸਲ ਇੱਥੇ ਉਹ ਔਰਤ–ਮਰਦ ਦੇ ਅੰਨ੍ਹੇ ਵਿਰੋਧ ਵਾਲੇ ਵਿਚਾਰਾਂ ਦੀ ਹਾਮੀ ਨਹੀਂ ਬਣਦੀ। ਸਗੋਂ ਉਹ ਤਾਂ ਔਰਤ ਨੂੰ ਵੀ ਮਨੁੱਖ ਸਮਝੇ ਜਾਣ ਵਾਲੇ ਮਾਨਵਵਾਦੀ ਨਜ਼ਰੀਏ ਦੀ ਧਾਰਨੀ ਬਣਦੀ ਹੈ। ਉਸਦੇ ਉਪਰੋਕਤ ਕਿਸਮ ਦੇ ਅਧਿਐਨ ਦੇ ਸੁਭਾਅ ਨੂੰ ਪਛਾਣਦੇ ਹੋਏ ਪ੍ਰੋ.ਹਰਿਭਜਨ ਸਿੰਘ ਭਾਟੀਆ ਲਿਖਦੇ ਹਨ ਕਿ:

ਨਿਰਸੰਦੇਹ, ਨਾਰੀਵਾਦੀ ਲਹਿਰ ਦਾ ਮੂਲ ਏਜੰਡਾ ਨਾਰੀ ਦੀ ਮਾਨਵੀ ਪਛਾਣ ਅਤੇ ਬਰਾਬਰੀ ਨੂੰ ਦ੍ਰਿੜ ਕਰਨਾ ਹੈ। ਇਹ ਪੁਸਤਕ ਪ੍ਰਚਲਿਤ ਚਿੰਤਨ ਤੇ ਵਿਧੀ ਨੂੰ ਰੱਦਣ/ਸਵੀਕਾਰਨ ਦੇ ਤਰੀਕਾ-ਏ-ਕਾਰ (Methodology) ਤੋਂ ਫ਼ਾਸਲਾ ਥਾਪਦੀ ਹੋਈ ਨਾਰੀਵਾਦ ਦੇ ਇਤਿਹਾਸ ਨਾਲ ਸੰਬੰਧਿਤ ਵੱਖ–ਵੱਖ ਲਹਿਰਾਂ ਦੇ ਸਰੂਪ ਤੇ ਮੂਲ ਸਰੋਕਾਰਾਂ ਨੂੰ ਤਾਰਕਿਕ ਢੰਗ ਨਾਲ ਪਛਾਣਦੀ ਹੈ। ਉਹ ਨਾਰੀਵਾਦ ਦੇ ਇਤਿਹਾਸ ਨੂੰ ਵੱਖ ਵੱਖ ਸਮਿਆਂ ਵਿਚ ਪ੍ਰਚਲਿਤ ਲਹਿਰਾਂ ਦੇ ਪ੍ਰਸੰਗ ਵਿਚ ਵੇਖਣ-ਪਰਖਣ ਨਾਲੋਂ ਇਕ ਸਿਧਾਂਤ ਵਜੋਂ ਵਿਚਾਰਣ ਨੂੰ ਵੱਧ ਤਰਜੀਹ ਦੇਂਦੀ ਹੈ।

(ਪ੍ਰੋ.ਹਰਿਭਜਨ ਸਿੰਘ ਭਾਟੀਆ,"ਡਾ. ਧਨਵੰਤ ਕੌਰ : ਚਿੰਤਨ ਸਰੋਕਾਰ ਅਤੇ ਨਾਰੀਵਾਦੀ ਪ੍ਰਸੰਗ , ਡਾ. ਧਨਵੰਤ ਕੌਰ, ਨਾਰੀਵਾਦ : ਸਿਧਾਂਤ ਚਿੰਤਨ,ਪੰਨਾ 20)

ਦਰਅਸਲ ਨਾਰੀਵਾਦ ਦੀਆਂ ਵੱਖ ਵੱਖ ਲਹਿਰਾਂ ਵਿੱਚੋਂ ਗੁਜ਼ਰਦੀ ਹੋਈ ਉਹ ਪਹਿਲੀਆਂ ਚਾਰ ਲਹਿਰਾਂ ਨੂੰ ਔਰਤ ਦੇ ਨਿੱਜੀ ਮਸਲਿਆਂ ਨਾਲ ਜੁੜੇ ਸੰਘਰਸ਼ (ਜਿਵੇਂ : ਵੋਟ ਦੇ ਅਧਿਕਾਰ, ਸਿੱਖਿਆ, ਰੁਜ਼ਗਾਰ, ਬਰਾਬਰ ਤਨਖ਼ਾਹ ਤੇ ਮਾਤਰਤਵ ਨਾਲ ਸੰਬੰਧਿਤ ਅਧਿਕਾਰ, ਛੇੜਛਾੜ, ਦੇਹੀ ਸ਼ਰਮਸਾਰੀ, ਬਲਾਤਕਾਰ, ਘਰੇਲੂ ਹਿੰਸਾ, ਭਰੂਣ ਹੱਤਿਆ ਆਦਿ ਵਿਰੁੱਧ ਸੰਘਰਸ਼ ਅਤੇ ਗਲੋਬਲੀ ਪ੍ਰਸੰਗ ਵਿਚ ਨਾਰੀ ਨੂੰ ਸਮਝਣਾ ਆਦਿ) ਵਜੋਂ ਤਸੱਵੁਰ ਕਰਦੀ ਹੈ। ਇਸਦੇ ਨਾਲ ਹੀ ਉਹ ਨਾਰੀਵਾਦ ਦੀ ਪੰਜਵੀਂ ਲਹਿਰ ਨੂੰ ਨਿੱਜ ਤੋਂ ਪਾਰ ਜਾਂਦੇ ਹੋਏ ਵਿਸ਼ਵ/ਸਮੂਹਿਕ ਮੁੱਦਿਆਂ ਨਾਲ ਜੁੜਦੇ ਹੋਏ ਪਛਾਣਦੀ ਹੈ:

ਹੁਣੇ ਹੁਣੇ 2020 ਵਿੱਚ ਹੈ ਜਮੌਨਿਕ ਨਾਰੀਵਾਦ ਨੇ ਪੰਜਵੀਂ ਲਹਿਰ (Fifth Wave Feminism) ਦਾ ਬਿਗਲ ਵਜਾ ਧਰਿਆ ਹੈ। ਕੋਵਿਡ ਕਾਲ ਵਿੱਚ ਨਿਊਜੀਲੈਂਡ, ਜਰਮਨੀ, ਤਾਇਵਾਨ ਵਰਗੇ ਮੁਲਕ, ਜਿਨ੍ਹਾਂ ਵਿੱਚ ਨਾਰੀਆਂ ਸੱਤਾ ਵਿੱਚ ਸਨ, ਦੀ ਬਿਹਤਰ ਕਾਰਗੁਜ਼ਾਰੀ, ਅਮਰੀਕਾ ਦੀਆਂ ਚੋਣਾਂ ਵਿੱਚ ਕਮਲਾ ਹੈਰਿਸ ਦੀ ਜਿੱਤ, ਹਿੰਦੁਸਤਾਨ ਦੇ ਕਿਸਾਨ ਅੰਦੋਲਨ ਵਿੱਚ ਨਾਰੀਆਂ ਦੀ ਵੱਡੀ ਤਦਾਦ ਵਿੱਚ ਸ਼ਮੂਲੀਅਤ ਵਰਗੇ ਪ੍ਰਮਾਣਾਂ ਰਾਹੀਂ ਨਾਰੀ ਦੀ ਨੁਮਾਇੰਦਗੀ ਦਾ ਮੁੱਦਾ ਉਭਾਰਿਆ ਜਾ ਰਿਹਾ ਹੈ। ਇਹ ਲਹਿਰ ਆਪਣਾ ਫੋਕਸ ਇਸ ਮੁੱਦੇ 'ਤੇ ਕੇਂਦ੍ਰਿਤ ਕਰਵਾਉਣਾ ਚਾਹੁੰਦੀ ਹੈ ਕਿ ਜਦੋਂ ਨਾਰੀ ਸਮਾਜਕ ਮੁੱਦਿਆਂ ਦੀ ਪ੍ਰਤਿਨਿਧਤਾ ਕਰਦੀ ਹੈ ਤਾਂ ਕੀ ਫਰਕ ਹੁੰਦਾ ਹੈ। (ਨਾਰੀਵਾਦ : ਸਿਧਾਂਤ ਚਿੰਤਨ, ਪੰਨਾ 9)

ਗ਼ੌਰਤਲਬ ਹੈ ਕਿ ਉਹ ਆਪਣੇ ਅਧਿਐਨ ਵਿਚ ਇਹਨਾਂ ਪੰਜ ਲਹਿਰਾਂ ਨੂੰ ਇਕ ਦੂਜੇ ਨਾਲੋਂ ਅਸਲੋਂ ਖੰਡਿਤ ਨਹੀਂ ਸਵੀਕਾਰਦੀ ਬਲਕਿ ਇਕ ਲਹਿਰ ਵਿੱਚੋਂ ਹੀ ਉਹ ਦੂਜੀ ਲਹਿਰ ਦਾ ਉਦੈ ਹੋਇਆ ਪਛਾਣਦੀ ਹੋਈ ਇਹਨਾਂਦਾ ਅਖੰਡ ਅਧਿਐਨ ਕਰਦੀ ਹੈ। ਇਕ ਤਰੀਕੇ

ਨਾਲ ਉਹ ਇਹਨਾਂ ਸਮਗ੍ਰ ਲਹਿਰਾਂ ਦਾ ਇਕਾਗਰ ਚਿੱਤ ਅਧਿਐਨ ਕਰਨ ਵਿਚ ਸਫ਼ਲ ਹੁੰਦੀ ਹੈ। ਉਸਦੇ ਅਧਿਐਨ ਦੀ ਮੂਲ ਪ੍ਰਾਪਤੀ ਇਹ ਹੈ ਕਿ ਉਹ ਨਾਰੀਵਾਦ ਨੂੰ ਇਹਨਾਂ ਲਹਿਰਾਂ ਤਕ ਮਹਿਦੂਦ ਕਰਕੇ ਹੀ ਨਹੀਂ ਵੇਖਦੀ/ਸਮਝਦੀ, ਬਲਕਿ ਉਹ ਨਾਰੀਵਾਦਦੇ ਸਿਧਾਂਤ ਚਿੰਤਨ ਅਤੇ ਲਹਿਰਾਂ ਦੀ ਅੰਤਰ-ਸੰਬੰਧਿਤਾਂ ਵਿੱਚੋਂ ਹੀ ਆਪਣੇ ਮੂਲ ਸੂਤਰ ਪੇਸ਼ ਕਰਨ ਦੀ ਹਾਮੀ ਬਣਦੀ ਹੈ। ਤਾਂ ਵੀ ਇਸ ਪੁਸਤਕ ਵਿਚ, ਕਿਉਂਕਿ ਉਸਦਾ ਮੂਲ ਉਦੇਸ਼ ਨਾਰੀਵਾਦੀ ਸਿਧਾਂਤ ਚਿੰਤਨ ਨੂੰ ਪ੍ਰਸਤੁਤ ਕਰਨਾ ਹੈ, ਨਾਰੀਵਾਦੀ ਸਿਧਾਂਤ ਚਿੰਤਨ ਨੂੰ ਅਗਰ ਭੂਮੀ ਵਿਚ ਜ਼ਰੂਰ ਰੱਖਦੀ ਹੈ। ਵਿਆਖਿਆ, ਵਿਸ਼ਲੇਸ਼ਣ ਅਤੇ ਮੁੱਲਾਂਕਣ ਉਹ ਜੁਗਤਾਂ ਹਨ ਜਿਨ੍ਹਾਂ ਦੀ ਮਦਦ ਨਾਲ ਉਹ ਇਸ ਸਾਰੇ ਕਾਰਜ ਨੂੰ ਅੰਜਾਮ ਤਕ ਪਹੁੰਚਾਉਂਦੀ ਹੈ।

ਨਾਰੀਵਾਦ : ਸਿਧਾਂਤ ਚਿੰਤਨ ਪੁਸਤਕ ਦੇ ਅਗਲੇ ਤਿੰਨ ਅਧਿਆਇਆਂ ਵਿਚ ਉਸਨੇ ਵਿਸ਼ੇਸ਼ ਕਰਕੇ ਪੱਛਮ ਵਿਚ ਪੈਦਾ ਹੋਏ ਨਾਰੀਵਾਦ ਨੂੰ ਸਿਲਸਿਲੇਵਾਰ ਪ੍ਰਸਤੁਤ ਕਰਕੇ ਨਾਰੀਵਾਦ ਦੇ ਮੁੱਢਲੇ ਯਤਨਾਂ ਨੂੰ ਸੂਤਰਿਕ ਰੂਪ ਵਿਚ ਪੇਸ਼ ਕੀਤਾ ਹੈ। ਇਥੇ ਉਹ ਨਾਰੀ ਦੀ ਹੋਂਦ ਸਥਿਤੀ ਅਤੇ ਚੇਤਨਾ ਸਥਿਤੀ ਦਾ ਤਾਰੀਖ਼ੀ ਨਜ਼ਰੀਏ ਤੋਂ ਜਾਇਜ਼ਾ ਲੈਂਦੀ ਹੋਈ ਪ੍ਰਸ਼ਨੋਤਰੀ ਵਿਧੀ ਰਾਹੀਂ ਇਹ ਪ੍ਰਸ਼ਨ ਉਠਾਉਂਦੀ ਹੈ ਕਿ ਜੇਕਰ ਮਰਦ ਆਜ਼ਾਦ ਹੈ ਤਾਂ ਔਰਤ ਕਿਉਂ ਗ਼ੁਲਾਮ ਹੈ? ਨਿਰਸੰਦੇਹ, ਇਥੇ ਵੀ ਉਹ ਨਾਰੀ ਦੀ ਆਜ਼ਾਦੀ ਦੇ ਸੰਕਲਪ ਨੂੰ ਮਹਿਜ਼ ਨਾਰੀ ਚਿੰਤਕਾਂ ਰਾਹੀਂ ਅੰਜਾਮ ਤਕ ਪਹੁੰਚਣ ਵਾਲੀ ਝੂਠੀ/ਅਧੂਰੀ ਚੇਤਨਾ ਦਾ ਸ਼ਿਕਾਰ ਨਹੀਂ ਹੁੰਦੀ ਬਲਕਿ ਇਸ ਆਜ਼ਾਦੀ ਦੇ ਸੰਘਰਸ਼ ਵਿਚ ਉਹ ਮਰਦ ਲੇਖਕਾਂ ਦੀ ਬਰਾਬਰ ਭੂਮਿਕਾ ਦੇ ਗੌਰਵ ਨੂੰ ਵੀ ਉਭਾਰਦੀ ਹੈ। ਦਰਅਸਲ ਇੱਥੇ ਉਹ ਮੁੱਢਲੇ ਨਾਰੀਵਾਦ ਵਿੱਚੋਂ ਔਰਤ-ਮਰਦ ਦੇ ਵਿਰੋਧ ਨਾਲੋਂ ਔਰਤ-ਮਰਦ ਦੇ ਅਧਿਕਾਰਾਂ ਦੀ ਸਮਾਨਤਾ ਦੇ ਨਕਸ਼ਾਂ ਨੂੰ ਪਛਾਣਦੀ ਹੈ। ਇਸ ਸੰਬੰਧ ਵਿਚ ਉਸਦੀਆਂ ਹੇਠ ਲਿਖੀਆਂ ਧਾਰਨਾਵਾਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ :

ਇਸ ਦੌਰ ਦਾ ਨਾਰੀਵਾਦ ਆਪਣੇ ਆਧਾਰ ਤੇ ਤਰਕ ਆਧੁਨਿਕ ਯੁਗ ਚੇਤਨਾਵਾਂ ਦੁਆਰਾ ਸਾਹਮਣੇ ਲਿਆਂਦੀ ਇਸ ਚੇਤਨਾ ਤੋਂ ਗ੍ਰਹਿਣ ਕਰਦਾ ਹੈ ਕਿ ਔਰਤ ਅਤੇ ਮਰਦ ਦੀ ਸਾਂਝੀ ਪਛਾਣ ਮਨੁੱਖੀ ਪਛਾਣ ਹੈ ਇਸ ਲਈ ਦੋਵੇਂ ਅਜ਼ਾਦੀ, ਸਮਾਨਤਾ ਦੇ ਬਰਾਬਰ ਦੇ ਹੱਕਦਾਰ ਹਨ। ਔਰਤ ਸਿਰਫ਼ ਔਰਤ ਹੋਣ ਕਰ ਕੇ ਅਧੀਨਗੀ ਵਿੱਚ ਨਹੀਂ ਰਹਿਣੀ ਚਾਹੀਦੀ, ਉਸਦਾ ਔਰਤ ਹੋਣਾ ਉਸਦੀ ਮਨੁੱਖੀ ਪਛਾਣ ਲਈ ਗ੍ਰਹਿਣ ਨਹੀਂ ਹੋਣਾ ਚਾਹੀਦਾ। ਨਾਰੀ ਚੇਤਨਾ ਨੇ ਇਹ ਸੋਝੀਆਂ ਭਾਵੇਂ ਆਧੁਨਿਕ ਯੁਗ ਚੇਤਨਾਵਾਂ ਅਤੇ ਲੋਕਤੰਤਰੀ ਸਰਗਰਮੀਆਂ ਤੋਂ ਅਰਜਿਤ ਕੀਤੀਆਂ ਸਨ, ਜਿਨ੍ਹਾਂ ਅਨੁਸਾਰ ਚੇਤਨਾ ਮਰਦ ਅਤੇ ਔਰਤ ਦੋਹਾਂ ਦਾ ਸਾਂਝਾ ਸਾਰ ਸੀ ਪਰ ਇਨ੍ਹਾਂ ਸੋਝੀਆਂ ਨੂੰ ਸਮਾਜਕ ਚੇਤਨਾ ਵਿੱਚ ਤਬਦੀਲ ਹੁੰਦੇ ਵੇਖਣ ਲਈ ਔਰਤਾਂ ਨੂੰ ਪ੍ਰਬੁੱਧਤਾ ਲਹਿਰ ਦੇ ਰਾਜਨੀਤਕ ਪ੍ਰਾਜੈਕਟ ਨੂੰ ਚੁਣੌਤੀ ਦੇਣੀ ਪਈ ਸੀ ਜਿਸਨੇ ਇੱਕ ਵਾਰ ਫੇਰ ਮਰਦ ਨੂੰ ਹੀ ਮਨੁੱਖ ਦਾ ਪਰਿਆਇ ਬਣਾ ਅਜ਼ਾਦੀ ਬਰਾਬਰੀ, ਭ੍ਰਾਤਰੀਅਤਾ ਦਾ ਸਾਰਾ ਗੌਰਵ ਮਰਦ ਨਮਿੱਤ ਕਰ ਲਿਆ ਸੀ। ਮੇਰੀ ਐਸਲ, ਗੂਗਸ, ਵੂਲਸਟੋਨਕ੍ਰਾਫਟ ਵਰਗੀਆਂ ਜਾਗਰੂਕ ਔਰਤਾਂ ਦੀ ਚੇਤਨਾ ਵਿੱਚੋਂ ਉਗਮਿਆ ਨਾਰੀ ਚਿੰਤਨ ਵਾਸਤਵ ਵਿੱਚ ਇਸੇ ਨਮਿੱਤਣ ਨੂੰ ਵੰਗਾਰ ਕੇ ਹੋਂਦ ਵਿੱਚ ਆਇਆ। (ਨਾਰੀਵਾਦ : ਸਿਧਾਂਤ ਚਿੰਤਨ, ਪੰਨਾ 40)

ਸਿਧਾਂਤਕਾਰੀ ਦੇ ਲਿਹਾਜ਼ ਨਾਲ ਇਸ ਦੌਰ ਦੇ ਨਾਰੀ ਚਿੰਤਨ ਵਿਚ ਔਰਤ ਦੇ ਬੌਧਿਕ, ਸਮਾਜਕ, ਆਰਥਕ ਵਿਕਾਸ ਤੇ ਲਾਈਆਂ ਰੋਕਾਂ, ਔਰਤ ਮਰਦ ਵਿਚਲੇ ਪੈਦਾਵਾਰੀ ਸੰਬੰਧਾਂ ਦੇ

ਪ੍ਰਜਣਨ ਸੰਬੰਧਾਂ ਵਿੱਚ ਤਬਦੀਲ ਹੋਣ ਦੀ ਗਾਥਾ ਜਾਂ ਔਰਤ ਪ੍ਰਤਿਭਾਵਾਂ ਦੇ ਘਾਤ ਦੀਆਂ ਬਾਤਾਂ ਔਰਤ ਦੀ ਗ਼ੁਲਾਮੀ ਦੇ ਪ੍ਰਵਚਨ ਨੂੰ ਦ੍ਰਿੜਾਉਂਦੀਆਂਹਨ। ਇਸ ਦੌਰ ਦਾ ਨਾਰੀਵਾਦੀ ਚਿੰਤਨ ਔਰਤ ਲਈ ਮਰਦ ਸਮਾਨ ਮੌਕੇ ਅਤੇ ਹੱਕਾਂ ਦੀ ਬਾਦਲੀਲ ਵਜਾਹਤ ਹੀ ਨਹੀਂ ਕਰਦਾ, ਮਰਦ ਔਰਤ ਸੰਬੰਧਾਂ ਵਿੱਚ ਮਰਦਾਂ ਨੂੰ ਔਰਤਾਂ ਉੱਪਰ ਮਿਲੀ ਤਾਕਤ ਨੂੰ ਬਦਲਾਉਣਾ/ ਸੁਧਾਰਨਾ ਚਾਹੁੰਦਾ ਹੈ। ਇਸ ਤਰ੍ਹਾਂ ਇਸ ਦੌਰ ਦੇ ਨਾਰੀਵਾਦ ਦਾ ਵਿਚਾਰਧਾਰਕ ਪੈਂਤੜਾ ਮਾਨਵਵਾਦੀ ਹੀ ਨਹੀਂ ਸੀ, ਇਸਦੀ ਪਹੁੰਚ, ਇਸਦਾ ਅਧਾਰ, ਇਸਦੀ ਅਪੀਲ ਵੀ ਵਿਸ਼ਵਵਿਆਪੀ ਸੀ। (ਨਾਰੀਵਾਦ : ਸਿਧਾਂਤ ਚਿੰਤਨ, ਪੰਨੇ 41-42)

ਆਪਣੇ ਸਮੁੱਚੇ ਅਧਿਐਨ ਦੌਰਾਨ ਉਹ ਕਿਧਰੇ ਵੀ ਪੱਖਪਾਤੀ ਦ੍ਰਿਸ਼ਟੀ ਦਾ ਸ਼ਿਕਾਰ ਨਹੀਂ ਹੁੰਦੀ। ਸਗੋਂ ਉਹ ਔਰਤ-ਮਰਦ ਦੀ ਬਰਾਬਰ ਜ਼ਿਮੇਵਾਰੀ ਵਾਲੇ ਸਿਹਤਯਾਬ ਮਾਨਵਵਾਦੀ ਨਜ਼ਰੀਏ ਨੂੰ ਆਪਣੇ ਅਧਿਐਨ ਦੇ ਅੰਗ-ਸੰਗ ਰੱਖਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸਾਰੀ ਪੁਸਤਕ ਵਿਚ ਪ੍ਰਸਤੁਤ ਸਿਧਾਂਤ ਚਿੰਤਨ ਦੀ ਤਹਿ ਹੇਠ ਨਾਰੀ ਨੂੰ ਵੀ ਮਨੁੱਖ ਸਮਝਣ ਵਾਲਾ ਨਜ਼ਰੀਆ ਕਿਰਿਆਸ਼ੀਲ ਰਹਿੰਦਾ ਹੈ। ਇਸ ਵਿਚਾਰ ਵਿਚ ਕੋਈ ਸੰਦੇਹ ਨਹੀਂ ਹੈ ਕਿ ਉਸਨੇ ਪੱਛਮ ਵਿਚ ਪੈਦਾ ਹੋਏ ਨਾਰੀਵਾਦ, ਨਾਰੀਵਾਦੀ ਚਿੰਤਕਾਂ (ਖ਼ਾਸ ਕਰਕੇ ਸਿਮੋਨ ਦ ਬੋਅਵਾਰ) ਅਤੇ ਲਹਿਰਾਂ ਨੂੰ ਤਾਂ ਨਿਠ ਕੇ ਘੋਖਿਆ ਹੈ। ਪਰੰਤੂ ਇਸ ਦੇ ਮੁਕਾਬਲੇ ਉਸਨੇ ਪੂਰਬੀ (ਭਾਰਤੀ) ਤੇ ਇਸਲਾਮਿਕ ਸਟੇਟਾਂ ਵਿਚਲੇ ਨਾਰੀਵਾਦ ਨੂੰ ਅਲਪ ਗੌਲਿਆ ਹੈ। ਮਿਸਾਲ ਦੇ ਤੌਰ ਉੱਪਰ ਨਿਵੇਦਿਤਾ ਮੈਨਨ, ਅਰੁੰਧਤੀ ਰਾਏ, ਕਮਲਾ ਭਸੀਨ, ਤਸਲੀਮਾ ਨਸਰੀਨ ਅਤੇ ਅਨੁਰਾਧਾ ਬੈਨੀਵਾਲ ਆਦਿ ਨਾਰੀ ਲੇਖਕ ਨਾਰੀਵਾਦ ਸਿੱਧਾਂਤ ਨੂੰ ਸਮਝਣ ਸਮਝਾਉਣ ਵਿਚ ਰੁੱਝੀਆਂ ਹੋਈਆਂ ਹਨ, ਇਹਨਾਂ ਨੂੰ ਵੀ ਵਿਚਾਰਾਧੀਨ ਲਿਆਂਦਾ ਜਾ ਸਕਦਾ ਸੀ।

ਇਸ ਪੁਸਤਕ ਵਿੱਚ ਡਾ.ਧਨਵੰਤ ਕੌਰ ਦੀ ਪ੍ਰਾਪਤੀ ਇਹ ਹੈ ਕਿ ਉਸਨੇ ਨਾਰੀਵਾਦ ਵਰਗੇ ਸਿਧਾਂਤ, ਜਿਸਨੂੰ ਵਿਸ਼ਵ ਦਰਸ਼ਨ ਵਿਚ ਸ਼ਾਮਿਲ ਇਸ ਕਰਕੇ ਨਹੀਂ ਕੀਤਾ ਜਾਂਦਾ ਸੀ ਕਿਉਂਕਿ ਇਸਨੂੰ ਨਾਰੀ ਪੱਖੀ ਦ੍ਰਿਸ਼ਟੀ ਤਕ ਮਹਿਦੂਦ ਮੰਨਿਆ ਜਾਂਦਾ ਸੀ, ਨੂੰ ਨਿਰਪੱਖਤਾ ਨਾਲ ਵਿਚਰਦੇ ਹੋਏ ਅੰਗੀਕਾਰ ਕੀਤਾ ਅਤੇ ਇਸਨੂੰ ਨਾਰੀ ਤਕ ਮਹਿਦੂਦ ਰਹਿ ਜਾਣ ਵਾਲੀ ਅਲਪ ਸਮਝ ਦੀ ਬਜਾਏ ਮਾਨਵਤਾ ਤਕ ਫੈਲਦੇ ਹੋਏ ਪਛਾਣਿਆ ਹੈ। ਪੰਜਾਬੀ ਨਾਰੀ ਚਿੰਤਨ ਦੀ ਦੁਨੀਆ ਵਿਚ ਉਸਨੇ ਪਹਿਲੀ ਵਾਰ ਇਸ ਸਿਧਾਂਤ ਨੂੰ ਚੰਗੀ ਤਰ੍ਹਾਂ ਨਿੱਠ ਕੇ ਸੰਜੀਦਗੀ, ਤਰਕਸ਼ੀਲਤਾ, ਪ੍ਰਸ਼ਨੋਤਰੀ ਸ਼ੈਲੀ, ਕਾਰਣ-ਕਾਰਜ ਸੰਬੰਧਾਂ ਦੀ ਵਿਧੀ, ਭੌਤਿਕਵਾਦੀ, ਸਮਾਜਵਾਦੀ, ਇਤਿਹਾਸਵਾਦੀ ਤੇ ਰਾਜਸੀ ਨਜ਼ਰੀਏ ਅਤੇ ਮਾਨਵਵਾਦੀ ਸੰਦਰਭਾਂ ਰਾਹੀਂ ਖੋਲ੍ਹਣ-ਫਰੋਲਣ ਦਾ ਯਤਨ ਕੀਤਾ ਹੈ। ਬੇਸ਼ੱਕ ਇਹ ਪੁਸਤਕ ਸਰਲ ਭਾਸ਼ਾ ਵਿਚ ਨਾਰੀਵਾਦੀ ਸਿਧਾਂਤ ਚਿੰਤਨ ਨੂੰ ਮੁਖ਼ਾਤਿਬ ਹੈ, ਪਰੰਤੂ ਇਸ ਵਿਚ ਅੰਗਰੇਜ਼ੀ ਭਾਸ਼ਾ ਦੇ ਕੁਝ ਇਕ ਉਹ ਸ਼ਬਦ ਜ਼ਰੂਰ ਰੜਕਦੇ ਹਨ, ਜਿਨ੍ਹਾਂ ਦੇ ਸਾਡੇ ਕੋਲ ਪੰਜਾਬੀ ਭਾਸ਼ਾ ਵਿਚ ਵੀ ਸ਼ਬਦ ਤੇ ਅਰਥ ਮੌਜੂਦ ਹਨ। ਇਥੇ ਪੰਜਾਬੀ ਭਾਸ਼ਾ ਦੇ ਉਹਨਾਂ ਸ਼ਬਦਾਂ ਦੀ ਵਰਤੋਂ ਕਰਕੇ ਪੁਸਤਕ ਦੇ ਪ੍ਰਭਾਵ ਵਿਚ ਇਜ਼ਾਫ਼ਾ ਕੀਤਾ ਜਾ ਸਕਦਾ ਸੀ। ਇਸੇ ਤਰ੍ਹਾਂ ਸਾਹਿਤ ਅਧਿਐਨ ਦੇ ਮਹੱਤਵਪੂਰਨ ਅਨੁਸ਼ਾਸਨਖੋਜ ਦੇ ਵਿਧੀ ਵਿਧਾਨ ਵਿਚਲੇ ਸਹਾਇਕ ਸੰਦਾਂ ਖ਼ਾਸ ਕਰਕੇ ਹਵਾਲੇ ਅਤੇ ਪੁਸਤਕ-ਸੂਚੀ ਦੀ ਢੁਕਵੀਂ ਵਰਤੋਂ ਨਾਲ ਵੀ ਇਸ ਅਧਿਐਨ ਕਾਰਜ ਨੂੰ ਹੋਰ ਪੁਖ਼ਤਾ ਬਣਾਇਆ ਜਾ ਸਕਦਾ ਸੀ। ਬਾਵਜੂਦ ਇਸਦੇ ਡਾ. ਧਨਵੰਤ ਕੌਰ ਦੇ ਨਾਰੀਵਾਦੀ ਸਿਧਾਂਤ ਚਿੰਤਨ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ

ਸਮਗ੍ਰ ਅਧਿਐਨ ਦੌਰਾਨ ਔਰਤ ਦੀ ਮਰਦ ਅਧੀਨਗੀ, ਔਰਤ ਦੀ ਸਵੈ ਪਛਾਣ, ਔਰਤ-ਮਰਦ ਵਿਰੋਧ ਤੋਂ ਅੱਗੇ ਔਰਤ-ਮਰਦ ਦੇ ਸੰਵਾਦ ਦੀ ਦ੍ਰਿਸ਼ਟੀ ਉੱਪਰ ਵਿਸ਼ੇਸ਼ ਬਲ ਦਿੰਦੀ ਹੈ। ਸੰਵਾਦ ਹੀ ਉਹ ਵਿਧੀ ਹੈ ਜਿਸ ਰਾਹੀਂ ਮਰਦ ਤੇ ਔਰਤ ਆਜ਼ਾਦ ਵਿਚਰ ਸਕਦੇ ਹਨ। ਨਿਰਸੰਦੇਹ, ਉਹ ਔਰਤ ਦੀ ਆਜ਼ਾਦੀ ਨੂੰ ਔਰਤ-ਮਰਦ ਨਿਰਪੇਖਤਾ ਦੀ ਥਾਵੇਂ ਸਾਪੇਖਤਾ ਵਿੱਚੋਂ ਤਲਾਸ਼ਦੀ ਹੈ। ਇਸੇ ਕਰਕੇ ਉਹ ਔਰਤ ਦੀ ਆਜ਼ਾਦੀ ਦੇ ਸੰਘਰਸ਼ ਨੂੰ ਮਹਿਜ਼ ਔਰਤ ਤਕ ਮਹਿਦੂਦ ਨਹੀਂ ਕਰਦੀ ਬਲਕਿ ਔਰਤ-ਮਰਦ ਦੇ ਸਾਂਝੇ ਸੰਘਰਸ਼ ਵਜੋਂ ਤਸੱਵੁਰ ਕਰਦੀ ਹੈ। ਨਾਲ ਹੀ ਇਸ ਅਧਿਐਨ ਦੌਰਾਨ ਉਸਦਾ ਦ੍ਰਿੜ ਵਿਸ਼ਵਾਸ ਹੈ ਕਿ ਮਨੁੱਖ ਜੋ ਵੀ ਬਣਦਾ ਹੈ ਉਸ ਪਿੱਛੇ ਕੋਈ ਤਲਿਸਮੀ/ਗ਼ੈਬੀ ਸ਼ਕਤੀ ਦਾ ਹੱਥ ਨਹੀਂ ਹੁੰਦਾ, ਬਲਕਿ ਉਸਦੇ ਰੋਜ਼ਾਨਾ ਜੀਵਨ ਦਾ ਅਭਿਆਸ ਹੀ ਉਸਨੂੰ ਸਭ ਕੁਝ ਬਣਾਉਂਦਾ ਹੈ। ਇਸੇ ਆਧਾਰ ਉੱਪਰ ਉਸਦਾ ਮੰਨਣਾ ਹੈ ਕਿ ਔਰਤ ਨੂੰ ਜੇਕਰ ਠੀਕ ਮੌਕੇ ਅਤੇ ਅਭਿਆਸ ਕਰਨ ਦਾ ਢੁੱਕਵਾਂ ਸਮਾਂ ਮਿਲੇ ਤਾਂ ਉਹ ਵੀ ਹਰ ਖੇਤਰ ਵਿਚ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂਹ ਸਕਦੀ ਹੈ। ਡਾ. ਧਨਵੰਤ ਕੌਰ ਨੇ ਇਸ ਪੁਸਤਕ ਵਿਚ ਨਾਰੀਵਾਦ ਦੇ ਸਿਧਾਂਤ ਚਿੰਤਨ ਨੂੰ ਕਿਸੇ ਪਰਾਭੌਤਿਕ ਜ਼ਾਵੀਏ ਤੋਂ ਵੇਖਣ ਦੀ ਬਜਾਇ ਨਾਰੀਵਾਦ ਦੇ ਮਸਲੇ ਨੂੰ ਭੌਤਿਕ ਦ੍ਰਿਸ਼ਟੀ ਤੋਂ ਸਮਝਣ-ਸਮਝਾਉਣ ਦਾ ਸਫ਼ਲ ਯਤਨ ਕੀਤਾ ਹੈ। ਇਸ ਵਿਚ ਉਸਦਾ ਮਰਦ ਵਾਂਗ ਨਾਰੀ ਨੂੰ ਵੀ ਮਨੁੱਖ ਸਮਝਣ ਵਾਲਾ ਮਾਨਵਵਾਦੀ ਨਜ਼ਰੀਆਂ ਸਾਫ਼-ਸ਼ਫ਼ਾਫ਼ ਝਲਦਾ ਹੈ ਜਿਹੜਾ ਕਿ ਅੱਜ ਦੇ ਬਾਜ਼ਾਰੂ ਭਾਂਤ ਦੇ ਚਿੰਤਨ ਵਿਚ ਦੁਰਲੱਭ ਸ਼ੈਅ ਹੋ ਗਿਆ ਹੈ। ਨਿਸ਼ਚੇ ਹੀ ਇਹ ਪੁਸਤਕ ਨਾਰੀਵਾਦ ਸਿਧਾਂਤ ਚਿੰਤਨ ਦੇ ਖੇਤਰ ਵਿਚ ਮੌਲਿਕ ਵਾਧਾ ਕਰਦੀ ਹੈ।


## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। —ਰਜਨੀਸ਼ ਬਹਾਦਰ ਸਿੰਘ

# ਕਹਾਣੀ ਪੜ੍ਹਤ

(***ਪ੍ਰਵਚਨ 91*** ਵਿਚ ਪ੍ਰਕਾਸ਼ਿਤ ਪੰਜਾਬੀ ਕਹਾਣੀਆਂ ਦੇ ਆਧਾਰ ’ਤੇ)

***-ਡਾ. ਮੇਘਾ ਸਲਵਾਨ***

ਸਾਹਿਤ, ਸਿੱਖਿਆ ਅਤੇ ਸਭਿਆਚਾਰ ਨੂੰ ਸਮਰਪਿਤ ਤ੍ਰੈਮਾਸਿਕ ਪਤ੍ਰਿਕਾ **ਪ੍ਰਵਚਨ** ਦੀ ਪੁਸਤਕ ਲੜੀ 91 ਵਿਚ ਕੁਝ ਨਵੀਆਂ ਕਹਾਣੀਆਂ ਕ੍ਰਮਵਾਰ ਮਹਿੰਦਰਪਾਲ ਸਿੰਘ ਧਾਲੀਵਾਲ ਰਚਿਤ ‘ਡਾਰੋਂ ਵਿਛੜੀ ਕੂੰਜ’, ਹਰਮੇਸ਼ ਮਾਲੜੀ ਰਚਿਤ ‘ਹੁਣ ਕੀ ਹੋਇਆ’, ਸੁਰਿੰਦਰ ਨੀਰ ਹੋਰਾਂ ਦੀ ‘ਟੌਫੀਆਂ ਦਾ ਹਾਰ’ ਅਤੇ ਜੋਗੇ ਭੰਗਲ ਰਚਿਤ ‘ਉਹ ਆਟੇ ਦੀ ਚਿੜੀ ਨਹੀਂ ਸੀ’ ਨੂੰ ਪ੍ਰਕਾਸ਼ਿਤ ਕੀਤਾ ਗਿਆ। ਇਹਨਾਂ ਕਹਾਣੀਆਂ ਨੇ **ਪ੍ਰਵਚਨ** ਪਤ੍ਰਿਕਾ ਦੇ ਸੰਪਾਦਕੀ ਤੇ ਸਲਾਹਕਾਰ ਬੋਰਡ ਵੱਲੋਂ ਨਿਰਧਾਰਿਤ ਚੋਣ ਪ੍ਰਕਿਰਿਆ ਵਿਚੋਂ ਗੁਜ਼ਰਦਿਆਂ ਹੋਇਆਂ ਆਪਣਾ ਸਥਾਨ ਸੁਨਿਸ਼ਚਿਤ ਕੀਤਾ। ਪਤ੍ਰਿਕਾ ਦੇ ਸਲਾਹਕਾਰ ਬੋਰਡ ਦੀਆਂ ਸਿਫ਼ਾਰਿਸ਼ਾਂ ਤਹਿਤ ਇਸ ਦੇ ਸੰਪਾਦਕੀ ਬੋਰਡ ਵੱਲੋਂ ਇਹ ਫ਼ੈਸਲਾ ਲਿਆ ਗਿਆ ਕਿ ਪ੍ਰਵਚਨ ਦੇ ਅਗਲੇਰੇ ਅੰਕ ਵਿਚ ਉਪਰੋਕਤ ਚੁਣੀਆਂ ਗਈਆਂ ਕਹਾਣੀਆਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰਿਆ ਜਾਵੇਗਾ ਅਤੇ **ਪ੍ਰਵਚਨ** ਭਵਿੱਖ ਵਿਚ ਵੀ ਇਸੇ ਰੁਝਾਨ ਨੂੰ ਅਪਣਾਵੇਗਾ, ਤਾਂ ਜੋ ਜਿੱਥੇ ਇਕ ਪਾਸੇ ਪਾਠਕ ਦੀ ਸਮਕਾਲੀ ਸਾਹਿਤ ਨਾਲ ਸਾਂਝ ਸਥਾਪਿਤ ਹੋ ਸਕੇ, ਉਥੇ ਦੂਜੇ ਪਾਸੇ ਉਸਨੂੰ ਇਸਦੇ ਕੱਦ-ਕਾਠ ਦੀ ਵੀ ਸਹਿਜੇ ਅਨੁਭੂਤੀ ਹੋ ਸਕੇ। ਹੱਥਲਾ ਪਰਚਾ ਇਸੇ ਰੁਚੀ ਤਹਿਤ ਉਪਰੋਕਤ ਕਹਾਣੀਆਂ ਦਾ ਅਧਿਐਨ ਪ੍ਰਸਤੁਤ ਕਰਦਾ ਹੈ।

ਵਿਚਾਰ ਅਧੀਨ ਚਾਰੇ ਕਹਾਣੀਆਂ (ਡਾਰੋਂ ਵਿਚਲੀ ਕੂੰਜ, ਹੁਣ ਕੀ ਹੋਇਆ, ਟੌਫੀਆਂ ਦਾ ਹਾਰ, ਉਹ ਆਟੇ ਦੀ ਚਿੜੀ ਨਹੀਂ ਸੀ) ਦੀ ਸਾਂਝੇ ਰੂਪ ਵਿਚ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਦੇ ਪਾਠ ਵਿਚੋਂ ਗੁਜ਼ਰਨ ਉਪਰੰਤ ਪਾਠਕ ਇਕ ਵਾਰ ਪਿਛਾਂਹ ਪਰਤਦਾ ਹੈ, ਇਹ ਜਾਣਨ ਲਈ ਕਿ ਇਹਨਾਂ ਦਾ ਰਚੈਤਾ ਕੌਣ ਹੈ? ਪਾਠਕ ਦੇ ਧੁਰ ਅੰਦਰ ਪੈਦਾ ਹੋਈ ਜਾਣਨ ਦੀ ਇਹ ਉਤਸੁਕਤਾ ਇਹਨਾਂ ਕਹਾਣੀਆਂ ਨੂੰ ਖ਼ਾਸ ਬਣਾਉਂਦੀ ਹੈ। ਇਹਨਾਂ ਦੇ ਮਿਆਰ ਨੂੰ ਉਤਾਂਹ ਚੁੱਕਦੀ ਹੈ। ਮੌਜੂਦਾ ਸਮੇਂ ਵਿਚ ਜਦੋਂ ਬਹੁ-ਕਲਮਾਂ ਕਹਾਣੀ ਦੇ ਖੇਤਰ ਵਿਚ ਨਿਰੰਤਰ ਕਰਮਸ਼ੀਲ ਹਨ, ਉਦੋਂ ਉਪਰੋਕਤ ਖ਼ੂਬੀ ਹੋਰ ਵੀ ਵਿਸ਼ੇਸ਼ ਹੋ ਜਾਂਦੀ ਹੈ। ਆਮ ਤੌਰ ਉੱਤੇ ਜਦ ਵੀ ਕਿਸੇ ਲਿਖਤ ਨਾਲ ਕੋਈ ਉਘੜਵਾਂ ਹਸਤਾਖ਼ਰ ਟੰਗਿਆ ਹੁੰਦਾ ਹੈ ਤਾਂ ਪਾਠਕ ਕਹਾਣੀ ਪਾਠ ਤੋਂ ਪਹਿਲਾਂ ਹੀ ਕਿਤੇ ਨਾ ਕਿਤੇ ਕਹਾਣੀ ਦੇ ਮਿਆਰ ਸੰਬੰਧੀ ਪੂਰਵ-ਧਾਰਣਾ ਦਾ ਸ਼ਿਕਾਰ ਹੋ ਬੈਠਦਾ ਹੈ। ਇੰਜ ਉਹ ਰਚੈਤਾ ਤੋਂ ਰਚਨਾ ਵੱਲ ਅਗਾਂਹ ਤੁਰਦਾ ਹੈ ਅਤੇ ਇਸ ਸਫ਼ਰ ਉੱਤੇ ਰਚਨਾ ਨੂੰ ਰਚੈਤਾ ਦੀ ਉਘੜਵੀਂ ਪਛਾਣ ਦੀ ਮੋਹਰ ਸਦਕਾ ਅਜਿਹੀ ਪ੍ਰਸਿੱਧੀ, ਪ੍ਰਸ਼ੰਸਾ ਪ੍ਰਾਪਤ ਹੋ ਜਾਂਦੀ ਹੈ ਜਿਸਦੀ ਉਹ ਕਈ ਵਾਰ ਹੱਕਦਾਰ ਵੀ ਨਹੀਂ ਹੁੰਦੀ। ਠੀਕ ਇਸ ਦੇ ਵਿਪਰੀਤ ਵਾਪਰਦਾ ਹੈ ਜਦ ਰਚਨਾ ਕਿਸੇ ਨਾਮਚੀਨ ਕਲਮਕਾਰ ਦੀ ਨਹੀਂ ਹੁੰਦੀ। ਕਿਉਂਕਿ ਅਜਿਹੀ ਸਥਿਤੀ ਵਿਚ ਰਚਨਾ ਸਿਰਫ਼ ਆਪਣੇ ਪੈਰਾਂ ਉੱਤੇ ਖੜ੍ਹੀ ਹੁੰਦੀ ਹੈ। ਵਿਚਾਰਅਧੀਨ ਕਹਾਣੀਆਂ ਦੇ ਸੰਬੰਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇੱਥੇ ਪਾਠਕ, ਰਚੈਤਾ ਤੋਂ ਰਚਨਾ ਵੱਲ ਅਗਾਂਹ ਨਹੀਂ ਵੱਧਦਾ, ਬਲਕਿ ਰਚਨਾ ਤੋਂ ਰਚੈਤਾ ਵੱਲ ਨੂੰ ਪਿਛਾਂਹ ਪਰਤਦਾ ਹੈ। ਇੰਜ ਇਹਨਾਂ ਕਹਾਣੀਆਂ ਦੇ ਕਹਾਣੀਕਾਰ, ਕਹਾਣੀ ਦੀ ਪਛਾਣ ਨਹੀਂ ਬਣਦੇ, ਬਲਕਿ ਉਹਨਾਂ ਦੁਆਰਾ

ਰਚਿਤ ਕਹਾਣੀਆਂ ਉਹਨਾਂ ਦੀ ਪਛਾਣ ਬਣਦੀਆਂ ਹਨ।

ਕਿਸੇ ਵੀ ਸਿਰਜਣਸ਼ੀਲ ਪਰੰਪਰਾ ਵਿਚ ਆਪਣਾ ਸੰਦਰਭ ਅਤੇ ਆਪਣੇ ਤਰਕ ਹੁੰਦਾ ਹੈ। ਇਤਿਹਾਸ ਦਾ ਹਰ ਨਵਾਂ ਦੌਰ ਮਨੁੱਖਤਾ ਲਈ ਨਵੇਂ ਸਰੋਕਾਰ, ਨਵੀਆਂ ਚੁਣੌਤੀਆਂ ਲੈ ਕੇ ਆਉਂਦਾ ਹੈ। ਪੰਜਾਬੀ ਕਹਾਣੀ ਆਧੁਨਿਕ ਦੌਰ ਵਿਚ ਪੰਜਾਬੀ ਚਿੰਤਨ ਤੇ ਚੇਤਨਾ ਦੇ ਇਤਿਹਾਸ ਦੇ, ਪੰਜਾਬੀ ਰਹਿਤਲ ਦੇ ਸਰੋਕਾਰਾਂ ਅਤੇ ਵੰਗਾਰਾਂ ਤੇ ਪੰਜਾਬੀ ਸਮਰੱਥਾ ਦੀਆਂ ਦਿਲਚਸਪੀਆਂ ਅਤੇ ਸੰਭਾਵਨਾਵਾਂ ਦੇ ਇਕ ਸ਼ਕਤੀਸ਼ਾਲੀ ਉਚਾਰ ਵਜੋਂ ਸਥਾਪਿਤ ਹੋ ਚੁੱਕੀ ਹੈ। ਇੱਕੀਵੀਂ ਸਦੀ ਦੀਆਂ ਸੰਭਾਵੀਂ ਚੁਣੌਤੀਆਂ ਸਨਮੁੱਖ ਪੰਜਾਬੀ ਕਹਾਣੀ ਦਾ ਜਾਇਜ਼ਾ ਲੈਣ ਲਈ ਜਿੱਥੇ ਸਾਨੂੰ ਸਮਕਾਲ ਵਿਚ ਵਿਗਸਦੇ ਰੁਝਾਨਾਂ ਅਤੇ ਸਰੋਕਾਰਾਂ ਉੱਤੇ ਫੋਕਸ ਕਰਨਾ ਪਵੇਗਾ, ਉਥੇ ਪੰਜਾਬੀ ਕਹਾਣੀ ਦੀ ਬੋਧ ਪ੍ਰਵਿਰਤੀ ਅਤੇ ਰਚਨਾਤਮਕ ਦਮ ਨੂੰ ਵੀ ਵਿਚਾਰਨਾ ਹੋਵੇਗਾ। ਇੱਕੀਵੀਂ ਸਦੀ ਵਿਚ ਬਿਰਤਾਂਤਕ ਸੰਚਾਰ ਦੇ ਪੱਖੋਂ ਪੰਜਾਬੀ ਕਹਾਣੀ ਲਈ ਸ਼ਾਇਦ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਸ ਨੇ ਇਕੋ ਵੇਲੇ ਆਪਣੀ ਹੋਂਦ ਵੀ ਬਣਾਈ ਰੱਖਣੀ ਹੈ ਤੇ ਆਪਣੀ ਸੰਚਾਰਯੋਗਤਾ ਨੂੰ ਵੀ ਵਧਾਉਣਾ ਹੈ।[1]

ਵਿਚਾਰ ਅਧੀਨ ਕਹਾਣੀਆਂ ਰਚਨਾਤਮਕ ਪੱਧਰ ਉੱਤੇ ਵਿਅਕਤੀ ਦੇ ਮਾਧਿਅਮ ਨਾਲ ਸਮਾਜਕ ਪਰਿਵੇਸ਼ ਦੀ ਵਿਆਪਕਤਾ ਨੂੰ ਫੜਨ ਦੀ ਕੋਸ਼ਿਸ਼ ਵਿਚ ਹਨ। ਫਿਰ ਇਹ ਵਿਚਾਰ ਦੀ ਪੱਧਰ ਉੱਤੇ ਨਹੀਂ, ਬਲਕਿ ਅਨੁਭਵ ਦੀ ਪੱਧਰ ਉੱਤੇ ਸਮਾਜਕ ਪਰਿਵੇਸ਼ ਦਾ ਬੋਧ ਕਰਵਾ ਰਹੀਆਂ ਹਨ। ਬਦਲਦੇ ਮਾਨਵੀ ਅਤੇ ਸਮਾਜੀ ਪਰਿਪੇਖ ਨੂੰ ਉਲੀਕ ਰਹੀਆਂ ਹਨ। ਇਹ ਪਰਿਵੇਸ਼ ਦੇ ਮਾਧਿਅਮ ਨਾਲ ਵਿਅਕਤੀ ਤੇ ਵਿਅਕਤੀ ਦੇ ਮਾਧਿਅਮ ਨਾਲ ਪਰਿਵੇਸ਼ ਦੀ ਬਿੰਬ ਉਸਾਰੀ ਕਰ ਰਹੀਆਂ ਹਨ। ਇਹ ਕਹਾਣੀਆਂ ਇਕ ਪਾਸੇ ਸਮਕਾਲੀ ਸਮਾਜਕ ਯਥਾਰਥ ਨੂੰ ਉਘਾੜਦੀਆਂ ਹਨ, ਉਥੇ ਦੂਜੇ ਪਾਸੇ ਇਸ ਵਿਚ ਵਿਚਰ ਰਹੇ ਵਿਅਕਤੀ ਦੇ ਨਕਸ਼ਾਂ ਨੂੰ ਉਘਾੜ ਕੇ ਮਨੁੱਖੀ ਮਾਨਸਿਕਤਾ ਦੇ ਡੂੰਘੇ ਧਰਾਤਲ ਤੱਕ ਅਪੜਣ ਦੀ ਕੋਸ਼ਿਸ਼ ਵਿਚ ਹਨ। ਅਜਿਹਾ ਕਰਦਿਆਂ ਇਹ ਕਹਾਣੀਆਂ ਵਰਤਮਾਨ ਦੀ ਦਸ਼ਾ ਤੇ ਦਿਸ਼ਾ, ਇਸ ਨੂੰ ਦਰਪੇਸ਼ ਚੁਣੌਤੀਆਂ, ਭਵਿੱਖੀ ਖ਼ਤਰਿਆਂ ਅਤੇ ਇਹਨਾਂ ਦੇ ਸੰਭਾਵਿਤ ਸਮਾਧਾਨ ਆਦਿ ਅਹਿਮ ਸਰੋਕਾਰਾਂ ਨੂੰ ਮੁਖ਼ਾਤਿਬ ਹਨ। ਇਹਨਾਂ ਕਹਾਣੀਆਂ ਦੀ ਸੰਚਾਰ ਸਮਰੱਥਾ ਕਰਕੇ ਇਹ ਇਕੋ ਵੇਲੇ ਬੀਤੇ, ਵਰਤਮਾਨ ਅਤੇ ਭਵਿੱਖ ਦਾ ਦ੍ਰਿਸ਼ ਸਾਕਾਰ ਕਰ ਬਹੁਪਰਤੀ ਹੋ ਨਿਬੜਦੀਆਂ ਹਨ। ਇਹ ਕਹਾਣੀਆਂ ਬਹੁਪਰਤੀ ਜ਼ਰੂਰ ਹਨ, ਪਰੰਤੂ ਜਟਿਲ ਨਹੀਂ। ਮਸਲੇ ਬੋਝਲ ਜ਼ਰੂਰ ਹਨ, ਪਰੰਤੂ ਅਭਿਵਿਅਕਤੀ ਵਿਚ ਬੋਝਲਤਾ ਨਹੀਂ। ਇਹਨਾਂ ਵਿਚੋਂ ਗੰਭੀਰ ਪ੍ਰਸ਼ਨ ਜ਼ਰੂਰ ਸਿਰ ਉਠਾਉਂਦੇ ਹਨ, ਪਰ ਨਾਲ ਹੀ ਆਪਣੇ ਕਲਾਵੇ ਵਿਚ ਉੱਤਰ ਵੀ ਲਕੋਈ ਬੈਠੇ ਹਨ। ਇਹ ਕਹਾਣੀਆਂ ਪਾਠਕ ਨੂੰ ਉਤੇਜਿਤ ਨਹੀਂ ਕਰਦੀਆਂ, ਬਲਕਿ ਸੁਚੇਤ ਜ਼ਰੂਰ ਕਰਦੀਆਂ ਹਨ। ਉਸਨੂੰ ਭਟਕਾਉਂਦੀਆਂ ਨਹੀਂ, ਰਾਹ ਦਿਸੇਰਾ ਬਣਦੀਆਂ ਹਨ। ਉਪਰੋਕਤ ਸਭ ਸੰਭਵ ਹੋ ਪਾਉਂਦਾ ਹੈ, ਕਹਾਣੀਕਾਰ ਦੀ ਸੰਤੁਲਿਤ ਰਚਨਾ ਦ੍ਰਿਸ਼ਟੀ ਅਤੇ ਪਹੁੰਚ ਸਦਕਾ। ਇਹੀ ਵਜ੍ਹਾ ਹੈ ਕਿ ਸਹਿਜ ਤੋਰ ਤੁਰਦਿਆਂ ਇਹ ਚਾਰੇ ਕਹਾਣੀਆਂ ਕਿਤੇ ਵੀ ਪਾਠਕ ਨੂੰ ਅਸਹਿਜ ਨਹੀਂ ਹੋਣ ਦਿੰਦੀਆਂ।

ਇਹ ਸਮੱਗਰ ਕਹਾਣੀਆਂ ਮੌਜੂਦਾ ਸਮੇਂ ਦੇ ਬੇਹੱਦ ਸੰਜੀਦਾ ਸਰੋਕਾਰਾਂ ਨੂੰ ਜ਼ੁਬਾਨ ਦੇ ਰਹੀਆਂ ਹਨ। ਮਹਿੰਦਰਪਾਲ ਸਿੰਘ ਧਾਲੀਵਾਲ ਦੀ ਕਹਾਣੀ 'ਡਾਰੋਂ ਵਿਛੜੀ ਕੂੰਜ' ਪੱਛਮੀ ਪਰਿਵੇਸ਼ ਨੂੰ ਗਲਪੀ ਧਰਾਤਲ ਉੱਤੇ ਸਾਕਾਰ ਕਰਦੀ ਹੋਈ ਉਸ ਵਿਵਸਥਾ ਉੱਤੇ ਪ੍ਰਸ਼ਨ ਚਿੰਨ੍ਹ

ਲਗਾਉਂਦੀ ਹੈ ਜੋ ਅਵਿਵਸਥਾ ਦੀ ਪੈਦਾਇਸ਼ ਦਾ ਕਾਰਨ ਬਣ ਰਹੀ ਹੈ। ਵਿਅਕਤੀਗਤ ਆਜ਼ਾਦੀ ਦੇ ਨਾਮ ਉੱਤੇ ਖੁੱਲ੍ਹ ਕੇ ਭੋਗਣ ਤੇ ਮਾਨਣ ਦੀ ਰੁਚੀ ਜਿਸ ਕਿਸਮ ਦੇ ਰਿਸ਼ਤਿਆਂ ਨੂੰ ਜਨਮ ਦੇ ਰਹੀ ਹੈ, ਉਸ ਵਿਚ ਵਿਅਕਤੀ ਦੀ ਹੋਂਦ ਉੱਤੇ ਹੀ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ। ਕਹਾਣੀ ਦਾ ਸਿਰਲੇਖ 'ਡਾਰੋਂ ਵਿਛੜੀ ਕੂੰਜ' ਸੰਕੇਤਕ ਅੰਦਾਜ਼ ਵਿਚ ਪਰਿਵਾਰ ਵਿਹੂਣੇ ਉਸ ਵਿਅਕਤੀ ਦੀ ਮਾਰਮਿਕ ਸਥਿਤੀ ਦਾ ਬੋਧ ਕਰਵਾ ਰਿਹਾ ਹੈ ਜੋ ਦਿਸ਼ਾਹੀਨ ਹੈ। ਕਹਾਣੀ ਵਿਚ ਐਂਜਲਾ ਨਾਮ ਦੀ ਪਾਤਰ ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚ ਹੈ। ਐਂਜਲਾ ਉੱਤੇ ਆਪਣੇ ਦੋਸਤ ਐਂਡੀ ਉੱਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਦਾ ਮੁਕੱਦਮਾ ਚੱਲ ਰਿਹਾ ਹੈ। ਇਸ ਮੁਕੱਦਮੇ ਦੌਰਾਨ ਐਂਜਲਾ ਨੇ ਆਪਣੀ ਵਕੀਲ ਲਿਜ਼ੀ ਨੂੰ ਆਪਣੇ ਬਚਾਅ ਲਈ ਕੋਈ ਰਾਹ ਨਹੀਂ ਸੀ ਦਿੱਤਾ। ਨਤੀਜਤਨ ਉਸ ਨੂੰ ਛੇ ਸਾਲ ਕੈਦ ਬਾ-ਮੁਸ਼ੱਕਤ ਦਾ ਹੁਕਮ ਸੁਣਾਇਆ ਜਾਂਦਾ ਹੈ। ਸਜ਼ਾ ਮਿਲਣ ਉੱਤੇ ਐਂਜਲਾ ਦੇ ਚਿਹਰੇ ਉੱਤੇ ਉਦਾਸੀ ਦੀ ਥਾਂ ਖੁਸ਼ੀ ਦੀ ਲਹਿਰ ਵੇਖ ਕੇ ਲਿਜ਼ੀ ਹੈਰਾਨ ਪਰੇਸ਼ਾਨ ਹੋ ਜਾਂਦੀ ਹੈ। ਐਂਜਲਾ ਦਾ ਲਿਜ਼ੀ ਨੂੰ ਇਹ ਕਹਿਣਾ, "ਸੱਚ ਪੁੱਛੋਂ ਤਾਂ ਜੇਲ੍ਹ ਬਾਹਰ ਨਾਲੋਂ ਕਿਤੇ ਚੰਗੀ ਥਾਂ ਐ।"[2] ਲਿਜ਼ੀ ਲਈ ਕਈ ਪ੍ਰਸ਼ਨ ਖੜ੍ਹੇ ਕਰ ਜਾਂਦਾ ਹੈ। ਉਹ ਐਂਜਲਾ ਦੇ ਇਸ ਅਸਾਧਾਰਨ ਵਤੀਰੇ ਦੇ ਕਾਰਨਾਂ ਤੱਕ ਪਹੁੰਚ ਕਰਨਾ ਲੋਚਦੀ ਹੈ। ਐਂਜਲਾ ਨਾਮ ਦੀ ਬੁਝਾਰਤ ਨੂੰ ਬੁੱਝਣਾ ਚਾਹੁੰਦੀ ਹੈ। ਲਿਜ਼ੀ ਨੂੰ ਆਪਣੇ ਯਤਨਾਂ ਵਿਚ ਉਦੋਂ ਸਫ਼ਲਤਾ ਮਿਲਦੀ ਹੈ ਜਦ ਐਂਜਲਾ ਵੱਲੋਂ ਉਸ ਨੂੰ ਆਪਣੇ ਬੀਤੇ ਬਾਰੇ ਖ਼ਤ ਲਿਖਿਆ ਜਾਂਦਾ ਹੈ। ਇੱਥੋਂ ਕਹਾਣੀ ਬਿਰਤਾਂਤ ਚਿੱਠੀ ਦੀ ਜੁਗਤ ਰਾਹੀਂ ਅਗਾਂਹ ਵੱਧਦਾ ਹੋਇਆ ਐਂਜਲਾ ਦੇ ਅਤੀਤ ਉੱਤੇ ਝਾਤੀ ਪਾਉਂਦਾ ਹੈ। ਘਟਨਾਕ੍ਰਮ ਪਰਤ ਦਰ ਪਰਤ ਕੁਝ ਇਉਂ ਖੁੱਲ੍ਹਦਾ ਜਾਂਦਾ ਹੈ : ਐਂਜਲਾ ਆਪਣੇ ਮਾਪਿਆਂ ਦੀ ਗੋਦ ਲਈ ਹੋਈ ਬੇਟੀ ਹੈ, ਜਲਦ ਹੀ ਐਂਜਲਾ ਦੇ ਮਾਤਾ-ਪਿਤਾ ਦਰਮਿਆਨ ਅਲਹਦਿਗੀ ਹੋ ਜਾਂਦੀ ਹੈ। ਉਹ ਦੋਵੇਂ ਆਪਣੀ-ਆਪਣੀ ਜ਼ਿੰਦਗੀ ਵਿਚ ਨਿੱਤ ਨਵੇਂ ਆਉਣ ਵਾਲੇ ਪਾਰਟਨਰ ਨਾਲ ਮਸਰੂਫ਼ ਹੋ ਜਾਂਦੇ ਹਨ। ਐਂਜਲਾ ਅਜਿਹੀ ਸਥਿਤੀ ਵਿਚ ਇਕੱਲੀ ਪੈ ਜਾਂਦੀ ਹੈ ਅਤੇ ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਆਪਣੇ ਮਾਤਾ-ਪਿਤਾ ਵਾਂਗ ਨਿੱਤ ਨਵਾਂ ਸਾਥ ਹੰਢਾਉਂਦੀ ਐਂਡੀ ਦਾ ਸ਼ਿਕਾਰ ਬਣ ਬੈਠਦੀ ਹੈ ਜੋ ਐਂਜਲਾ ਨੂੰ ਧੋਖੇ ਨਾਲ ਡਰੱਗ ਦੀ ਲੱਤ ਲਾ ਨਸ਼ੇ ਦੀ ਹਾਲਤ ਵਿਚ ਉਸ ਤੋਂ ਧੰਦਾ ਕਰਵਾਉਂਦਾ ਹੈ। ਰੂਹੋਂ ਲੀਰੋ-ਲੀਰ ਹੋਈ ਐਂਜਲਾ ਇਕ ਦਿਨ ਐਂਡੀ ਉੱਤੇ ਹਮਲਾ ਕਰ ਦਿੰਦੀ ਹੈ ਤੇ ਉਸ ਨੂੰ ਸਜ਼ਾ ਹੁੰਦੀ ਹੈ। ਰਿਸ਼ਤਿਆਂ ਤੇ ਪਰਿਵਾਰ ਵਿਹੂਣੀ ਐਂਜਲਾ ਨੂੰ ਬਾਹਰੀ ਦੁਨੀਆਂ ਨਾਲੋਂ ਜੇਲ੍ਹ ਵਧੇਰੇ ਸੁਰੱਖਿਅਤ ਭਾਸਦੀ ਹੈ। ਲਿਜ਼ੀ ਨੂੰ ਜਦ ਐਂਜਲਾ ਦੇ ਤ੍ਰਾਸਦਿਕ ਅਤੀਤ ਦਾ ਪਤਾ ਚੱਲਦਾ ਹੈ ਤਾਂ ਉਹ ਉਸਦੀ ਮਦਦ ਲਈ ਅਗਾਂਹ ਵੱਧਦੀ ਹੈ। ਉਸਨੂੰ ਆਪਣਿਆਂ ਦੀ ਤਲਾਸ਼ ਲਈ ਪ੍ਰੇਰਦੀ ਹੈ। ਇੰਜ ਐਂਜਲਾ ਆਪਣੀ ਮੰਜ਼ਿਲ ਤੱਕ ਤਾਂ ਅੱਪੜ ਜਾਂਦੀ ਹੈ ਪਰੰਤੂ ਉਸਦੇ ਹੱਥੋਂ ਬਹੁਤ ਕੁਝ ਕਿਰ ਚੁੱਕਾ ਹੁੰਦਾ ਹੈ। ਇਹ ਕਹਾਣੀ ਬੜੇ ਸਰਲ ਅੰਦਾਜ਼ ਵਿਚ ਅਤਿ ਮਹੱਤਵਪੂਰਨ ਸਵਾਲ ਖੜ੍ਹਾ ਕਰ ਜਾਂਦੀ ਹੈ ਕਿ ਵਿਅਕਤੀਗਤ ਆਜ਼ਾਦੀ ਦੇ ਨਾਮ ਉੱਤੇ ਹਰ ਤਰ੍ਹਾਂ ਦੀਆਂ ਸੀਮਾਵਾਂ ਤੋੜ ਅਸੀਂ ਜਿਸ ਕਿਸਮ ਦੇ ਰਿਸ਼ਤਿਆਂ ਦੀ ਮਕੈਨਿਕਸ ਸਿਰਜ ਰਹੇ ਹਾਂ ਕੀ ਉਸ ਵਿਚ ਮਨੁੱਖੀ ਹੋਂਦ ਦਾ ਭਵਿੱਖ ਉੱਜਲ ਹੈ?

ਜੋਗੇ ਭੰਗਲ ਦੀ ਕਹਾਣੀ 'ਉਹ ਆਟੇ ਦੀ ਚਿੜੀ ਨਹੀਂ ਸੀ' ਵੀ ਇਕ ਨਵ-ਪਰਿਪੇਖ ਤੋਂ ਤੇਜ਼ੀ ਨਾਲ ਬਦਲ ਰਹੇ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ। ਸਮਾਜ ਦੀ ਬੁਨਿਆਦ

ਬਣਨ ਵਾਲੇ ਔਰਤ–ਮਰਦ ਸੰਬੰਧ ਦੇ ਭੂਤ, ਵਰਤਮਾਨ ਤੇ ਭਵਿੱਖੀ ਪੈੜ੍ਹਾਂ ਦਾ ਦ੍ਰਿਸ਼ ਉਲੀਕ ਬੰਦੇ ਦੀ ਮਾਨਸਿਕਤਾ ਨੂੰ ਹਲੂਣਦੀ ਹੈ। ਇਸ ਕਹਾਣੀ ਦਾ ਪਾਠ ਕਰਦਿਆਂ ਡਾ. ਹਰਿਭਜਨ ਸਿੰਘ ਦੀ ਕਵਿਤਾ 'ਧਰਤੀ ਦੇ ਹੇਠਾਂ' ਦੀ ਯਾਦ ਬਾਰ–ਬਾਰ ਤਾਜ਼ਾ ਹੁੰਦੀ ਹੈ। ਅਜਿਹਾ ਇਸ ਕਰਕੇ ਨਹੀਂ ਵਾਪਰਦਾ ਕਿ ਇਹਨਾਂ ਦੋਹਾਂ ਪਾਠਾਂ ਵਿਚ ਕੋਈ ਸਾਂਝ ਹੈ, ਬਲਕਿ ਇਸ ਕਰਕੇ ਵਾਪਰਦਾ ਹੈ ਕਿ 'ਉਹ ਆਟੇ ਦੀ ਚਿੜੀ ਨਹੀਂ ਸੀ', 'ਧਰਤੀ ਦੇ ਹੇਠਾਂ' ਕਵਿਤਾ ਤੋਂ ਅਗਲੇਰਾ ਪਾਠ ਹੈ। ਆਪਣੀ ਗੱਲ ਨੂੰ ਅਗਾਂਹ ਤੋਰਨ ਤੋਂ ਪਹਿਲਾਂ 'ਧਰਤੀ ਦੇ ਹੇਠਾਂ' ਦਾ ਪਾਠ ਇੱਥੇ ਦਰਜ ਕਰਨਾ ਜ਼ਰੂਰੀ ਜਾਪਦਾ ਹੈ :

ਧਰਤੀ ਦੇ ਹੇਠਾਂ
ਧੌਲ ਹੈ ਧਰਮ ਹੈ
ਇਕ ਮੇਰੀ ਧੀ ਹੈ
ਧਰਤੀ ਤਾਂ ਬੋਝ ਹੈ
ਦੁਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਹਿੰਦੀ ਨਾ ਸੀ ਹੈ
ਧੌਲ ਵੀ ਥਕਿਆ
ਥਕ ਕੇ ਬਹਿ ਗਿਆ
ਧਰਮ ਵੀ ਹਾਰਿਆ
ਪੰਖ ਲਾ ਉਡਰਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉੱਡਣ ਦੀ
ਜਾਚ ਹੀ ਨਹੀਂ ਹੈ
ਚਤਰਭੁਜ ਬ੍ਰਹਮਾ ਨੇ
ਦੁਖ ਸਾਜੇ ਸਹਿਸਭੁਜ
ਉਹਨਾਂ ਸੰਗ ਲੜਨ ਲਈ
ਦੇਵੀ ਅਸ਼ਟਭੁਜੀ ਹੈ
ਪਰ ਧੀ ਤਾਂ ਹੈ ਮਨੁੱਖ
ਉਹ ਵੀ ਅੱਧੀ ਮਸਾਂ ਪੌਣੀ
ਦੁੱਖਾਂ ਸੰਗ ਲੜਦੀ ਨਹੀਂ
ਦੁੱਖ ਚੁੱਕਦੀ ਹੈ
ਧਰਤੀ ਦੇ ਹੇਠਾਂ
ਧੌਲ ਸੀ ਧਰਮ ਸੀ
ਹੁਣ ਮੇਰੀ ਧੀ ਹੈ

ਹਰਿਭਜਨ ਸਿੰਘ ਦੀ ਉਪਰੋਕਤ ਕਵਿਤਾ ਸਮਾਜ ਵਿਚ ਔਰਤ ਦੇ ਮਹਾਨ ਯੋਗਦਾਨ ਦੀ ਸ਼ਲਾਘਾ ਕਰਦੀ ਹੈ। ਇਹ ਕਵਿਤਾ ਉਸ ਪ੍ਰਾਚੀਨ ਮਿੱਥ ਜਿਸ ਅਨੁਸਾਰ ਧਰਤੀ ਧਰਮ ਰੂਪੀ

ਬਲਦ ਦੇ ਸਿੰਙਾਂ ਉੱਤੇ ਆਸ਼ਰਿਤ ਹੈ, ਨੂੰ ਨਕਾਰਦੀ ਹੈ ਅਤੇ ਇਸਦੇ ਸਮਾਨਾਂਤਰ ਇਕ ਨਵੀਨ ਮਿੱਥ ਨੂੰ ਸਿਰਜਦੀ ਹੈ। ਨਵੀਨ ਮਿੱਥ ਮੁਤਾਬਕ ਧਰਤੀ ਦਾ ਬੋਝ ਧਰਮ ਰੂਪੀ ਬਲਦ ਨੇ ਨਹੀਂ, ਬਲਕਿ ਔਰਤ ਨੇ ਚੁੱਕਿਆ ਹੋਇਆ ਹੈ। ਉਸਦੀ ਸਹਿਣਸ਼ੀਲਤਾ ਅਤੇ ਕਦਰ ਪ੍ਰਬੰਧ ਨੂੰ ਸਾਂਭਣ ਤੇ ਅੱਗੇ ਤੋਰਨ ਦੀ ਉੱਦਮਸ਼ੀਲਤਾ ਧਰਤੀ ਉਪਰਲੇ ਜੀਵਾਂ ਦਾ ਆਧਾਰ ਹੈ। ਇਸ ਦੇ ਨਾਲ ਹੀ ਇਹ ਕਵਿਤਾ ਸੂਖ਼ਮ ਅੰਦਾਜ਼ ਵਿਚ ਇਹ ਵੀ ਪ੍ਰਗਟਾਉਂਦੀ ਹੈ ਕਿ ਧਰਤੀ ਦੇ ਭਾਰ ਨੂੰ ਚੁੱਕਣਾ ਔਰਤ ਦੀ ਮਜ਼ਬੂਰੀ ਵੀ ਬਣਿਆ ਹੋਇਆ ਹੈ। ਕਹਾਣੀ 'ਉਹ ਆਟੇ ਦੀ ਚਿੜੀ ਨਹੀਂ ਸੀ' ਅਜਿਹੀ ਔਰਤ ਦਾ ਬਿੰਬ ਉਸਾਰਦੀ ਹੈ ਜੋ ਧਰਤੀ ਦਾ ਬੋਝ ਢੋਣ ਤੋਂ ਇਨਕਾਰੀ ਹੋ ਚੁੱਕੀ ਹੈ। ਯੁਗਾਂ-ਯੁਗਾਂ ਤੋਂ ਸਭਿਆਚਾਰਕ ਕਦਰਾਂ-ਕੀਮਤਾਂ ਦਾ ਭਾਰ ਆਪਣੇ ਤਨ-ਮਨ ਉੱਤੇ ਹੰਢਾਉਣ ਤੋਂ ਪਾਸਾ ਵੱਟ ਗਈ ਹੈ। ਉਹ ਮਰਦ ਪ੍ਰਧਾਨ ਸਮਾਜ ਵਿਚ ਮਰਦ ਦੇ ਅਧੀਨ ਨਹੀਂ, ਬਲਕਿ ਮਰਦ ਵਾਂਗਰ ਜੀਊਣਾ ਲੋਚਦੀ ਹੈ ਅਤੇ ਇਸੇ ਲੋਚਾ ਵਿਚ ਹਰ ਉਸ ਮੁੱਲ ਪ੍ਰਬੰਧ ਨੂੰ ਛਿੱਕੇ ਟੰਗ ਚੁੱਕੀ ਹੈ ਜਿਸਨੂੰ ਨਿਭਾਉਣਾ ਉਸਦੀ ਜ਼ਿੰਮੇਵਾਰੀ ਹੀ ਸਮਝਿਆ ਜਾਂਦਾ ਰਿਹਾ ਹੈ। ਔਰਤ ਦੇ ਆਪਣੇ ਅਜਿਹੇ ਰੁਖ ਕਾਰਣ ਸਮੁੱਚੀ ਸਮਾਜਕ ਵਿਵਸਥਾ ਤਿੜਕਣ ਲੱਗੀ ਹੈ। ਪਰੰਤੂ ਇਸ ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਔਰਤ ਨੂੰ ਪੂਰਵ-ਧਾਰਨਾਵਾਂ ਤੋਂ ਮੁਕਤ ਕਰਕੇ ਉਲੀਕਦੀ ਹੋਈ ਇਹ ਕਹਿਣ ਦਾ ਉਪਰਾਲਾ ਕਰਦੀ ਹੈ ਕਿ ਹਰ ਸਮਾਜਕ ਮੁੱਲ ਪ੍ਰਬੰਧ ਦਾ ਭਾਰ ਔਰਤ ਦੇ ਸਿਰ ਪਾ ਦੇਣਾ ਕਿੱਥੋਂ ਤੱਕ ਜਾਇਜ਼ ਹੈ? ਜੇਕਰ ਅੱਜ ਉਹ ਮਰਦ ਵਾਂਗ ਵੱਖ-ਵੱਖ ਹੱਦ ਬੰਨਿਆਂ ਨੂੰ ਤੋੜ੍ਹ ਰਹੀ ਹੈ, ਉਲੰਘ ਰਹੀ ਹੈ ਤਾਂ ਕੀ ਮਰਦ ਹਮੇਸ਼ਾਂ ਤੋਂ ਅਜਿਹਾ ਨਹੀਂ ਕਰਦਾ ਆਇਆ।

ਸੁਰਿੰਦਰ ਨੀਰ ਦੀ ਕਹਾਣੀ 'ਟੌਫੀਆਂ ਦਾ ਹਾਰ' ਬੜੇ ਨਿਵੇਕਲੇ ਅਤੇ ਸਰਲ ਅੰਦਾਜ਼ ਵਿਚ ਸਮਾਜਕ ਨਾਬਰਾਬਰੀ ਅਤੇ ਇਸ ਨੂੰ ਸਿਰੇ ਤੋਂ ਖ਼ਤਮ ਕਰਨ ਲਈ ਅਪਣਾਈ ਜਾਣ ਵਾਲੀ ਸਹੀ ਪਹੁੰਚ ਦਾ ਗਲਪੀ ਬਿਰਤਾਂਤ ਸਿਰਜਦੀ ਹੈ। ਲਿੰਗ, ਜਾਤ, ਜਮਾਤ ਆਦਿ ਦੇ ਨਾਮ ਉੱਤੇ ਵੰਡਿਆ ਸਮਾਜ ਕਿਵੇਂ ਵਿਅਕਤੀ ਮਾਨਸਿਕਤਾ ਨੂੰ ਖੋਖਲਾ ਕਰਦਾ ਹੋਇਆ ਉਸਨੂੰ ਹੀਣਤਾ ਦੀ ਖਾਈ ਵਿਚ ਧਕੇਲਦਾ ਹੈ, ਦੇ ਮਸਲੇ ਨੂੰ ਬਹੁ ਧਰਾਤਲਾਂ ਉੱਤੇ ਸੰਬੋਧਿਤ ਹੁੰਦੀ ਹੈ ਕਹਾਣੀ 'ਟੌਫੀਆਂ ਦਾ ਹਾਰ'। ਕਹਾਣੀ ਵਿਚ ਸੰਜਮ ਦੇ ਮਸੂਮ ਜਿਹੇ ਖਦਸ਼ੇ ਕਿ ਕੀ ਇਸ ਵਾਰ ਉਸਦੀ ਲੋਹੜੀ ਮਨਾਈ ਜਾਵੇਗੀ ਦੇ ਸਨਮੁੱਖ ਉਸਦੇ ਮਾਤਾ-ਪਿਤਾ ਵੱਲੋਂ ਸੰਤੁਲਿਤ ਪਹੁੰਚ ਅਪਣਾਈ ਜਾਂਦੀ ਹੈ। ਉਹਨਾਂ ਦਾ ਇਹ ਆਖਣਾ, "ਅਸੀਂ ਧੀਆਂ ਜਾਂ ਪੁੱਤਰਾਂ ਦੀ ਲੋਹੜੀ ਨਹੀਂ, ਸਗੋਂ ਆਪਣੇ ਬੱਚਿਆਂ ਦੀ ਲੋਹੜੀ ਮਨਾਵਾਂਗੇ।"[3], ਇਸ ਮਸਲੇ ਦੇ ਸਹੀ ਸੰਭਾਵਿਤ ਸਮਾਧਾਨ ਵੱਲ ਸੰਕੇਤ ਕਰਦਾ ਹੈ। ਇਹ ਕਹਾਣੀ ਪਾਠਕ ਨੂੰ ਸਮਾਜਕ ਨਾ ਬਰਾਬਰੀ ਦੇ ਬਣੇ-ਬਣਾਏ ਚੌਖਟਿਆਂ ਤੋਂ ਪਾਰ ਵੇਖਣ ਦੇ ਸਮਰੱਥ ਬਣਾਉਂਦੀ ਹੈ।

ਹਰਮੇਸ਼ ਮਾਲੜੀ ਦੀ ਕਹਾਣੀ 'ਹੁਣ ਕੀ ਹੋਇਆ' ਦਾ ਸਿਰਲੇਖ ਪ੍ਰਸ਼ਨਮੂਲਕ ਹੈ। ਇਹ ਕਹਾਣੀ ਪਰਵਾਸ ਦੇ ਸਰੋਕਾਰ ਨਾਲ ਸੰਬੰਧਿਤ ਹੈ। ਕਹਾਣੀਕਾਰ ਵਿਕੋਲਿਤਰੀਆਂ ਸਥਿਤੀਆਂ ਸਿਰਜ ਵੱਖ-ਵੱਖ ਕਾਲਖੰਡ ਵਿਚ ਵਾਪਰੇ ਪਰਵਾਸ ਦੀ ਬਾਤ ਪਾਉਂਦਾ ਹੋਇਆ ਇਹ ਦਰਸਾਉਂਦਾ ਹੈ ਕਿ ਪਰਵਾਸ ਕੋਈ ਨਵੀਨ ਵਰਤਾਰਾ ਨਹੀਂ ਬਲਕਿ ਹਮੇਸ਼ਾਂ ਤੋਂ ਵਾਪਰਦਾ ਆਇਆ ਹੈ। ਲੰਮੇ ਸਮੇਂ ਤੋਂ ਇਸਦੀ ਵਜ੍ਹਾ ਵਿਅਕਤੀ ਦੀ ਮਜਬੂਰੀ ਬਣਦੀ ਆਈ ਹੈ। ਵਿਅਕਤੀ ਮਜਬੂਰੀ ਵੱਸ ਆਪਣਾ ਘਰ-ਬਾਰ ਤਿਆਗਦਾ ਰਿਹਾ ਹੈ ਅਤੇ ਆਪਣੀਆਂ ਜੜ੍ਹਾਂ ਤੋਂ ਟੁੱਟਣ

ਦੀ ਚੀਸ ਹਮੇਸ਼ਾਂ ਉਸ ਨੂੰ ਬੇਚੈਨ ਕਰਦੀ ਰਹੀ ਹੈ। ਪਰੰਤੂ ਮੌਜੂਦਾ ਸਮੇਂ ਵਿਚ ਵਾਪਰ ਰਹੇ ਪਰਵਾਸ ਦੀ ਵਜ੍ਹਾ ਮਜਬੂਰੀ ਨਹੀਂ। ਕਹਾਣੀ ਦਾ ਸਿਰਲੇਖ 'ਹੁਣ ਕੀ ਹੋਇਆ' ਪ੍ਰਸ਼ਨ ਮੂਲਕ ਹੈ ਜੋ ਇਸਦੇ ਪਾਠ ਨੂੰ ਅਰਥ ਵਿਸਤਾਰ ਪ੍ਰਦਾਨ ਕਰਦਾ ਹੈ।

ਸਮੁੱਚੇ ਰੂਪ ਵਿਚ ਉਪਰੋਕਤ ਕਹਾਣੀਆਂ ਦੀ ਪੜ੍ਹਤ ਉਪਰੰਤ ਇਹ ਨਿਰਸੰਦੇਹ ਆਖਿਆ ਜਾ ਸਕਦਾ ਹੈ ਕਿ ਕਹਾਣੀਕਾਰ ਜਿਸ ਬੌਧਿਕ ਸੂਝ ਅਤੇ ਨਿਰਪੱਖਤਾ ਦਾ ਪ੍ਰਮਾਣ ਆਪਣੀਆਂ ਉਪਰੋਕਤ ਕਹਾਣੀਆਂ ਵਿਚ ਦੇ ਰਹੇ ਹਨ, ਉਹ ਕਾਬਿਲੇ ਗੌਰ ਹੈ। ਸੰਜੀਦਾ ਮਸਲਿਆਂ ਨੂੰ ਸਰਲ ਅੰਦਾਜ਼ ਵਿਚ ਪ੍ਰਗਟਾਉਂਦੀਆਂ ਇਹ ਕਹਾਣੀਆਂ ਪਾਠਕ ਵਰਗ ਦੀ ਤਵੱਜੋਂ ਗ੍ਰਹਿਣ ਕਰਨ ਦੇ ਨਾ ਕੇਵਲ ਕਾਬਲ ਹਨ, ਬਲਕਿ ਉਹਨਾਂ ਨੂੰ ਸਹੀ ਸੇਧ ਪ੍ਰਦਾਨ ਕਰਨ ਦੇ ਸਮਰੱਥ ਵੀ ਹਨ।

## ਹਵਾਲੇ ਅਤੇ ਟਿੱਪਣੀਆਂ


1. ਧਨਵੰਤ ਕੌਰ 'ਪ੍ਰਵੇਸ਼ਿਕਾ', **ਪੰਜਾਬੀ, ਭਾਸ਼ਾ, ਸਾਹਿਤ ਤੇ ਸਭਿਆਚਾਰ 21ਵੀਂ ਸਦੀ ਦੇ ਪ੍ਰਸੰਗ ਵਿਚ ਚੁਣੌਤੀਆਂ ਅਤੇ ਸੰਭਾਵਨਾਵਾਂ**, ਪੰਨਾ, 11.
2. **ਪ੍ਰਵਚਨ 91**, ਪੰਨਾ 34.
3. **ਉਹੀ**, ਪੰਨੇ 63-64.



*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 22 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

# ਸਮਕਾਲੀ ਸਾਹਿਤ ਨੂੰ ਵਾਚਦਿਆਂ

ਇਸ ਅੰਕ ਵਿਚ ਹੇਠ ਲਿਖੀਆਂ ਪੁਸਤਕਾਂ ਬਾਰੇ ਚਰਚਾ ਕੀਤੀ ਗਈ ਹੈ:

1. ਬਲੀਜੀਤ, ਉੱਚੀਆਂ ਆਵਾਜ਼ਾਂ, (ਕਹਾਣੀ-ਸੰਗ੍ਰਹਿ) ਕੈਲੀਬਰ ਪਬਲੀਕੇਸ਼ਨ, ਪਟਿਆਲਾ, 2022
2. ਜਤਿੰਦਰ ਸਿੰਘ ਹਾਂਸ, ਉਹਦੀਆਂ ਅੱਖਾਂ 'ਚ ਸੂਰਜ ਹੈ, (ਕਹਾਣੀ-ਸੰਗ੍ਰਹਿ), ਆਟਮ ਆਰਟ, ਪਟਿਆਲਾ, 2023
3. ਅਨੇਮਨ ਸਿੰਘ, ਆਈ ਲਾਚਾ, (ਕਹਾਣੀ-ਸੰਗ੍ਰਹਿ), ਸਾਹਿਬਦੀਪ ਪਬਲੀਕੇਸ਼ਨ, ਭੀਖੀ, 2022
4. ਆਗ਼ਾਜ਼ਬੀਰ, ਕੁਇਨਜ਼ ਲੈਂਡ, (ਕਹਾਣੀ-ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2023
5. ਅਵਤਾਰ ਸਿੰਘ ਬਿਲਿੰਗ, ਮੂਰਤਾਂ ਰੰਗ ਬਰੰਗੀਆਂ, (ਸ਼ਬਦ ਚਿੱਤਰ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2023
6. ਚੈਨ ਮਤਫੱਲੂ, ਮੇਰੀ ਅਣਕਹੀ ਕਹਾਣੀ, (ਸ੍ਵੈ-ਜੀਵਨੀ), ਪੰਜ ਆਬ ਪ੍ਰਕਾਸ਼ਨ, ਜਲੰਧਰ, 2023

ਬਲੀਜੀਤ ਦਾ ਇਹ ਤੀਸਰਾ ਕਹਾਣੀ ਸੰਗ੍ਰਹਿ ਹੈ। ਇਸ ਵਿਚ ਉਸਦੀਆਂ ਦਸ ਕਹਾਣੀਆਂ ਦਰਜ ਹਨ। ਉਹ ਆਪਣੇ ਪਹਿਲੇ ਕਹਾਣੀ-ਸੰਗ੍ਰਹਿ ਨਾਲ ਚਰਚਾ ਵਿਚ ਆ ਗਿਆ ਸੀ। ਬਲੀਜੀਤ ਦੀਆਂ ਕਹਾਣੀਆਂ ਦੀ ਪੜ੍ਹਤ ਤੋਂ ਪਤਾ ਲੱਗਦਾ ਹੈ ਕਿ ਉਹ ਪੰਜਾਬੀ ਕਹਾਣੀ ਪਰੰਪਰਾ ਦਾ ਹਿੱਸਾ ਹੁੰਦਾ ਹੋਇਆ ਵੀ ਕਿਵੇਂ ਉਹ ਆਪਣੀ ਰਚਨਾ-ਦ੍ਰਿਸ਼ਟੀ ਤੇ ਕਲਾਤਮਿਕਤਾ ਕਰਕੇ ਵੱਖਰੀ ਭਾਂਤ ਦਾ ਕਹਾਣੀਕਾਰ ਹੈ। ਉਸਦੀਆਂ ਕਹਾਣੀਆਂ ਵਿਚਲਾ ਕਥਾ ਰਸ ਸਥਾਪਿਤ ਕਹਾਣੀ ਪਰੰਪਰਾ ਤੋਂ ਵੱਖਰਾ ਹੈ, ਇਸ ਕਰਕੇ ਪਾਠਕ ਨੂੰ ਉਸਦੀ ਕਹਾਣੀ ਇਕ ਤੋਂ ਵਧੇਰੇ ਵਾਰ ਪੜ੍ਹਨੀ ਸਮਝਣੀ ਪੈਂਦੀ ਹੈ, ਕਿਉਂਕਿ ਉਸਦੀ ਕਹਾਣੀ ਵਿਚਲਾ ਤਰਕ ਕਹਾਣੀ ਦੇ ਧੁਰ ਅੰਦਰ ਕਿਤੇ ਪਿਆ ਹੁੰਦਾ ਹੈ ਤੇ ਪਾਠਕ ਨੂੰ ਤਰੱਦਦ ਕਰਕੇ ਉਸ ਤੱਕ ਪਹੁੰਚਣਾ ਪੈਂਦਾ ਹੈ। ਉਸ ਦੀਆਂ ਕਹਾਣੀਆਂ ਵਿਸ਼ਿਆਂ ਦੇ ਦੁਹਰਾਓ ਤੋਂ ਵੀ ਬਚੀਆਂ ਹੋਈਆਂ ਹਨ। ਸੰਗ੍ਰਹਿ ਦੀ ਪਹਿਲੀ ਕਹਾਣੀ 'ਕਿਸੇ ਪਾਤਰ ਦੀ ਉਡੀਕ ਵਿਚ' ਜਿੱਥੇ ਪੰਜਾਬ ਵਿਚ ਰਹਿ ਰਹੇ ਐਂਗਲੋ ਇੰਡੀਅਨ ਭਾਈਚਾਰੇ ਦੇ ਜੀਵਨ ਨੂੰ ਨੇੜਿਓਂ ਪੇਸ਼ ਕਰਦੀ ਹੈ ਉਥੇ ਮਾਨਵੀ ਸੰਵੇਦਨਾ ਤੇ ਰਿਸ਼ਤਿਆਂ ਨੂੰ ਵੀ ਕੇਂਦਰ ਵਿਚ ਰੱਖਦੀ ਹੈ ਤੇ ਉਨ੍ਹਾਂ ਦੇ ਗਵਾਂਢ ਦਾ ਕਿਰਾਏ ਦਾ ਘਰ ਖਾਲੀ ਕਰਨ ਤੋਂ ਬਾਅਦ ਵੀ ਬਿਰਤਾਂਤਕਾਰ ਉਨ੍ਹਾਂ ਬਾਰੇ ਸੋਚਦਾ ਰਹਿੰਦਾ ਹੈ। ਕ੍ਰਿਸਮਿਸ 'ਤੇ ਫਰੇਜ਼ਰ ਤੇ ਲਿੱਲੀ ਦੇ ਪਰਿਵਾਰ ਵੱਲੋਂ ਮਿਲਿਆ ਉਚੇਚਾ ਮਾਣ-ਸਤਿਕਾਰ ਵੀ ਉਸਦੀਆਂ ਸਿਮਰਤੀਆਂ ਦਾ ਹਿੱਸਾ ਬਣਿਆ ਰਹਿੰਦਾ ਹੈ। ਇਸੇ ਕਰਕੇ ਉਹ ਅਜੇਹੇ ਪਾਤਰਾਂ/ਵਿਅਕਤੀਆਂ ਦੀ ਉਡੀਕ ਕਰਦਾ ਪ੍ਰਤੀਤ ਹੁੰਦਾ ਹੈ। 'ਮੌਤ ਦੀ ਉਡੀਕ ਵਿਚ' ਕਹਾਣੀ ਅਜੋਕੇ ਮੱਧ ਵਰਗ ਦੇ ਸੰਕਟਾਂ ਦਾ ਵਿਖਿਆਨ ਹੈ। ਡਾ. ਸਿੰਗਲਾ ਦੀ ਬਿਰਧ ਮਾਂ ਬੀਮਾਰ ਹੈ ਤੇ ਮਰਨ ਕਿਨਾਰੇ ਪਈ ਹੈ। ਸਾਰਾ ਪਰਿਵਾਰ ਉਸਦੀ ਮੌਤ ਦੀ ਉਡੀਕ ਕਰ ਰਿਹਾ ਹੈ, ਪਰ ਉਡੀਕ ਲੰਮੀ ਹੁੰਦੀ ਜਾ ਰਹੀ ਹੈ। ਪਰਿਵਾਰ ਬੇਸ਼ੱਕ ਗੱਲ ਤਾਂ ਮਾਂ ਦੀ ਮੁਕਤੀ ਦੀ ਕਰਦਾ ਹੈ, ਪਰ ਅਸਲ ਵਿਚ ਖ਼ੁਦ ਮਾਂ ਤੋਂ ਮੁਕਤ

ਹੋਣਾ ਚਾਹੁੰਦੇ ਹਨ। ਇਹ ਕਹਾਣੀ ਅਜੇਹੇ ਭਾਵਨਾ ਰਹਿਤ ਰਿਸ਼ਤਿਆਂ ਨੂੰ ਕੇਂਦਰ ਵਿਚ ਰੱਖਦੀ ਹੈ, ਜਿਨ੍ਹਾਂ ਵਿਚ ਰਿਸ਼ਤਗੀ ਘੱਟ ਤੇ 'ਡੀਲ' ਦੀ ਭਾਵਨਾ ਸਿਰਕੱਢਵੀਂ ਹੈ। ਬੰਦੇ ਨੂੰ ਟਾਈਮ ਸਿਰ ਦੁਨੀਆਂ ਤੋਂ ਰੁਖ਼ਸਤ ਹੋ ਜਾਣਾ ਚਾਹੀਦਾ ਹੈ ਦੀ ਭਾਵਨਾ ਰਿਸ਼ਤਿਆਂ ਦੇ ਨਿਘਾਰ ਦਾ ਸਿਖਰ ਹੈ, ਕਿਉਂਕਿ ਅਜੇਹਾ ਨਾ ਹੋਣ ਦੀ ਸੂਰਤ ਵਿਚ ਜ਼ਿੰਦਗੀ ਤੇ ਮੌਤ ਦੋਨਾਂ ਦੀ ਹੀ ਬੇ-ਕਦਰੀ ਹੁੰਦੀ ਹੈ।

'ਰੇਤ ਦੇ ਘਰ' ਅਜੋਕੇ ਦੌਰ ਵਿਚ ਇਕ ਪਾਸੇ ਘਰ ਬਣਾਉਣ ਲਈ ਪੇਸ਼ ਮੁਸ਼ਕਲਾਂ ਦਾ ਵਰਣਨ ਹੈ, ਦੂਸਰੇ ਪੇਸ਼ ਮੱਧ ਸ੍ਰੈਣਿਕ ਮਾਨਸਿਕਤਾ ਨੂੰ ਵੀ ਇਸ ਕਹਾਣੀ ਵਿਚ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਬਚਪਨ ਦੀ ਮਾਸੂਮੀਅਤ ਵਕਤ ਦੇ ਦਬਾਵਾਂ ਅਧੀਨ ਅ-ਸੁਰੱਖਿਆ ਦੀ ਭਾਵਨਾ ਵਿਚ ਤਬਦੀਲ ਹੋ ਜਾਂਦੀ ਹੈ, ਕਿਉਂਕਿ ਇਸ ਦੌਰ ਵਿਚ ਸਮੁੱਚੀਆਂ ਮਾਨਵੀ ਕੀਮਤਾ ਪਦਾਰਥਕ ਹਾਲਾਤ ਹੇਠ ਤੇਜ਼ੀ ਨਾਲ ਬਦਲ ਗਈਆਂ ਹਨ ਤੇ ਇਨ੍ਹਾਂ ਤਬਦੀਲੀਆਂ ਨੂੰ ਹੀ 'ਹਨੇਰੇ ਦੀ ਫਰਦ' ਕਹਾਣੀ ਵੱਖਰੀ ਤਰ੍ਹਾਂ ਬਿਆਨ ਕਰਦੀ ਹੈ। ਵੱਡੇ ਸ਼ਾਪਿੰਗ ਮਾਲ ਤੇ ਇਨ੍ਹਾਂ ਦੀਆਂ ਨੀਹਾਂ ਹੇਠ ਦੱਬੇ ਘਰ/ਦੁਕਾਨਾਂ ਨਾਲ ਸਾਂਝ ਅਜੋਕੇ ਮਨੁੱਖ ਦੇ ਉਦਰੇਵੇਂ ਨੂੰ ਬਿਆਨ ਕਰਦੀ ਹੈ। ਉਹ ਮਨੁੱਖ ਜੋ ਆਪਣੇ ਕਬਜ਼ੇ ਲਈ ਰਿਸ਼ਤਿਆਂ ਤੋਂ ਮੁਨਕਰ ਹੋਣ ਦੀ ਹੱਦ ਤਕ ਚਲੇ ਜਾਂਦੇ, ਕਾਰਪੋਰੇਟ ਵਰਤਾਰਿਆਂ ਸਾਹਮਣੇ ਬੇ-ਬਸ ਹੋ ਰਹਿ ਜਾਂਦਾ ਹੈ। ਅਜੋਕੇ ਵਿਕਾਸ ਮਾਡਲ ਦੀਆਂ ਨੀਹਾਂ ਹੇਠ ਦੱਬੇ ਆਮ ਆਦਮੀ ਦੇ ਸੁਪਨੇ ਦਮ ਤੋੜ ਜਾਂਦੇ। 'ਨਮਸਕਾਰ' ਕਹਾਣੀ ਵੀ ਇਸੇ ਵਿਕਾਸ ਮਾਡਲ ਦੇ ਹੋਰ ਪਾਸਾਰਾਂ ਨੂੰ ਪੇਸ਼ ਕਰਦੀ ਹੈ, ਜਿਸ ਮਾਡਲ ਨੇ ਬੰਦੇ ਨੂੰ ਜਾਨਵਰ ਤੋਂ ਵੀ ਬਦਤਰ ਜ਼ਿੰਦਗੀ ਜੀਉਣ ਲਈ ਮਜਬੂਰ ਕਰ ਦਿੱਤਾ ਹੈ।

'ਲੂਣ' ਇਸ ਸੰਗ੍ਰਹਿ ਦੀ ਸਭ ਤੋਂ ਚਰਚਿਤ ਕਹਾਣੀ ਹੈ ਜੋ ਪਸ਼ੂਆਂ ਦੇ ਮਾਧਿਅਮ ਰਾਹੀਂ ਮਾਨਵੀ ਮਨ 'ਤੇ ਝਾਤੀ ਪਵਾਉਂਦੀ ਹੈ। ਬੇਸ਼ੱਕ ਲੂਣ ਹਰਾਮ ਜਾਂ ਹਲਾਲ ਦਾ ਮੁਹਾਵਰਾ ਇਨਸਾਨ ਨੇ ਇਨਸਾਨਾਂ ਦੇ ਸੁਭਾਅ ਦੀ ਨਿਸ਼ਾਨਦੇਹੀ ਕਰਨ ਲਈ ਘੜਿਆ ਸੀ, ਪਰ ਇਸ ਦੇ ਸੱਚੇ ਅਰਥਾਂ ਦਾ ਅਹਿਸਾਸ ਸੁਦਾਗਰ ਨੂੰ ਆਪਣੀ ਮੱਝ ਦੁਆਰਾ ਪਰਿਵਾਰ ਲਈ ਕੀਤੇ ਕੰਮਾਂ ਰਾਹੀਂ ਹੁੰਦਾ ਹੈ। ਇਹ ਕਹਾਣੀ ਬਹੁ-ਪਰਤੀ ਹੈ ਜੋ ਮਾਨਵੀ ਮਨ ਦੀਆਂ ਬਹੁਤ ਸਾਰੀਆਂ ਝਾਕੀਆਂ ਪੇਸ਼ ਕਰਦੀ ਹੈ। 'ਗੁਬਾਰੇ', 'ਡਾ. ਗੁਪਤਾ', 'ਉੱਚੀਆਂ ਆਵਾਜ਼ਾਂ' ਵਿਭਿੰਨ ਸਮਾਜਕ-ਆਰਥਿਕ ਸਰੋਕਾਰਾਂ ਨੂੰ ਪੇਸ਼ ਕਰਦੀਆਂ ਕਹਾਣੀਆਂ ਹਨ। ਜਦਕਿ 'ਸਿਰ ਦੇ ਵਾਲ' ਇਕ ਖ਼ਾਸ ਹਾਲਾਤ ਵਿਚਲੀਆਂ ਮਾਨਵੀ ਕਦਰਾਂ-ਕੀਮਤਾਂ, ਧਰਮ/ਸਭਿਆਚਾਰ ਤੇ ਮਨੁੱਖੀ ਰਿਸ਼ਤਿਆਂ ਨੂੰ ਪੇਸ਼ ਕਰਦੀ ਹੈ।

ਬਲੀਜੀਤ ਪੰਜਾਬੀ ਕਹਾਣੀ ਪਰੰਪਰਾ ਵਿਚ ਇਕ ਵੱਖਰੀ ਭਾਂਤ ਦੇ ਕਹਾਣੀਕਾਰ ਵਜੋਂ ਵੇਖਿਆ/ਸਮਝਿਆ ਜਾਣ ਵਾਲਾ ਕਹਾਣੀਕਾਰ ਹੈ। ਉਸਦੀਆਂ ਕਹਾਣੀਆਂ ਵਿਚਲਾ ਬਿਰਤਾਂਤ ਸਿੱਧਾ ਜਾਂ ਇਕਹਿਰਾ ਨਹੀਂ, ਗੁੰਝਲਦਾਰਾਂ, ਜਿਸਨੂੰ ਸਮਝਣ ਲਈ ਪਾਠਕ ਨੂੰ ਮੁਸ਼ੱਕਤ ਕਰਨੀ ਪੈਂਦੀ ਹੈ, ਪਰ ਇਹ ਮੁਸ਼ੱਕਤ ਪਾਠਕ ਨੂੰ ਨਵੇਂ ਅਨੁਭਵਾਂ ਦੇ ਰੂਬਰੂ ਕਰਦੀ ਹੈ, ਇਹੀ ਉਸਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ।

'ਓਹਦੀਆਂ ਅੱਖਾਂ 'ਚ ਸੂਰਜ ਹੈ' ਜਤਿੰਦਰ ਹਾਂਸ ਦਾ ਚੌਥਾ ਕਹਾਣੀ-ਸੰਗ੍ਰਹਿ ਹੈ। ਉਹ ਤਕਰੀਬਨ ਦੋ ਦਹਾਕਿਆਂ ਤੋਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਸਰਗਰਮ ਹੈ। ਕਹਾਣੀਆਂ ਤੋਂ ਇਲਾਵਾ ਉਸ ਨੇ ਇਕ ਨਾਵਲ ਵੀ ਲਿਖਿਆ ਹੈ। ਪਹਿਲੇ ਕਹਾਣੀ ਸੰਗ੍ਰਹਿ ਦੇ ਛਪਣ ਨਾਲ ਹੀ ਇਸਦੀ ਚਰਚਾ ਹੋਣੀ ਸ਼ੁਰੂ ਹੋ ਗਈ ਸੀ। ਹਥਲੇ ਸੰਗ੍ਰਹਿ ਵਿਚ ਗਿਆਰਾਂ ਕਹਾਣੀਆਂ ਸ਼ਾਮਲ

ਹਨ। ਸੰਗ੍ਰਹਿ ਦੀ ਪਹਿਲੀ ਕਹਾਣੀ ਜਿਸਦੇ ਨਾਂ 'ਤੇ ਸੰਗ੍ਰਹਿ ਦਾ ਨਾਮ ਰੱਖਿਆ ਗਿਆ ਹੈ ਅਜੋਕੇ ਸਮਿਆਂ ਵਿਚ ਫੈਲੀ ਧਾਰਮਿਕ ਸੰਕੀਰਣਤਾ ਨੂੰ ਵਿਅੰਗ ਦੀ ਜੁਗਤ ਨਾਲ ਪੇਸ਼ ਕਰਦੀ ਹੈ ਸਾਹਿਤ ਵਿਚ ਵਿਅੰਗ ਦੀ ਜੁਗਤ ਦਾ ਨਿਵੇਕਲਾ ਸਥਾਨ ਹੈ, ਜਿਸ ਨਾਲ ਉਹ ਗੱਲ ਸਾਧਾਰਣ ਅਰਥਾਂ ਵਾਲੀ ਨਾ ਰਹਿ ਕੇ ਬਹੁ-ਅਰਥੀ ਤੇ ਬਹੁ-ਪਰਤੀ ਬਣ ਜਾਂਦੀ ਹੈ ਤੇ ਸਾਧਾਰਣ ਸ਼ਬਦ ਵੀ ਵਿਸ਼ੇਸ਼ ਅਰਥਾਂ ਦੇ ਧਾਰਨੀ ਬਣ ਜਾਂਦੇ ਹਨ। ਕਹਾਣੀ ਦਾ ਇਕ ਪਾਸਾਰ ਦੇਸ਼ ਵੰਡ ਸਮੇਂ ਫ਼ੈਲੀ ਅਰਾਜਕਤਾ ਤੋਂ ਅਜੋਕੇ ਸਮਿਆਂ ਦੀ ਅਰਾਜਕਤਾ ਤੱਕ ਫੈਲਾਅ ਕੇ ਪੇਸ਼ ਕਰਨਾ, ਕਹਾਣੀ ਦੇ ਵਿਧਾਗਤ ਫੈਲਾਅ ਦਾ ਸੂਚਕ ਵੀ ਹੈ। ਇਨ੍ਹਾਂ ਸਮਿਆਂ ਦੇ ਮਾਹੌਲ ਦੀ ਪੇਸ਼ਕਾਰੀ ਵਿਚ ਉਸਦੀ ਰਚਨਾ-ਦ੍ਰਿਸ਼ਟੀ ਵਿਚਲੇ ਅੰਤਰ ਤੇ ਇਕ ਸੂਖਮ ਵਿਅੰਗ ਨਾਲ ਇਹ ਕਹਾਣੀ ਵਿਸ਼ੇਸ਼ ਅਰਥਾਂ ਵਾਲੀ ਰਚਨਾ ਹੈ ਨਿਬੜਦੀ ਹੈ। ਬੇਸ਼ੱਕ ਕਹਾਣੀ ਦੇ ਕੇਂਦਰ ਵਿਚ 'ਮਿੱਠੋ' ਹੈ। ਪਰ ਇਸ ਜਾਨਵਰ ਰਾਹੀਂ ਮਨੁੱਖੀ ਮਾਨਸਿਕਤਾ ਦੇ ਬਹੁਤ ਸਾਰੇ ਪਾਸਾਰਾਂ ਨੂੰ ਇਸ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ ਤੇ ਮਿੱਠੋ ਦੀ ਮਾਲਕਣ ਜਿਸ ਨੇ ਜਨਮ ਤੋਂ ਲੈ ਹੁਣ ਤਕ ਜ਼ਿਆਦਤੀਆਂ ਹੀ ਬਰਦਾਸ਼ਤ ਕੀਤੀਆਂ ਹਨ, ਇਨਸਾਨੀ ਕਦਰਾਂ-ਕੀਮਤਾਂ ਦੀ ਪ੍ਰਤੀਕ ਹੈ ਕਹਾਣੀ ਵਿਚਲਾ ਅੰਤਲਾ ਵਾਕ "ਸੱਟਾਂ ਦਾ ਕੀ ਆ। ਜਿਵੇਂ ਪਹਿਲੀਆਂ ਠੀਕ ਹੋ ਗਈਆਂ ਇਹਨਾਂ ਨੂੰ ਵੀ 'ਰਾਮ' ਆਜੂ" ਇਸ ਕਹਾਣੀ ਦੇ ਅਰਥਾਂ ਨੂੰ ਵਿਸਥਾਰ ਹੀ ਨਹੀਂ ਦੇਂਦਾ ਸਗੋਂ ਬਹੁ-ਪਰਤੀ ਵੀ ਬਣਾ ਦੇਂਦਾ ਹੈ ਜਿਸ ਵਿਚ ਜਿਥੇ ਦਰਦ ਦੀ ਹੂਕ ਹੈ ਉਥੇ ਵਿਅੰਗ ਵੀ ਹੈ ਤੇ ਮਨੁੱਖ ਵਿਚਲੀ ਜੀਉਣ ਦੀ ਊਰਜਾ ਦਾ ਉਲੇਖ ਵੀ।

'ਸਰੀਹ ਦੇ ਪੱਤੇ' ਕਹਾਣੀ ਆਪਸੀ ਰਿਸ਼ਤਿਆਂ ਵਿਚਲੇ ਪਿਆਰ, ਈਰਖਾ ਦੇ ਦ੍ਵੰਦ ਨੂੰ ਪੇਸ਼ ਕਰਦੀ ਹੈ, ਪਰ ਅੰਤ ਪਿਆਰ ਦਾ ਪਲੜਾ ਭਾਰੀ ਹੋ ਜਾਂਦਾ ਹੈ। 'ਖੰਨਾ-ਖੰਨਾ ਈ ਆ' ਕਹਾਣੀ ਬੇਸ਼ੱਕ ਪਰਵਾਸ ਦੇ ਮਸਲੇ ਨੂੰ ਸੰਬੋਧਿਤ ਹੈ, ਪਰ ਕਹਾਣੀ ਦਾ ਅੰਤਲਾ ਵਾਕ, 'ਜਿੰਨਾ ਦੁੱਖ ਮੈਨੂੰ ਸਵੀਟੀ ਦੇ ਵਿਆਹ ਵੇਲੇ ਹੋਇਆ ਸੀ, ਬਈ ਨਰਕ ਭੋਗੂਗੀ। ਉਹ ਤੋਂ ਵੀ ਵੱਧ ਦੁੱਖ ਉਹਨੂੰ ਰਾਜ ਭੋਗਦੀ ਦੇਖ ਕੇ ਹੋਇਆ' ਕਹਾਣੀ ਨੂੰ ਸਿਰਫ਼ ਪਰਵਾਸ ਤੱਕ ਸੀਮਤ ਨਹੀਂ ਰਹਿਣ ਦੇਂਦਾ ਸਗੋਂ ਮਾਨਵੀ ਅਵਚੇਤਨ ਵਿਚਲੀਆਂ ਗੁੰਝਲਾਂ ਵੱਲ ਇਸ਼ਾਰਾ ਕਰਕੇ ਸਮੁੱਚੀ ਕਹਾਣੀ ਦੀ ਤਾਸੀਰ ਹੀ ਬਦਲ ਦੇਂਦਾ ਹੈ ਤੇ ਕਹਾਣੀ ਨੂੰ ਸਮਕਾਲ ਤੋਂ ਵਡੇਰੇ ਅਰਥ ਪ੍ਰਦਾਨ ਕਰਦਾ ਹੈ। 'ਬਲੀਡਿੰਗ ਹਰਟ', 'ਸਮਾਰਟ' ਮਾਨਵੀ ਰਿਸ਼ਤਿਆਂ ਦੀਆਂ ਕਹਾਣੀਆਂ ਹਨ। 'ਅਰਘ' ਕਹਾਣੀ ਔਰਤ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ ਜਦ ਕਿ 'ਰੇਸ' ਅਜੋਕੇ ਦੌਰ ਦੀ ਜਵਾਨ ਹੋ ਰਹੀ ਪੀੜ੍ਹੀ ਦੇ ਮਾਨਸਿਕ ਭਾਵਾਂ ਨੂੰ ਪੇਸ਼ ਕਰਦੀ ਹੈ। 'ਗੰਦਲਾਂ' ਔਰਤ ਦੇ ਮਨ ਵਿਚਲੀਆਂ ਗੁੰਝਲਾਂ ਨੂੰ ਇਕ ਨਵੇਂ ਨਜ਼ਰੀਏ ਨਾਲੋ ਵੇਖਦੀ ਤੇ ਪੇਸ਼ ਕਰਦੀ ਹੈ। 'ਆ ਜਾ ਪਿਆਰ ਲੈ ਜਾ', 'ਔਸੀਆਂ' ਵੀ ਮਾਨਵੀ ਮਨ ਦੇ ਪਾਸਾਰਾਂ ਨੂੰ ਪੇਸ਼ ਕਰਦੀਆਂ ਹਨ, ਜਦਕਿ 'ਬੰਦਾ ਮਰਦਾ ਕਿੱਥੇ ਦੇਖ ਹੁੰਦਾ' ਅਜੋਕੇ ਸਮਿਆਂ ਵਿਚ ਮਾਨਵੀ ਰਿਸ਼ਤਿਆਂ ਦੇ ਸੋਮੇ ਸੁੱਕ ਜਾਣ ਦੇ ਵਿਸ਼ੇ 'ਤੇ ਕੇਂਦ੍ਰਿਤ ਹੈ। ਹਾਂਸ ਦੀ ਵਿਸ਼ੇਸ਼ਤਾ ਲੋਕ ਭਾਸ਼ਾ ਦੀ ਵਰਤੋਂ ਤੇ ਸਭ ਤੋਂ ਵਧ ਭਾਸ਼ਾ ਦੀ ਕਲਾਤਮਿਕ ਵਰਤੋਂ ਹੈ ਜੋ ਉਸਦੀਆਂ ਕਹਾਣੀਆਂ ਦੇ ਅਰਥਾਂ ਨੂੰ ਵਿਸਥਾਰ ਦੇਂਦੀ ਹੈ।

'ਆਈ ਲਾਚਾ' ਅਨੇਮਨ ਸਿੰਘ ਦਾ ਤੀਸਰਾ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਦਸ ਕਹਾਣੀਆਂ ਸ਼ਾਮਲ ਹਨ। ਅਨੇਮਨ ਦੀ ਬਤੌਰ ਕਹਾਣੀਕਾਰ ਜੋ ਵਿਸ਼ੇਸ਼ਤਾ ਉਸਨੂੰ ਬਾਕੀ ਕਹਾਣੀਕਾਰਾਂ ਨਾਲੋਂ ਵਖਰਾਉਂਦੀ ਹੈ। ਉਹ ਹੈ ਉਸਦੀਆਂ ਕਹਾਣੀਆਂ ਦੇ ਵਿਸ਼ੇ। ਵਧੇਰੇ ਪੰਜਾਬੀ

ਕਹਾਣੀ ਪ੍ਰਾਪਤ ਆਰਥਿਕ-ਸਮਾਜਕ ਤੇ ਰਾਜਨੀਤਿਕ ਵਾਤਾਵਰਨ ਵਿਚੋਂ ਵਿਸ਼ੇ ਚੁਣਦੀ ਹੈ, ਇਸ ਕਰਕੇ ਉਸ ਵਿਚ ਦੁਹਰਾਓ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ, ਜਦਕਿ ਅਨੇਮਨ ਦੀਆਂ ਕਹਾਣੀਆਂ ਉਪਰੋਕਤ ਪਾਸਾਰਾਂ ਦੇ ਨਾਲ-ਨਾਲ ਪਾਤਰਾਂ ਦੀ ਮਾਨਸਿਕ ਬਣਤਰ, ਅਵਚੇਤਨ ਤੇ ਵਧੇਰੇ ਧਿਆਨ ਕੇਂਦ੍ਰਿਤ ਕਰਦੀ ਹੈ। ਮਾਨਸਿਕ ਵਰਤਾਰਿਆਂ ਦੀਆਂ ਕਹਾਣੀਆਂ ਹੋਣ ਕਰਕੇ ਇਹ ਕਹਾਣੀਆਂ ਵਧੇਰੇ ਕਰਕੇ ਉੱਤਮ ਪੁਰਖੀ ਬਿਰਤਾਂਤ ਵਿਚ ਰਚੀਆਂ ਗਈਆਂ ਹਨ। ਕਿਉਂਕਿ ਇਸ ਦੀ ਪ੍ਰਮਾਣਿਕਤਾ ਨਿਸਚੇ ਹੀ ਵਧੇਰੇ ਪ੍ਰਭਾਵਕਾਰੀ ਹੁੰਦੀ ਹੈ। ਦੂਸਰੇ, ਇਹ ਦੁਹਰਾਓ ਤੋਂ ਵੀ ਬਚੀਆਂ ਰਹਿੰਦੀਆਂ ਹਨ।

ਪੌਣੀ ਸਦੀ ਗੁਜ਼ਰ ਜਾਣ ਤੋਂ ਬਾਅਦ ਵੀ ਦੇਸ਼ ਵੰਡ ਪੰਜਾਬੀ ਗਲਪ ਦਾ ਮਨਭਾਉਂਦਾ ਵਿਸ਼ਾ ਬਣਿਆ ਹੋਇਆ ਹੈ। ਸ਼ਾਇਦ ਇਸ ਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਇਸ ਏਨੇ ਵੱਡੇ ਮਨੁੱਖੀ ਦੁਖਾਂਤ ਦੇ ਬਹੁਤ ਸਾਰੇ ਪਹਿਲੂ ਅਜੇ ਵੀ ਅਣਸੁਲਝੇ ਹਨ ਨਾਲ ਹੀ ਇਸ ਦੁਖਾਂਤ ਨੂੰ ਹੰਢਾਉਣ ਵਾਲੇ ਹਰ ਵਿਅਕਤੀ ਕੋਲ ਆਪਣੀ ਵੱਖਰੀ ਕਹਾਣੀ ਵੀ। 'ਚੀਸ' ਵੀ ਇਸੇ ਵਿਸ਼ੇ ਨਾਲ ਸੰਬੰਧਿਤ ਹੈ। ਬੇਸ਼ੱਕ ਇਸ ਕਹਾਣੀ ਦਾ ਵਿਸ਼ਾ ਘਰ ਛੱਡਣ ਨਾਲ ਜੁੜਿਆ ਹੈ, ਪਰ ਕਹਾਣੀ ਵਿਚਲਾ ਅਸਲੀ ਬਿੰਦੂ ਉਹ 'ਚੀਸ' ਹੈ ਜੋ ਕੇਂਦਰੀ ਪਾਤਰ ਦੇ ਅੰਦਰ ਪੌਣੀ ਸਦੀ ਬਾਅਦ ਵੀ ਘਰ ਕਰੀ ਬੈਠੀ ਹੈ ਜੋ ਉਹ ਕਿਸੇ ਨਾਲ ਵੀ ਸਾਂਝੀ ਨਹੀਂ ਕਰ ਸਕਦੀ। ਇਹ ਪੀੜ ਬੇਗਾਨਿਆਂ ਦੇ ਨਾਲ-ਨਾਲ ਆਪਣਿਆਂ ਦੀ ਵੀ ਦਿੱਤੀ ਹੋਈ ਹੈ। ਇਸੇ ਕਰਕੇ ਇਹ ਪੀੜ ਨਹੀਂ ਚੀਸ ਹੈ। ਪੀੜ ਤੇ ਚੀਸ ਵਿਚਲੇ ਫ਼ਰਕ ਵਿਚ ਹੀ ਕਹਾਣੀ ਦੇ ਅਰਥ ਛੁਪੇ ਹੋਏ ਹਨ। 'ਸਾਈਂ' ਕਹਾਣੀ ਵੀ ਮਨੁੱਖੀ ਰਿਸ਼ਤਿਆਂ ਵਿਚਲੇ ਵਿਭਿੰਨ ਪਾਸਾਰਾਂ ਨੂੰ ਹੀ ਪੇਸ਼ ਕਰਦੀ ਹੈ। ਇਸ ਪਾਸੇ ਸਮਾਜਕ ਰਿਸ਼ਤੇ ਹਨ ਜੋ ਵਕਤ ਨਾਲ ਆਪਣੀ ਚਮਕ ਗਵਾਉਂਦੇ ਹੋਏ ਇੱਥੋਂ ਤਕ ਪੁੱਜ ਗਏ ਹਨ ਕਿ ਕਹਾਣੀ ਦੀ ਕੇਂਦਰੀ ਪਾਤਰ ਪਤੀ ਦੇ ਮਰਨ ਦੀ ਕਾਮਨਾ ਕਰਨ ਲੱਗਦੀ ਹੈ। ਪਰ ਦੂਸਰੇ ਪਾਸੇ ਖ਼ੂਨ ਦੇ ਰਿਸ਼ਤੇ ਹਨ, ਜੋ ਉਸ ਮਰ ਰਹੇ ਵਿਅਕਤੀ ਦੀ ਬੇਟੀ ਆਪਣੇ ਨਿਕੰਮੇ ਤੇ ਸ਼ਰਾਬੀ ਪਿਓ ਨੂੰ ਬਚਾਉਣ ਲਈ ਆਪਣਾ ਗੁਰਦਾ ਦੇਣ ਲਈ ਵੀ ਤਿਆਰ ਹੋ ਜਾਂਦੀ ਹੈ। ਕਹਾਣੀ ਵਿਚਲਾ ਸਮੁੱਚਾ ਦ੍ਵੰਦ ਇਨ੍ਹਾਂ ਰਿਸ਼ਤਿਆਂ ਦੀ ਧਰਾਤਲ 'ਤੇ ਹੀ ਟਿਕਿਆ ਹੋਇਆ ਹੈ।

'ਆਈ ਲਾਚਾ' ਤੇਜ਼ੀ ਨਾਲ ਬਦਲ ਰਹੇ ਦੌਰ ਵਿਚ ਬਦਲ ਰਹੀਆਂ ਕਦਰਾਂ-ਕੀਮਤਾਂ ਮੁਤਾਬਿਕ ਕਦਮ ਮੇਚ ਕੇ ਤੁਰਨ ਤੇ ਨਾ ਤੁਰ ਸਕਣ ਵਾਲਿਆਂ ਦੀ ਕਹਾਣੀ ਹੈ। ਇਕ ਪਾਸੇ ਕਬਾਇਲੀ ਮਾਨਤਾਵਾਂ ਹਨ, ਪਰ ਬਦਲ ਰਹੇ ਹਾਲਾਤ ਵਿਚ ਇਨ੍ਹਾਂ ਤੇ ਪੂਰਾ ਉਤਰਨਾ ਸਿਰਫ਼ ਮਾਨਸਿਕ ਤਸੱਲੀ ਤਾਂ ਦੇ ਸਕਦਾ ਹੈ, ਪਰ ਇਸ ਨਾਲ ਜ਼ਿੰਦਗੀ ਦੀ ਦੌੜ ਵਿਚ ਪਛੜ ਜਾਣਾ ਵੀ ਯਕੀਨੀ ਹੈ। ਇਸ ਦੇ ਬਾਵਜੂਦ ਲੋਕ ਇਨ੍ਹਾਂ ਨੂੰ ਛੱਡਣ ਲਈ ਤਿਆਰ ਨਹੀਂ, ਸਗੋਂ ਇਨ੍ਹਾਂ ਨਾਲ ਵੱਖ ਵੱਖ ਮਿੱਥਾਂ ਜੋੜ ਕੇ ਇਨ੍ਹਾਂ ਦੇ ਗੌਰਵ ਨੂੰ ਕਾਇਮ ਰੱਖਣ ਤੇ ਅਜੇਹਾ ਨਾ ਕਰਨ ਦੀ ਸੂਰਤ ਵਿਚ ਅਦਿੱਖ ਸ਼ਕਤੀਆਂ ਦੀ ਕਰੋਪੀ ਦਾ ਡਰ ਵੀ ਮਨੁੱਖੀ ਮਾਨਸਿਕਤਾ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਪਰ ਸੰਦਲੀ ਆਪਣੀ ਔਲਾਦ ਦੇ ਭਵਿੱਖ ਦੀ ਖਾਤਿਰ ਇਨ੍ਹਾਂ ਤੋਂ ਬਾਗ਼ੀ ਹੁੰਦੀ ਹੈ, ਹਾਲਾਂਕਿ ਉਸਦਾ ਸਹੁਰਾ 'ਆਈ ਲਾਚਾ' ਦੇਵੀ ਦੇ ਕਰੋਪ ਤੋਂ ਡਰਦਾ ਮਾਨਸਿਕ ਰੋਗੀ ਬਣ ਜਾਂਦੀ ਹੈ, ਪਰ ਜਦੋਂ ਉਸਦੀ ਅਗਲੀ ਪੀੜ੍ਹੀ ਆਪਣੇ ਸੰਘਰਸ਼ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਉਹ ਵੀ ਇਸ ਡਰ 'ਤੇ ਕਾਬੂ ਪਾ ਲੈਂਦਾ। ਪਰ ਜੋ ਇਨ੍ਹਾਂ ਨੂੰ ਛੱਡਣ ਲਈ ਤਿਆਰ ਨਹੀਂ ਉਨ੍ਹਾਂ ਲਈ ਭਵਿੱਖ ਬਹੁਤ ਸਾਰੇ ਮਸਲੇ ਲੈ ਕੇ ਸਾਹਮਣੇ ਆਉਂਦਾ ਹੈ।

'ਰਾਮ ਕਹਾਣੀ', 'ਚੁਸਕੂ' ਮਾਨਸਿਕ ਗੰਢਾਂ ਦੀਆਂ ਕਹਾਣੀਆਂ ਹਨ। ਜੋ ਕੇਂਦਰੀ ਪਾਤਰਾਂ ਦੀ ਮਾਨਸਿਕਤਾ ਤੇ ਬੁਰੀ ਤਰ੍ਹਾਂ ਅਸਰ ਅੰਦਾਜ਼ ਹਨ, ਪਰ ਜਦੋਂ ਕਹਾਣੀਆਂ ਵਿਚ ਉਨ੍ਹਾਂ ਦੀਆਂ ਮਾਨਸਿਕ ਗੁੰਝਲਾਂ ਦੀ ਪਛਾਣ ਹੁੰਦੀ ਹੈ ਤਾਂ ਉਹ ਹਮਦਰਦੀ ਦੇ ਪਾਤਰ ਬਣ ਜਾਂਦੇ ਹਨ।

'ਵਿਗੋਰਾ' ਤਾਕਤ ਤੇ ਪੈਸੇ ਨਾਲ ਵਿਅਕਤੀ ਵਿਚਲੀਆਂ ਅਤ੍ਰਿਪਤ ਖ਼ਾਹਿਸ਼ਾਂ ਦੇ ਨਿਰੰਤਰ ਭੜਕਦੇ ਰਹਿਣ ਦੇ ਕਾਰਣਾ ਨੂੰ ਬਿਆਨ ਕਰਦੀ ਹੈ। ਜਦ ਕਿ 'ਪਾਰਟੀ' ਇਕ ਪਾਸੇ ਵਿਦਿਅਕ ਪ੍ਰਬੰਧ ਅਤੇ ਅਧਿਆਪਕ ਵਰਗ ਦੇ ਨਿਘਾਰ ਨੂੰ ਬਿਆਨਦੀ ਹੈ, ਦੂਸਰੇ ਪਾਸੇ ਇਕ ਮਾਸੂਮ ਬੱਚੇ ਦੀ ਮਾਨਸਿਕਤਾ, ਜਿਸ ਨੂੰ ਅਧਿਆਪਕਾ ਦੇ ਵਿਹਾਰ ਕਾਰਣ ਠੇਸ ਪਹੁੰਚਦੀ ਹੈ, ਉਸ ਲਈ ਉਸ ਵੇਲੇ ਦੇ ਹਾਲਾਤ ਮੁਤਾਬਿਕ ਬਦਲਾ ਲੈਣ ਦਾ ਬਹੁਤ ਹੀ ਮਾਸੂਮ ਰਾਹ ਚੁਣਦਾ ਹੈ। ਆਪਣੇ ਵਿਸ਼ਿਆਂ ਤੇ ਪੜ੍ਹਨਯੋਗਤਾ ਕਰਕੇ ਇਹ ਪੁਸਤਕ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ।

ਆਗਾਜ਼ਬੀਰ ਪੰਜਾਬੀ ਕਹਾਣੀ ਦੇ ਖੇਤਰ ਵਿਚ ਬਿਲਕੁਲ ਨਵਾਂ ਜਾਂ ਅਣਜਾਣਿਆਂ ਨਾ ਨਹੀਂ। ਇਸ ਪਿਛਲੇ ਕੁਝ ਸਾਲਾਂ ਤੋਂ ਇਸਦੀਆਂ ਕਹਾਣੀਆਂ ਨਿਰੰਤਰ ਪੰਜਾਬੀ ਦੇ ਵੱਖ-ਵੱਖ ਰਿਸਾਲਿਆਂ ਵਿਚ ਛਾਪਦੀਆਂ ਰਹੀਆਂ ਹਨ ਤੇ ਪਾਠਕਾਂ ਵਿਚ ਚਰਚਾ ਦਾ ਵਿਸ਼ਾ ਵੀ ਬਣਦੀਆਂ ਰਹੀਆਂ ਹਨ। ਪਰ ਕਿਸੇ ਵੀ ਲੇਖਕ ਬਾਰੇ ਨਿੱਠ ਕੇ ਚਰਚਾ ਉਸਦੀ ਪੁਸਤਕ ਛਪਣ ਤੋਂ ਬਾਅਦ ਹੀ ਹੁੰਦੀ ਹੈ। ਆਗਾਜ਼ਬੀਰ ਵੀ ਆਪਣੀ ਪਹਿਲੀ ਪੁਸਤਕ 'ਕੁਇਨਜ਼ ਲੈਂਡ' ਲੈ ਕੇ ਪਾਠਕਾਂ ਤੇ ਵਿਦਵਾਨਾਂ ਦੀ ਕਚਿਹਰੀ ਵਿਚ ਹਾਜ਼ਰ ਹੈ। ਇਸ ਪੁਸਤਕ ਵਿਚ ਉਸਦੀਆਂ ਦਸ ਕਹਾਣੀਆਂ ਸ਼ਾਮਲ ਹਨ। ਉਸ ਦੀਆਂ ਕਹਾਣੀਆਂ ਪੜ੍ਹਨ ਤੋਂ ਬਾਅਦ ਇਕ ਗੱਲ ਜੋ ਉਭਰ ਕੇ ਸਾਹਮਣੇ ਆਉਂਦੀ ਹੈ ਉਹ ਉਸਦੀਆਂ ਕਹਾਣੀਆਂ ਵਿਚਲੇ ਪਾਤਰਾਂ ਬਾਰੇ ਹੈ, ਇਹ ਪਾਤਰ/ਵਿਅਕਤੀ ਵਧੇਰੇ ਕਰਕੇ ਉਹ ਹਨ ਜੋ ਸਮਾਜ ਨੇ ਹਾਸ਼ੀਏ 'ਤੇ ਧੱਕੇ ਹੋਏ ਹਨ। ਜੋ ਆਪਣੇ ਸਥਾਨ 'ਤੇ ਆਪਣੇ ਹਾਲਾਤ ਵਿਰੁੱਧ ਸੰਘਰਸ਼ ਕਰਦੇ ਹੋਏ ਵੀ ਸਮਾਜ ਵਿਚ ਅਣਗੌਲੇ ਹਨ ਤੇ ਉਨ੍ਹਾਂ ਦੀ ਆਵਾਜ਼ ਅਣਸੁਣੀ ਹੀ ਰਹਿ ਜਾਂਦੀ ਹੈ। ਇਸ ਲਈ ਉਸਨੂੰ 'ਅਣਗੌਲਿਆਂ' ਦਾ ਕਹਾਣੀਕਾਰ ਵੀ ਕਿਹਾ ਜਾ ਸਕਦਾ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ 'ਤੇਈਆ' ਗਲੀ-ਮੁਹੱਲਿਆਂ/ਘਰਾਂ ਵਿਚੋਂ ਕੂੜਾ ਇਕੱਠਾ ਕਰਨ ਵਾਲਿਆਂ ਬਾਰੇ ਹੈ। ਪਹਿਲਾ ਬਾਪ ਸਾਰੀ ਉਮਰ ਇਹੀ ਕੰਮ ਕਰਦਾ ਰਿਹਾ ਸੀ ਤੇ ਫਿਰ ਆਪਣੀ ਇਹ ਵਿਰਾਸਤ ਆਪਣੇ ਪੁੱਤਰ ਨੂੰ ਸੌਂਪ ਜਾਂਦਾ ਹੈ, ਜਦਕਿ ਪੁੱਤਰ ਪੜ੍ਹ-ਲਿਖ ਕੇ ਅਫਸਰ ਬਣਨ ਦੇ ਸੁਪਨੇ ਦੇਖ ਰਿਹਾ ਸੀ। ਇਸ ਕਹਾਣੀ ਵਿਚ ਭਾਵੇਂ ਸੁਪਨਿਆਂ ਦੇ ਪੂਰਾ ਨਾ ਹੋਣ ਦਾ ਵਿਗੋਚਾ ਨਹੀਂ। ਪਰ ਸਮਾਜਕ ਵਿਵਸਥਾ ਦੀਆਂ ਬਹੁਤ ਸਾਰੀਆਂ ਕਾਣਾਂ ਜ਼ਰੂਰ ਉਜਾਗਰ ਹੁੰਦੀਆਂ ਹਨ। ਤਾਕਤਵਰ ਧਿਰਾ ਸਾਹਮਣੇ ਅਜੇਹੇ ਨਿਗੂਣੇ ਰੁਜ਼ਗਾਰ ਲਈ ਵੀ ਹਰ ਤਰ੍ਹਾਂ ਦੇ ਸਮਝੌਤੇ ਕਰਨ ਪੈਂਦੇ ਹਨ। ਇਨ੍ਹਾਂ ਅਣਗੌਲੇ ਪਾਤਰਾਂ ਨੂੰ ਸਿਰਫ਼ ਘਰਾਂ ਦਾ ਕੂੜਾ ਹੀ ਨਹੀਂ ਚੁੱਕਣਾ ਪੈਂਦਾ, ਸਗੋਂ ਹੋਰ ਵੀ ਕਈ ਕੰਮ ਆਪਣੀ ਜ਼ਮੀਰ ਮਾਰ ਕੇ ਕਰਨੇ ਪੈਂਦੇ ਹਨ, ਜਿਨ੍ਹਾਂ ਲਈ ਉਹ ਤਿਆਰ ਨਹੀਂ ਹੁੰਦਾ ਕਿਉਂਕਿ ਉਸ ਨੂੰ ਮਰੀ ਜ਼ਮੀਰ ਦੀ ਗੰਧ ਕੂੜੇ ਦੀ ਗੰਧ ਨਾਲੋਂ ਵਧੇਰੇ ਵਿਚਲਿਤ ਕਰਦੀ ਹੈ। ਇਸੇ ਤਰ੍ਹਾਂ 'ਕੁਇਨਜ਼ ਲੈਂਡ' ਵੀ ਇਕ ਅਜੇਹੀ ਔਰਤ ਦੀ ਕਹਾਣੀ ਹੈ, ਜਿਸ ਨੂੰ ਬਚਪਨ ਤੋਂ ਹੀ ਜ਼ਿਆਦਤੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜੋ ਕਈ ਥਾਵਾਂ ਤੇ ਵਿਕਦੀ ਪੰਜਾਬ ਪਹੁੰਚਦੀ ਹੈ ਤੇ ਲੋੜਵੰਦ ਜਿੰਦਰ ਨਾਲ ਘਰ ਵਸਾ ਲੈਂਦੀ ਹੈ, ਜਦੋਂ ਵਾਪਸ ਆਪਣੇ ਦੇਸ਼ ਬੰਗਾਲ ਜਾਂਦੀ ਹੈ ਤਾਂ ਬਹੁਤ ਸਾਰੀਆਂ ਔਰਤਾਂ/ਕੁੜੀਆਂ ਪੰਜਾਬ ਆਉਣ ਲਈ

ਤਿਆਰ ਹਨ, ਪਰ ਇਸੇ ਕੁਝ ਦੇ ਬਾਵਜੂਦ ਉਸਦਾ ਬੰਗਾਲ ਵਿਚਲਾ ਘਰ ਉਸਦੀਆਂ ਯਾਦਾਂ ਵਿਚ ਵਸਦਾ-ਰਸਦਾ ਹੈ।

'ਲਾਜਵੰਤੀ ਦਾ ਬੂਟਾ' ਠੇਕੇ 'ਤੇ ਬੱਸ ਕੰਡਕਟਰੀ ਕਰਦੇ ਵਿਅਕਤੀ ਦੀ ਕਹਾਣੀ ਹੈ, ਜਿਸਨੂੰ ਮੰਤਰੀ ਦੀ ਸਿਫ਼ਾਰਿਸ਼ ਨਾਲ ਨੌਕਰੀ ਤਾਂ ਮਿਲ ਜਾਂਦੀ ਹੈ, ਪਰ ਹਰ ਥਾਂ ਹੁੰਦੇ ਸ਼ੋਸ਼ਣ ਕਾਰਣ ਉਹ ਇੱਥੇ ਵੀ ਹਾਸ਼ੀਆਗ੍ਰਸਤ ਧਿਰ ਹੀ ਬਣਿਆ ਰਹਿੰਦਾ ਹੈ। 'ਬੰਦ ਦਰਵਾਜ਼ਾ' ਵੀ ਅਜੇਹੀ ਹੀ ਔਰਤ ਦੀ ਕਹਾਣੀ ਹੈ। ਜੋ ਪਿੰਡ ਦੇ ਚੌਧਰੀਆਂ ਦੀ ਧੌਂਸ ਮੰਨਣ ਤੋਂ ਇਨਕਾਰੀ ਹੋ ਕੇ ਆਪਣੀ ਜ਼ਿੰਦਗੀ ਦਾ ਬੰਦ ਦਰਵਾਜ਼ਾ ਖੋਲ੍ਹਣ ਲਈ ਜਦੋ ਜਹਿਦ ਕਰਦੀ ਹੈ। 'ਮੈਂ ਕੀ ਕਰਾਂ' ਵੀ ਅਜੇਹੀ ਇਕੱਲੀ ਔਰਤ ਦੀ ਕਹਾਣੀ ਹੈ, ਜੋ ਵਿਆਹ ਸ਼ਾਦੀਆਂ ਵਿਚ ਸਟੇਜ ਤੇ ਨੱਚ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੀ ਹੈ। ਭਾਵੇਂ ਹਰ ਥਾਂ ਉਸ ਨਾਲ ਜ਼ਿਆਦਤੀ ਹੁੰਦਾ ਹੈ, ਪਰ ਉਹ ਆਪਣੇ ਸੰਘਰਸ਼ ਤੇ ਸਿਦਕ ਨੂੰ ਕਾਇਮ ਰੱਖਦੀ ਹੈ। 'ਮੁਕੱਦਸ ਖ਼ਾਸ' ਰਿਸ਼ਤਿਆਂ ਦੇ ਵਿਭਿੰਨ ਰੰਗਾਂ ਤੇ ਪਾਸਾਰਾਂ ਨੂੰ ਪੇਸ਼ ਕਰਦੀ ਹੈ। 'ਕਾਲੀ ਘੋੜੀ ਦਾ ਸਵਾਰ' ਵੀ ਔਰਤ ਹੋਣ ਦੇ ਸੰਤਾਪ ਦੀ ਕਹਾਣੀ ਹੈ।

'ਸੂਰਾ' ਔਰਤ ਨੂੰ ਇਕ ਨਵੇਂ ਰੂਪ ਵਿਚ ਪੇਸ਼ ਕਰਦੀ ਹੈ। ਸਮਾਜਕ ਪ੍ਰਸਥਿਤੀਆਂ ਤਾਂ ਵਧੇਰੇ ਕਰਕੇ ਔਰਤ ਵਿਰੋਧੀ ਹਨ, ਪਰ ਇਨ੍ਹਾਂ ਨਾਲ ਲੜਨ ਤੋਂ ਪਹਿਲਾਂ ਔਰਤ ਨੂੰ ਆਪਣੇ ਔਰਤ ਹੋਣ ਦੇ ਡਰ ਤੋਂ ਮੁਕਤ ਹੋਣ ਲਈ ਆਪਣੇ ਨਾਲ ਹੀ ਲੜਨਾ ਪੈਂਦਾ ਹੈ। ਜੇਕਰ ਉਹ ਇਹ ਲੜਾਈ ਜਿੱਤਦੀ ਹੈ ਤਾਂ ਹੀ ਉਹ ਆਪਣੀ ਸਮਾਜਕ ਹੋਂਦ ਦੀ ਲੜਾਈ ਲੜਨ ਦੇ ਸਮਰੱਥ ਹੋ ਸਕਦੀ ਹੈ ਤੇ ਇਸ ਕਹਾਣੀ ਦੀ ਕੇਂਦਰੀ ਪਾਤਰ ਵੀ ਅਜੇਹਾ ਹੀ ਕਰਦੀ ਹੈ ਤੇ ਭੈਅ ਮੁਕਤ ਹੋਣ ਦੇ ਤਹੱਈਏ ਨਾਲ ਹੀ ਉਹ ਘਰੋਂ ਬਾਹਰ ਨਿਕਲ ਕੇ ਸਮਾਜ ਦਾ ਸਾਹਮਣਾ ਕਰ ਸਕਣ ਦੇ ਸਮਰੱਥ ਹੁੰਦੀ ਹੈ।

ਅਗਾਜ਼ਬੀਰ ਦੀਆਂ ਕਹਾਣੀਆਂ ਦੇ ਪਾਤਰ ਬੇਸ਼ੱਕ ਦੱਬੇ-ਕੁਚਲੇ ਹਨ, ਪਰ ਉਹ ਆਪਣੀ ਹੋਂਦ ਦੀ ਲੜਾਈ ਲੜਨਾ ਨਹੀਂ ਛੱਡਦਾ। ਇਹ ਲੜਾਈ ਉਸਦੀਆਂ ਕਹਾਣੀਆਂ ਦਾ ਕੇਂਦਰੀ ਸੂਤਰ ਹੈ।

ਅਵਤਾਰ ਸਿੰਘ ਬਿਲਿੰਗ ਮੂਲ ਰੂਪ ਵਿਚ ਗਲਪਕਾਰ ਹੈ, ਪਰ ਪਿਛਲੇ ਕੁਝ ਸਮੇਂ ਤੋਂ ਵਾਰਤਕ ਦੇ ਖੇਤਰ ਵਿਚ ਵੀ ਸਰਗਰਮ ਹੈ। ਪਹਿਲਾਂ ਉਸਨੇ 'ਮੇਰਾ ਪਿੰਡ ਮੇਰੇ ਲੋਕ' ਤੇ ਹੁਣ 'ਮੂਰਤਾਂ ਰੰਗ ਬਰੰਗੀਆਂ' ਉਸਦੀ ਦੂਸਰੀ ਵਾਰਤਕ ਪੁਸਤਕ ਹੈ, ਜਿਸ ਨੂੰ ਸ੍ਵੈ-ਜੀਵਨੀ ਲਿਖਣ ਦੀ ਮਸ਼ਕ ਵੀ ਕਿਹਾ ਜਾ ਸਕਦਾ ਹੈ। ਇਸ ਪੁਸਤਕ ਵਿਚ ਉਸਦੇ ਘਰ ਦੇ, ਪਿੰਡ ਦੇ 'ਤੇ ਜ਼ਿੰਦਗੀ ਵਿਚ ਆਏ 23 ਲੋਕਾਂ ਦੇ ਸ਼ਬਦ ਚਿਤਰ ਹਨ। ਇਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਸਿਰਫ਼ ਉਨ੍ਹਾਂ ਵਿਅਕਤੀਆਂ ਦੇ ਸੁਭਾਅ ਤੇ ਸ਼ਖ਼ਸੀਅਤ ਬਾਰੇ ਹੀ ਜਾਣਕਾਰੀ ਨਹੀਂ ਮਿਲਦੀ, ਸਗੋਂ ਲੇਖਕ ਦੇ ਬਚਪਨ ਤੋਂ ਲੈ ਕੇ ਹੁਣ ਤਕ ਦੀ ਉਸਦੀ ਸ਼ਖ਼ਸੀਅਤ ਦੀ ਉਸਾਰੀ ਕਿਨ੍ਹਾਂ ਹਾਲਾਤ ਵਿਚ ਹੋਈ, ਉਨ੍ਹਾਂ ਬਾਰੇ ਵੀ ਭਰਪੂਰ ਜਾਣਕਾਰੀ ਹਾਸਲ ਹੁੰਦੀ ਹੈ। ਇਸ ਤੋਂ ਵੀ ਵੱਧ ਪਿਛਲੇ 70-80 ਸਾਲ ਦੇ ਪੰਜਾਬ ਦੇ ਸਮਾਜਕ, ਰਾਜਨੀਤਿਕ ਤੇ ਆਰਥਿਕ ਵਿਕਾਸ ਤੇ ਇਤਿਹਾਸ ਦਾ ਜ਼ਿਕਰ ਵੀ ਇਸ ਪੁਸਤਕ ਵਿਚ ਦਰਜ ਹੈ। ਕਿਤਾਬ ਵਿਚ ਦਰਜ ਕੁਝ ਵਿਅਕਤੀ ਚਿਤਰ ਉਸਦੇ ਆਪਣੇ ਪਰਿਵਾਰ ਨਾਲ ਸੰਬੰਧਿਤ ਹੋਣ ਕਰਕੇ ਲਗਦਾ ਸੀ ਕਿ ਇਨ੍ਹਾਂ ਵਿਚ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਦਾ ਗੁਣਗਾਨ ਕੀਤਾ ਹੋਵੇਗਾ, ਪਰ ਪੜ੍ਹਨ ਤੋਂ ਬਾਅਦ ਇਹ ਭੁਲੇਖਾ

ਦੂਰ ਹੋ ਜਾਂਦਾ ਹੈ। ਪਰਿਵਾਰਕ ਮੈਂਬਰਾਂ ਬਾਰੇ ਲਿਖਦਿਆਂ ਵੀ ਉਸਨੇ ਉਨ੍ਹਾਂ ਨੂੰ ਇਕ ਫਾਸਲੇ ਤੋਂ ਚਿਤਰਿਆ ਹੈ। ਪਹਿਲੇ ਹੀ ਵਿਅਕਤੀ ਚਿਤਰ ਵਿਚ ਆਪਣੇ ਪਿਤਾ ਬਾਰੇ ਲਿਖਦੇ ਹੋਏ ਹਰੇ ਇਨਕਲਾਬ ਤੋਂ ਪਹਿਲਾਂ ਦੇ ਪੰਜਾਬ ਬਾਰੇ ਤੇ ਕਿਸਾਨੀ ਬਾਰੇ ਵੀ ਬਹੁਤ ਸਾਰੇ ਵੇਰਵੇ ਦਰਜ ਹਨ। ਆਪਣੇ ਪਿਤਾ ਨੂੰ ਗੁਣਾਂ-ਔਗੁਣਾ ਦੇ ਮੇਲ ਵਾਲੇ ਵਿਅਕਤੀ ਵਜੋਂ ਹੀ ਪੇਸ਼ ਕੀਤਾ ਹੈ। ਇਸ ਕਰਕੇ ਇਹ ਚਿਤਰ ਬਹੁਤ ਹੀ ਸੁਭਾਵਿਕ ਲਗਦਾ ਹੈ। ਇਸ ਤੋਂ ਇਲਾਵਾ ਆਪਣੇ ਦਾਦੇ, ਨਾਨੀ ਨਾਨੇ, ਤਾਏ, ਪਤਨੀ ਤੇ ਪਿੰਡ ਦੇ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕਾਂ ਦੇ ਚਿਤਰ ਵੀ ਲੇਖਕ ਨੇ ਪੂਰੀ ਇਮਾਨਦਾਰੀ ਤੇ ਸੁਭਾਵਿਕ ਢੰਗ ਨਾਲ ਚਿਤਰੇ ਹਨ।

ਇਸ ਕਿਤਾਬ ਦੀ ਖ਼ੂਬਸੂਰਤੀ ਉਸ ਵੇਲੇ ਦੇ ਸਮਾਜ ਦੀ ਪੇਸ਼ਕਾਰੀ ਵਿਚ ਹੈ ਜਿਵੇਂ ਉਸਦਾ ਦਾ ਬਾਪ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਹਿੰਦੂ ਧਰਮ ਦੇ ਰਸਮ-ਰਿਵਾਜ ਵੀ ਉਸੇ ਹੀ ਸ਼ਰਧਾ ਨਾਲ ਨਿਭਾਉਂਦਾ ਸੀ ਤੇ ਉਸਦੀ ਧਾਰਮਿਕਤਾ ਅਜੇਹੇ ਵਿਸ਼ਵਾਸਾਂ ਨਾਲ ਕਿਤੇ ਵੀ ਟਕਰਾਉਂਦੀ ਨਹੀਂ, ਅਜੋਕੇ ਧਾਰਮਿਕ ਵਿਖਾਵੇ ਤੇ ਵਖਰੇਵੇਂ ਵਾਲੇ ਸਮਿਆਂ ਵਿਚ ਅਜੇਹੀਆਂ ਗੱਲਾਂ ਨਿਸਚੇ ਹੀ ਹੈਰਾਨ ਕਰਦੀਆਂ ਹਨ। ਧਾਰਮਿਕ ਸਹਿਣਸ਼ੀਲਤਾ, ਭਾਈਚਾਰਕ ਸਾਂਝ ਉਸ ਵੇਲੇ ਦੇ ਸਮਾਜ/ਜੀਵਨ ਦਾ ਕੇਂਦਰੀ ਧੁਰਾ ਸੀ। 'ਤੇਜਾ ਟੇਲਰ' ਵਿਚ ਆਜ਼ਾਦੀ ਤੋਂ ਪਹਿਲਾ ਦੇ ਬਾਰਾਂ ਦੇ ਜੀਵਨ ਦਾ ਪ੍ਰਮਾਣਿਕ ਚਿਤਰ ਮਿਲ ਜਾਂਦਾ ਹੈ। ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕਾਂ ਦੇ ਸ਼ਬਦ ਚਿਤਰ ਇਕ ਪਾਸੇ ਉਨ੍ਹਾਂ ਵਿਅਕਤੀਆਂ ਦੇ ਪ੍ਰਮਾਣਿਕ ਚਿਤਰ ਹਨ ਤੇ ਦੂਸਰੇ ਪਾਸੇ ਪੇਂਡੂ ਸਮਾਜ ਦੇ ਪ੍ਰਮਾਣਿਕ ਦਸਤਾਵੇਜ਼ ਵੀ। ਇਸ ਤੋਂ ਇਲਾਵਾ ਇਸ ਪੁਸਤਕ ਦੀ ਇਕ ਹੋਰ ਵਿਸ਼ੇਸ਼ਤਾ ਉਹ 'ਸ਼ਬਦਾਵਲੀ ਵੀ ਹੈ, ਜੋ ਨਵੀਂ ਪੀੜ੍ਹੀ ਲਈ ਬਿਲਕੁਲ ਨਵੀਂ ਹੈ। ਲੇਖਕ ਨਵੀਂ ਪੀੜ੍ਹੀ ਨਾਲ ਉਨ੍ਹਾਂ ਸ਼ਬਦਾਂ ਦੀ ਅਰਥਾਂ ਸਮੇਤ ਸਾਂਝ ਪਵਾਉਂਦਾ ਹੈ। ਕਿਉਂਕਿ ਹੁਣ ਪਿੰਡ ਤੇ ਸਮਾਜ ਪੂਰੀ ਤਰ੍ਹਾਂ ਤਬਦੀਲ ਹੋ ਚੁਕਾ ਹੈ। ਸਮੁੱਚੇ ਰੂਪ ਵਿਚ ਗਲਪਨਿਕ ਸੁਭਾਅ ਵਾਲੀ ਇਹ ਰਚਨਾ ਪੜ੍ਹਨਯੋਗ ਹੈ।

'ਮੇਰੀ ਅਣਕਹੀ ਕਹਾਣੀ' ਚੈਨ ਮਤਫੱਲੂ ਦੀ ਸ੍ਵੈ-ਜੀਵਨੀ ਹੈ। ਆਮ ਤੌਰ 'ਤੇ ਇਹ ਧਾਰਨਾ ਪ੍ਰਚਲਿਤ ਹੈ ਕਿ ਸ੍ਵੈ-ਜੀਵਨੀ ਉਹੀ ਵਿਅਕਤੀ ਲਿਖਦਾ ਹੈ ਜਿਸਨੇ ਜ਼ਿੰਦਗੀ ਵਿਚ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹੋਣ ਤੇ ਇਨ੍ਹਾਂ ਪ੍ਰਾਪਤੀਆਂ ਬਾਰੇ ਪੜ੍ਹ ਕੇ ਪਾਠਕ ਦੇ ਮਨ ਵਿਚ ਵੀ ਕੁਝ ਬਣਨ ਤੇ ਪ੍ਰਾਪਤ ਕਰਨ ਦੀ ਖ਼ਾਹਿਸ਼ ਪੈਦਾ ਹੋਵੇ। ਪਰ ਇਸ ਧਰਨਾ ਦੇ ਨਜ਼ਰੀਏ ਤੋਂ ਇਹ ਸ੍ਵੈ-ਜੀਵਨੀ ਬਿਲਕੁਲ ਵੱਖਰੀ ਹੈ ਤੇ ਇਹ ਪੁਸਤਕ ਇਹ ਸਥਾਪਿਤ ਕਰਨ ਦਾ ਯਤਨ ਕਰਦੀ ਹੈ ਕਿ ਇਕ ਸਾਧਾਰਣ ਵਿਅਕਤੀ ਦੀ ਜ਼ਿੰਦਗੀ ਵਿਚ ਵੀ ਬਹੁਤ ਕੁਝ ਐਸਾ ਹੁੰਦਾ ਹੈ ਜੋ ਉਸ ਵਿਚਲੀ ਅਸਧਾਰਣ ਸ਼ਕਤੀ, ਹਾਲਾਤ ਨਾਲ ਲੜ/ਸੰਘਰਸ਼ ਕਰ ਸਕਣ ਵਾਲੀ ਪ੍ਰਵਿਰਤੀ ਨੂੰ ਪ੍ਰਗਟਾਉਂਦਾ ਹੈ ਤੇ ਇਸ ਨਜ਼ਰੀਏ ਤੋਂ ਸਾਧਾਰਣ ਵਿਅਕਤੀ ਦੀ ਜੀਵਨੀ ਵਧੇਰੇ ਪ੍ਰੇਰਣਾਦਾਇਕ ਵੀ ਹੋ ਸਕਦੀ ਹੈ। ਲੇਖਕ ਨੇ ਇਹ ਪੁਸਤਕ ਆਪਣੇ ਬੱਚਿਆਂ ਦੀ ਜਾਣਕਾਰੀ ਲਈ ਲਿਖੀ ਹੈ। ਇਸ ਪੁਸਤਕ ਨੂੰ ਪੜ੍ਹਨ ਤੋਂ ਬਾਅਦ ਇਹੀ ਲਗਦਾ ਹੈ ਕਿ ਸਾਧਾਰਣ ਵਿਅਕਤੀ ਵਿਚ ਵੀ ਬਹੁਤ ਕੁਝ ਵਿਸ਼ੇਸ਼ ਹੁੰਦਾ ਹੈ। ਪਾਠਕ ਨੂੰ ਅਨੁਭਵ ਤੇ ਗਿਆਨ ਪੱਖੋਂ ਸਮਰਿਧ ਬਣਾ ਸਕਣ ਦੇ ਯੋਗ ਹੁੰਦਾ ਹੈ। ਦੂਸਰੇ ਜਦੋਂ ਕੋਈ ਵਿਅਕਤੀ ਆਪਣੇ ਜੀਵਨ ਬਾਰੇ ਲਿਖਦਾ ਹੈ ਤਾਂ ਸੁਭਾਵਿਕ ਹੈ ਕਿ ਮਨੁੱਖ ਸਮਾਜ ਵਿਚ ਵਿਚਰਦਾ ਹੋਣ ਕਰਕੇ ਸਮਾਜ ਬਾਰੇ ਆਪਣੇ ਪ੍ਰਭਾਵ ਵੀ ਦਰਜ ਕਰਦਾ ਹੈ ਤੇ ਹਰ ਇਕ ਦਾ ਆਪਣਾ ਵੱਖਰਾ ਨਜ਼ਰੀਆ ਵੀ ਇਸ ਵਿਚ ਸ਼ਾਮਲ ਹੁੰਦਾ ਹੈ। ਇਸ ਲਈ ਜਦੋਂ ਪਾਠਕ

ਲੇਖਕ ਦੇ ਨਜ਼ਰੀਏ ਤੋਂ ਵੀ ਸਮਾਜ ਨੂੰ ਵੇਖਦਾ ਹੈ ਤਾਂ ਉਸ ਕੋਲ ਆਪਣਾ ਤੇ ਲੇਖਕ ਦਾ ਨਜ਼ਰੀਆ ਮਿਲ ਕੇ ਸਮਾਜ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ/ਵੇਖਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ।

ਲੇਖਕ ਦੁਆਬੇ ਦਾ ਜੰਮਪਲ ਹੈ ਤੇ ਦਲਿਤ ਭਾਈਚਾਰੇ ਨਾਲ ਸੰਬੰਧਿਤ ਹੈ। ਦਲਿਤ ਭਾਈਚਾਰੇ ਨਾਲ ਹੁੰਦੇ ਵਿਤਕਰੇ ਤੇ ਵਖਰੇਵੇਂ ਕੋਈ ਲੁਕੀ-ਛਿਪੀ ਗੱਲ ਨਹੀਂ। ਪਰ ਜਦੋਂ ਅਸੀਂ ਇਨ੍ਹਾਂ ਨੂੰ ਅੱਜ ਤੋਂ 70-80 ਸਾਲ ਪਹਿਲਾਂ ਦੇ ਸਮਾਜ ਵਿਚ ਅੱਜ ਤੋਂ ਵੀ ਵੱਧ ਵਖਰੇਵਿਆਂ ਦੇ ਵੇਰਵੇ ਇਸ ਪੁਸਤਕ ਵਿਚੋਂ ਪੜ੍ਹਦੇ ਹਾਂ ਤਾਂ ਉਸ ਵੇਲੇ ਦੇ ਸਮਾਜ ਬਾਰੇ ਇਨ੍ਹਾਂ ਵਖਰੇਵਿਆਂ ਬਾਰੇ ਵਧੇਰੇ ਸ਼ਿਦਤ ਨਾਲ ਮਹਿਸੂਸ ਹੁੰਦਾ ਹੈ। ਜਦੋਂ ਉਹ ਆਪਣੀ ਨੌਕਰੀ ਦੇ ਸਿਲਸਿਲੇ ਵਿਚ ਰੇਲਵੇ ਮੁਲਾਜ਼ਮ ਬਣ ਕੇ ਰਾਜਸਥਾਨ ਦੇ ਮਾਰਵਾੜ ਇਲਾਕੇ ਵਿਚ ਜਾਂਦਾ ਹੈ ਤਾਂ ਉਥੋਂ ਦੇ ਸਮਾਜ ਵਿਚ ਇਹ ਵਖਰੇਵੇਂ ਤੇ ਵਿਤਕਰੇ ਵਧੇਰੇ ਉਭਰਵੇਂ ਰੂਪ ਵਿਚ ਨਜ਼ਰ ਆਉਂਦੇ ਹਨ। ਬਪਚਨ ਤੋਂ ਲੈ ਕੇ ਸਾਰੀ ਉਮਰ ਇਨ੍ਹਾਂ ਵਿਤਕਰਿਆਂ ਕਰਕੇ ਲੇਖਕ ਦੀ ਮਾਨਸਿਕਤਾ ਇਕ ਵਿਸ਼ੇਸ਼ ਸੁਭਾਅ ਦੀ ਧਰਨੀ ਹੈ। ਉਸ ਕੋਲ ਆਪਣੇ ਨਾਲ ਹੋਣ ਵਾਲੀਆਂ ਜ਼ਿਆਦਤੀਆਂ ਦਾ ਵਿਰੋਧ ਕਰਨ ਦੀ ਥਾਂ ਬਰਦਾਸ਼ਤ ਕਰਨ ਦੀ ਬਿਰਤੀ ਭਾਰੂ ਹੈ। ਇਹ ਸਿਰਫ਼ ਇਕ ਵਿਅਕਤੀ ਦੇ ਪ੍ਰਸੰਗ ਵਿਚ ਨਹੀਂ ਸਗੋਂ ਸਮੁੱਚੇ ਦਲਿਤ ਸਮਾਜ ਦੇ ਪ੍ਰਸੰਗ ਵਿਚ ਵੀ ਉਸ ਵੇਲੇ ਦਾ ਸਮਾਜਕ ਯਥਾਰਥ ਹੈ। ਦੂਸਰੇ, ਲੇਖਕ ਨੇ ਨੌਕਰੀ ਦੌਰਾਨ ਆਪਣਾ ਸਾਰਾ ਸਮਾਂ ਪੰਜਾਬ ਤੋਂ ਬਾਹਰ ਗੁਜ਼ਾਰਿਆ ਹੈ ਅਤੇ ਜਦੋਂ ਉਹ ਤਕਰੀਬਨ ਪੰਜ ਦਹਾਕਿਆਂ ਬਾਅਦ ਪੰਜਾਬੀ ਵਿਚ ਲਿਖਦਾ ਹੈ ਤਾਂ ਉਸਦੀ ਪੰਜਾਬੀ ਦਾ ਸਰੂਪ, ਸ਼ਬਦਾਵਲੀ ਵੀ ਉਸ ਵੇਲੇ ਦੀ ਹੋਣ ਕਰਕੇ ਪਾਠਕ ਨੂੰ ਖਿੱਚ ਪਾਉਂਦੀ ਹੈ। ਸਮੁੱਚੇ ਰੂਪ ਵਿਚ ਇਹ ਪੁਸਤਕ ਸਾਧਾਰਣ ਵਿਅਕਤੀ ਦੀ ਸ੍ਵੈ-ਜੀਵਨੀ ਹੋਣ ਦੇ ਬਾਵਜੂਦ ਆਪਣੀ ਪੜ੍ਹਨਯੋਗਤਾ ਤੇ ਸਮਾਜ ਦੀ ਪੇਸ਼ਕਾਰੀ ਕਰਨ ਕਰਕੇ ਸਾਧਾਰਣ ਨਹੀਂ ਰਹਿ ਜਾਂਦੀ, ਇਕ ਸਮਾਜਕ ਦਸਤਾਵੇਜ਼ ਬਣ ਜਾਂਦੀ ਹੈ, ਇਹੀ ਇਸ ਪੁਸਤਕ ਦੀ ਵਿਸ਼ੇਸ਼ਤਾ ਹੈ।


**ਕੁਲਵੰਤ ਸਿੰਘ ਸੰਧੂ**


ਪੁਸਤਕ '**ਲੰਮੇ ਪੈਂਡਿਆਂ ਦਾ ਪਾਂਧੀ**' ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ। **- ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ:ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਪੰਨੇ:** 320 **ਮੁੱਲ:** 280/-




ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ
ਸਫ਼ੇ: 208 ਕੀਮਤ: 300/-

ਡਾ. ਰਜਨੀਸ਼ ਬਹਾਦਰ ਸਿਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿਘ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖੋ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖੁਦਮੁਖਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਾਰਨ ਡਾ. ਰਜਨੀਸ਼ ਬਹਾਦਰ ਸਿਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ।

-ਸੁਕੀਰਤ

# ਸੰਤੋਖ ਧਾਲੀਵਾਲ ਦਾ ਗਲਪ ਸੰਸਾਰ



ਸੰਤੋਖ ਧਾਲੀਵਾਲ ਪੱਛਮੀ ਜੀਵਨ ਵਰਤਾਰੇ ਨੂੰ ਗਤੀਸ਼ੀਲ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ। ਉਹ ਰਚਨਾ ਵਸਤ ਅਨੁਸਾਰ ਉਸ ਦੀ ਵਿਧਾ ਦੀ ਘਾੜਤ ਬਣਾਉਂਦਾ ਹੈ ਇਸ ਲਈ ਉਹ ਕਹਾਣੀ ਤੋਂ ਨਾਵਲ ਤਕ ਦੀ ਸਿਰਜਣਕਾਰੀ ਦਾ ਸਫ਼ਰ ਤੈਅ ਕਰਦਾ ਹੈ। ਉਸ ਦਾ ਸਿਰਜਣੀ ਸੰਸਾਰ ਪ੍ਰਵਾਸ ਦੇ ਵਰਤਾਰੇ ਦੇ ਗਲੈਮਰ ਤੋਂ ਲੈ ਕੇ ਰਿਸ਼ਤਿਆਂ ਦੇ ਆਦਰਸ਼ ਦੀ ਤਿੜਕਣ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਉਸ ਦੀ ਮੁਹਾਵਰੇਦਾਰ ਭਾਸ਼ਾ ਉਸ ਦੀ ਸਿਰਜਣਕਾਰੀਦ ੀਂ ਵਲੱਖਣਤਾਹੈ ਕਿ_ਸਦ`ਰ ਚਨਾਸ ਸਾਰਨੂੰ ੳ_ਸਦ ੇਆਂਗ ਲਪਰ ਚਨਾਵਾਂਦ`ਸ ਮੁੱਚ ਵਿਚੋਂ ਸਮਝਿਆ ਜਾ ਸਕਦਾ ਹੈ। *-ਡਾ. ਕੁਲਵੰਤ ਸਿਘ ਸੰਧੂ*



ਮਾਝਾ ਕਾਲਜ ਫ਼ਾਰ ਵੂਮੈਨ, ਤਰਨ ਤਾਰਨ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ
ਨੋਟ: ਸਾਰੇ ਕੋਰਸਾਂ ਵਿੱਚ ਸੈਸ਼ਨ 2022-23 ਲਈ ਰਜਿਸਟ੍ਰੇਸ਼ਨ/ਅਡਵਾਂਸ ਬੁਕਿੰਗ ਸ਼ੁਰੂ
• ਕੇਂਦਰ/ਪੰਜਾਬ ਸਰਕਾਰ ਵੱਲੋਂ SC, BC ਅਤੇ ਘੱਟ ਗਿਣਤੀ (ਮਨਿਊਰਿਟੀ) ਵਿਦਿਆਰਥੀਆਂ ਲਈ ਵਜ਼ੀਫੇ ਦੀ ਸਹੂਲਤ।
• ਯੂਨੀਵਰਸਿਟੀ ਮੈਰਿਟ ਹੋਲਡਰ ਵਿਦਿਆਰਥੀਆਂ ਨੂੰ ਫੀਸਾਂ ਵਿਚ ਰਿਆਇਤ।
ਚੱਲ ਰਹੇ ਕੋਰਸ
• +1, +2 ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਗਰੁੱਪ
• ਬੀ.ਏ. • ਬੀ.ਐੱਸ-ਸੀ. (ਇਕਨਾਮਿਕਸ) • ਬੀ.ਐੱਸ.ਸੀ. (ਕੰਪਿ. ਸਾਇੰਸ)
• ਬੀ.ਐੱਸ-ਸੀ. (ਨਾਨ-ਮੈਡੀਕਲ) • ਬੀ.ਐੱਸ.ਸੀ. (ਫੈਸ਼ਨ ਡਿਜ਼ਾਈਨਿੰਗ)
• ਬੀ.ਕਾਮ. • ਬੀ.ਬੀ.ਏ. • ਬੀ.ਸੀ.ਏ.
• ਪੀ.ਜੀ.ਡੀ.ਸੀ.ਏ. • ਐੱਮ.ਏ. (ਪੰਜਾਬੀ) • ਐੱਮ.ਐੱਸ.ਸੀ. (ਕੰਪਿ. ਸਾਇੰਸ)
• ਡਿਪਲੋਮਾ ਇਨ ਕੋਸਮੈਟੋਲਾਜੀ
ਵਿਸ਼ੇਸ਼ਤਾਵਾਂ
• ਬੱਸਾਂ ਦੀ ਸਹੂਲਤ
• ਤਜਰਬੇਕਾਰ ਸਟਾਫ਼
• ਸੈਮੀਨਾਰ ਰੂਮ
• ਜਨਰੇਟਰ ਦੀ ਸਹੂਲਤ
• ਵਿਸ਼ਾਲ ਲਾਇਬ੍ਰੇਰੀ
• ਨਵੀਂ ਸ਼ਾਨਦਾਰ ਆਧੁਨਿਕ ਬਿਲਡਿੰਗ
• ਕੁਆਲਟੀ ਐਜੂਕੇਸ਼ਨ ਉੱਤੇ ਜ਼ੋਰ
• ਅਲਟਰਾ ਮਾਡਰਨ ਸਾਇੰਸ, ਫੈਸ਼ਨ ਡਿਜ਼ਾਇਨਿੰਗ, ਕੋਸਮੈਟੋਲਾਜੀ ਅਤੇ ਕੰਪਿਊਟਰ ਲੈਬ
• ਕੰਟੀਨ • ਘੱਟ ਫੀਸਾਂ
• ਖੁੱਲੀਆਂ ਗਰਾਊਂਡਾਂ • WI-FI ਕੈਂਪਸ
ਕਾਲਜ ਬੱਸਾਂ ਦੇ ਰੂਟ
ਅੰਮ੍ਰਿਤਸਰ, ਤਰਨ ਤਾਰਨ,
ਨੇੜੇ ਬਾਬਾ ਦੀਪ ਸਿੰਘ ਗੇਟ, ਤਰਨ ਤਾਰਨ
E-mail :mcwtarntaran@ymail.com Website : www.majhacollegeforwomen.in (Principal Off.) 98764-82175
ਅਮਨਪ੍ਰੀਤ ਕੌਰ
Mob.: 9646882940
ਹਰਮਿੰਦਰ ਕੌਰ
Mob.: 9914489959
ਡਾ. ਹਰਦੀਪ ਕੌਰ
ਪ੍ਰਿੰਸੀਪਲ